ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 455 August 23, 2024 E-mail : info@pardestimes.com Ph 510-938-7771

## ਭਾਜਪਾ ਨੇ ਰਵਨੀਤ ਸਿੰਘ ਬਿੱਟੂ ਨੂੰ ਰਾਜਸਥਾਨ ਤੋਂ ਉਮੀਦਵਾਰ ਐਲਾਨਿਆ

ਨਵੀਂ ਦਿੱਲੀ- ਭਾਜਪਾ ਨੇ ਆਗਾਮੀ 3 ਸਤੰਬਰ ਨੂੰ ਹੋਣ ਵਾਲੀਆਂ ਰਾਜ ਸਭਾ ਜ਼ਿਮਨੀ ਚੋਣਾਂ ਲਈ ਕੇਂਦਰੀ ਮੰਤਰੀਆਂ ਰਵਨੀਤ ਸਿੰਘ ਬਿੱਟੂ ਨੂੰ ਰਾਜਸਥਾਨ ਅਤੇ ਜੌਰਜ ਕੁਰੀਅਨ ਨੂੰ ਮੱਧ ਪ੍ਰਦੇਸ਼ ਤੋਂ ਉਮੀਦਵਾਰ ਐਲਾਨਿਆ ਹੈ। ਇਸ ਤੋਂ ਇਲਾਵਾ ਪਾਰਟੀ ਨੇ ਬੀਜੇਡੀ ਤੇ ਕਾਂਗਰਸ ਛੱਡ ਕੇ ਭਾਜਪਾ 'ਚ ਆਈਆਂ ਮਹਿਲਾ ਆਗੂ ਮਮਤਾ ਮੋਹੰਤਾ ਤੇ ਕਿਰਨ ਚੌਧਰੀ ਨੂੰ ਕ੍ਰਮਵਾਰ ਉੜੀਸਾ ਅਤੇ ਹਰਿਆਣਾ ਤੋਂ ਉਮੀਦਵਾਰ ਬਣਾਇਆ ਹੈ।



ਭਾਜਪਾ ਨੇ 9 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ ਜਿਸ ਮੁਤਾਬਕ ਮਨਨ ਕੁਮਾਰ ਮਿਸ਼ਰਾ ਬਿਹਾਰ ਤੋਂ ਜਦਕਿ ਧੈਰਯਸ਼ਿਲ ਪਾਟਿਲ ਮਹਾਰਾਸ਼ਟਰ ਅਤੇ ਰਾਜੀਵ ਭੱਟਾਚਾਰੀਆ ਤ੍ਰਿਪੁਰਾ ਤੋਂ ਜ਼ਿਮਨੀ ਚੋਣ ਲੜਨਗੇ। ਭੱਟਾਚਾਰੀਆ ਭਾਜਪਾ ਦੀ ਤ੍ਰਿਪੁਰਾ ਇਕਾਈ ਦੇ ਪ੍ਰਧਾਨ ਹਨ। ਭਾਜਪਾ ਨੇ ਐਮ। ਰੰਜਨ ਦਾਸ ਅਤੇ ਸਾਬਕਾ ਕੇਂਦਰੀ ਮੰਤਰੀ ਰਾਮੇਸ਼ਵਰ ਤੇਲੀ ਨੂੰ ਅਸਾਮ ਤੋਂ ਉਮੀਦਵਾਰ ਬਣਾਇਆ ਹੈ। ਦੱਸਣਯੋਗ ਹੈ ਕਿ ਨੌਂ ਸੂਬਿਆਂ 'ਚ ਖਾਲੀ 12 ਰਾਜ ਸਭਾ ਸੀਟਾਂ ਲਈ ਚੋਣਾਂ 3 ਸਤੰਬਰ ਨੂੰ ਹੋਣੀਆਂ ਹਨ। ਇਨ੍ਹਾਂ ਵਿੱਚੋਂ 10 ਸੀਟਾਂ ਮੌਜੂਦਾ ਮੈਂਬਰਾਂ, ਜਿਨ੍ਹਾਂ ਵਿੱਚ ਕੇਂਦਰੀ ਮੰਤਰੀ ਪਿਊਸ਼ ਗੋਇਲ, ਸਰਬਾਨੰਦ ਸੋਨੋਵਾਲ ਅਤੇ ਜਯੋਤਿਰਦਿੱਤਿਆ ਸਿੰਧੀਆ ਸ਼ਾਮਲ ਹਨ, ਦੇ ਲੋਕ ਸਭਾ ਲਈ ਚੁਣੇ ਮਗਰੋਂ ਖਾਲੀ ਹੋਈਆਂ ਹਨ। ਤਿੰਲਗਾਨਾ ਤੇ ਉੜੀਸਾ 'ਚ ਦੋ ਸੀਟਾਂ 'ਤੇ ਜ਼ਿਮਨੀ ਚੋਣ ਹੋਣੀ ਹੈ। ਲੁਧਿਆਣਾ ਤੋਂ ਲੋਕ ਸਭਾ ਚੋਣ ਹਾਰੇ ਰਵਨੀਤ ਸਿੰਘ ਬਿੱਟੂ ਨੇ ਭਾਜਪਾ ਵੱਲੋਂ ਉਨ੍ਹਾਂ ਨੂੰ ਰਾਜਸਥਾਨ ਰਾਜ ਸਭਾ ਉਮੀਦਵਾਰ ਬਣਾਉਣ ਲਈ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਹੈ। ਬਿੱਟੂ ਨੇ ਐਕਸ 'ਤੇ ਲਿਖਿਆ, ''ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਪਾਰਟੀ ਪ੍ਰਧਾਨ ਜੇਪੀ ਨੱਢਾ ਤੇ ਹੋਰ ਲੀਡਰਸ਼ਿਪ ਦਾ ਧੰਨਵਾਦੀ ਹਾਂ, ਜਿਨ੍ਹਾਂ ਮੈਨੂੰ ਰਾਜਸਥਾਨ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਕਾਂਗਰਸ ਨੇ ਹਰਿਆਣਾ ਤੋਂ ਰਾਜ ਸਭਾ ਜ਼ਿਮਨੀ ਚੋਣ 'ਚ ਉਮੀਦਵਾਰ ਨਾ ਉਤਾਰਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਪਿੱਛੇ ਕਾਰਨ ਕਾਂਗਰਸ ਕੋਲ ਸੂਬੇ 'ਚ ਵਿਧਾਇਕਾਂ ਦੀ ਗਿਣਤੀ ਦਾ ਘੱਟ ਹੋਣਾ ਦੱਸਿਆ ਜਾ ਰਿਹਾ ਹੈ। ਅਜਿਹੇ ਦੌਰਾਨ ਇਸ ਸੀਟ ਤੋਂ ਭਾਜਪਾ ਉਮੀਦਵਾਰ ਕਿਰਨ ਚੌਧਰੀ ਦੀ ਜਿੱਤ ਲਗਭਗ ਤੈਅ ਮੰਨੀ ਜਾ ਰਹੀ ਹੈ। ਦੂਜੇ ਪਾਸੇ ਸਾਬਕਾ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਦੋਸ਼ ਲਾਇਆ ਹੈ ਕਿ ਇਸ ਰਾਜ ਸਭਾ ਸੀਟ ਨੂੰ ਲੈ ਕੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਅਤੇ ਭਾਜਪਾ ਵਿਚਾਲੇ ਮਿਲੀਭੁਗਤ ਹੈ।

# ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਮੈਦਾਨ ਭਖਿਆ

## ਕਮਲਾ ਹੈਰਿਸ ਇਤਿਹਾਸਕ ਰਾਸ਼ਟਰਪਤੀ ਹੋਵੇਗੀ: ਬਾਇਡਨ

ਸ਼ਿਕਾਗੋ- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਡੈਮੋਕਰੈਟਿਕ ਪਾਰਟੀ ਦੀ ਕਮਾਨ ਅਧਿਕਾਰਤ ਤੌਰ 'ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਸੌਂਪਦਿਆਂ ਕਿਹਾ ਕਿ ਉਹ ਇੱਕ 'ਇਤਿਹਾਸਕ ਰਾਸ਼ਟਰਪਤੀ' ਸਾਬਤ ਹੋਵੇਗੀ। ਉਨ੍ਹਾਂ ਨੇ ਅਮਰੀਕੀ ਵੋਟਰਾਂ ਨੂੰ ਜਮਹੂਰੀਅਤ ਬਚਾਉਣ ਲਈ ਕਮਲਾ ਹੈਰਿਸ ਦੇ ਸਮਰਥਨ ਦੀ ਅਪੀਲ ਵੀ ਕੀਤੀ ਅਤੇ ਡੋਨਲਡ ਟਰੰਪ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਨੂੰ ਇੱਕ ਅਸਫਲ ਰਾਸ਼ਟਰਪਤੀ ਕਰਾਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ (ਟਰੰਪ) ਨੂੰ 2024 'ਚ ਔਰਤਾਂ ਦੀ ਤਾਕਤ ਦਾ ਪਤਾ ਲੱਗੇਗਾ। ਬਾਇਡਨ (81) ਨੇ ਇਹ ਟਿੱਪਣੀਆਂ ਸ਼ਿਕਾਗੋ ਵਿੱਚ ਸੋਮਵਾਰ ਰਾਤ ਨੂੰ ਚਾਰ ਰੋਜ਼ਾ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ 'ਚ ਕੀਤੀਆਂ। ਕਮਲਾ ਹੈਰਿਸ (59) ਵੀਰਵਾਰ ਨੂੰ ਅਧਿਕਾਰਤ ਤੌਰ 'ਤੇ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰੀ ਸਵੀਕਾਰ ਕਰੇਗੀ। ਇਸ ਸਾਲ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਉਨ੍ਹਾਂ ਦਾ ਮੁਕਾਬਲਾ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ (78) ਨਾਲ ਹੋਵੇਗਾ।



ਬਾਇਡਨ ਨੇ ਕਨਵੈਨਸ਼ਨ ਮੌਕੇ ਹਾਜ਼ਰ ਆਗੂਆਂ ਤੇ ਵਰਕਰਾਂ ਨੂੰ ਪੁੱਛਿਆ, ''ਕੀ ਤੁਸੀਂ ਕਮਲਾ ਹੈਰਿਸ ਨੂੰ ਦੇਸ਼ ਦੀ ਸਦਰ ਚੁਣਨ ਲਈ ਤਿਆਰ ਹੋ?'' ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਕਮਲਾ ਹੈਰਿਸ ਦੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਆਖਿਆ ਕਿ ਕਮਲਾ ਹੈਰਿਸ ਇੱਕ 'ਇਤਿਹਾਸਕ ਰਾਸ਼ਟਰਪਤੀ' ਸਾਬਤ ਹੋਵੇਗੀ। ਉਨ੍ਹਾਂ ਕਿਹਾ, ''ਉਹ (ਕਮਲਾ ਹੈਰਿਸ) ਆਲਮੀ ਆਗੂਆਂ ਵੱਲੋਂ ਸਨਮਾਨਿਤ ਰਾਸ਼ਟਰਪਤੀ ਹੋਵੇਗੀ ਕਿਉਂਕਿ ਉਸ ਦਾ ਪਹਿਲਾਂ ਹੀ ਕਾਫ਼ੀ ਸਨਮਾਨ ਹੈ।

ਪੰਜਾਬੀ ਦਾ ਇਕੋ-ਇਕ ਅਖਬਾਰ, ਜੋ ਛਪ ਵੀ ਰਿਹਾ ਹੈ ਅਤੇ ਆਨਲਾਈਨ ਵੀ ਪ੍ਰਕਾਸ਼ਿਤ ਹੋ ਰਿਹਾ ਹੈ।
ਆਪਣੇ ਬਿਜਨਸ ਦੇ ਪ੍ਰਚਾਰ ਲਈ ਸੰਪਰਕ ਕਰੋ:-
ਬਲਬੀਰ ਸਿੰਘ ਐਮ. ਏ. (ਸੰਪਾਦਕ)
510-938-7771

## ਹੈਰਿਸ ਤੋਂ ਕਿਤੇ ਜ਼ਿਆਦਾ ਵਧੀਆ ਦਿਸਦਾ ਹਾਂ-ਟਰੰਪ

### ਕਮਲਾ ਹੈਰਿਸ ਕੋਲ ਅਮਰੀਕਾ ਨੂੰ ਅੱਗੇ ਲਿਜਾਣ ਦਾ ਹੁਨਰ ਤੇ ਨਜ਼ਰੀਆ: ਹਿਲੇਰੀ

ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਸੋਮਵਾਰ ਨੂੰ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਕੋਲ ਅਮਰੀਕਾ ਨੂੰ ਅੱਗੇ ਲਿਜਾਣ ਦਾ ਹੁਨਰ, ਤਜਰਬਾ ਅਤੇ ਨਜ਼ਰੀਆ ਮੌਜੂਦ ਹੈ। ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਦੌਰਾਨ ਹਿਲੇਰੀ ਨੇ ਆਖਿਆ, ''ਕਮਲਾ ਕੋਲ ਹੁਨਰ, ਤਜਰਬਾ ਅਤੇ ਨਜ਼ਰੀਆ ਹੈ। ਮੈਂ ਉਸ (ਕਮਲਾ) ਦੇ ਦਿਲ ਤੇ ਸਮਰਪਣ ਤੋਂ ਵਾਕਿਫ਼ ਹਾਂ। ਅਸੀਂ ਦੋਵਾਂ ਨੇ ਆਪਣਾ ਕਰੀਅਰ ਸ਼ੋਸ਼ਣ ਜਾਂ ਨਜ਼ਰਅੰਦਾਜ਼ੀ ਦਾ ਸ਼ਿਕਾਰ ਬੱਚਿਆਂ ਦੀ ਮਦਦ ਕਰਨ ਵਾਲੀਆਂ ਵਕੀਲਾਂ ਵਜੋਂ ਸ਼ੁਰੂ ਕੀਤਾ ਸੀ। ਅਜਿਹਾ ਕੰਮ ਤੁਹਾਨੂੰ ਬਦਲ ਦਿੰਦਾ ਹੈ।''



### ਟਰੰਪ ਵੱਲੋਂ ਹੈਰਿਸ 'ਤੇ ਨਿੱਜੀ ਹਮਲੇ ਜਾਰੀ

ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਆਪਣੀ ਵਿਰੋਧੀ ਡੈਮੋਕਰੈਟਿਕ ਪਾਰਟੀ ਦੀ ਕਮਲਾ ਹੈਰਿਸ ਖ਼ਿਲਾਫ਼ ਨਿੱਜੀ ਹਮਲਾ ਕਰਦਿਆਂ ਕਿਹਾ ਕਿ ਉਹ 'ਉਸ ਤੋਂ ਕਿਤੇ ਜ਼ਿਆਦਾ ਵਧੀਆ ਦਿਖਦੇ ਹਨ।' ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੇ ਸ਼ਨਿਚਰਵਾਰ ਨੂੰ ਪੈਨਸਿਲਵੇਨੀਆ 'ਚ ਇਕ ਰੈਲੀ ਦੌਰਾਨ ਇਹ ਟਿੱਪਣੀ ਕੀਤੀ। ਟਰੰਪ ਨੇ 'ਟਾਈਮ' ਮੈਗਜ਼ੀਨ ਦੇ ਕਵਰ ਦਾ ਹਵਾਲਾ ਦਿੱਤਾ ਜਿਸ 'ਚ ਉਪ ਰਾਸ਼ਟਰਪਤੀ ਹੈਰਿਸ ਨੂੰ ਦਿਖਾਇਆ ਗਿਆ ਹੈ।

ਟਰੰਪ (78) ਨੇ 'ਟਾਈਮ' ਮੈਗਜ਼ੀਨ ਦੇ ਚਿੱਤਰਕਾਰ ਵੱਲੋਂ ਹੈਰਿਸ (59) ਦੀ ਤਸਵੀਰ ਨਾਲ 'ਵਧੇਰੇ ਦਰਿਆਦਿਲੀ' ਦਿਖਾਉਣ ਦੀ ਆਲੋਚਨਾ ਕਰਦਿਆਂ ਕਿਹਾ, ''ਮੈਂ ਉਸ ਤੋਂ ਕਿਤੇ ਜ਼ਿਆਦਾ ਵਧੀਆ ਦਿਖਦਾ ਹਾਂ।'' ਟਰੰਪ ਪਿਛਲੀਆਂ ਰੈਲੀਆਂ 'ਚ ਵੀ ਇਸੇ ਤਰ੍ਹਾਂ ਦੀਆਂ ਟਿੱਪਣੀਆਂ ਕਰ ਚੁੱਕੇ ਹਨ। ਸਾਬਕਾ ਰਾਸ਼ਟਰਪਤੀ ਨੇ ਕਿਹਾ, ''ਟਾਈਮ ਮੈਗਜ਼ੀਨ ਕੋਲ ਹੈਰਿਸ ਦੀ ਕੋਈ ਤਸਵੀਰ ਨਹੀਂ ਹੈ। ਉਨ੍ਹਾਂ ਕੋਲ ਇਕ ਵਧੀਆ ਕਲਾਕਾਰ ਹੈ ਜੋ ਉਨ੍ਹਾਂ ਦੀਆਂ ਤਸਵੀਰਾਂ ਬਣਾ ਰਿਹਾ ਹੈ। ਉਨ੍ਹਾਂ ਬਹੁਤ ਸਾਰੀਆਂ ਤਸਵੀਰਾਂ ਲਈਆਂ ਜੋ ਕੰਮ ਨਹੀਂ ਆਈਆਂ, ਇਸ ਲਈ ਉਨ੍ਹਾਂ ਸਕੈਚ ਕਲਾਕਾਰ ਨੂੰ ਕੰਮ 'ਤੇ ਰੱਖਿਆ।'' ਟਰੰਪ ਨੇ ਹੈਰਿਸ 'ਤੇ ਉਸ ਦੀਆਂ ਆਰਥਿਕ ਨੀਤੀਆਂ ਨੂੰ ਲੈ ਕੇ ਵੀ ਨਿਸ਼ਾਨਾ ਬਣਾਇਆ। ਉਨ੍ਹਾਂ ਪਿਛਲੇ ਹਫ਼ਤੇ ਕਿਹਾ ਸੀ ਕਿ ਹੈਰਿਸ 'ਤੇ ਨਿੱਜੀ ਤੌਰ 'ਤੇ ਹਮਲੇ ਕਰਨ ਦਾ ਉਨ੍ਹਾਂ ਨੂੰ ਪੂਰਾ ਹੱਕ ਹੈ।

MST INS SERV INC
Long Haul
A Rated Market
Licensed

Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Turning 65 Years Old?

If you've got questions, I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com


BOLLYWOOD EVENTS
WORLD OF DIVINE VASTU
FOREVER
GURDAS MAAN
SHARMA ENTERTAINMENT
PRAVEEN SINGH
ਅੱਖੀਆਂ ਉਡੀਕਦੀਆਂ
VOHRA BROTHERS
FAST 'N' ESY
DESIGNED BY HV PRODUCTION
GBL
GINNY BEDI LAW
The Legend is Back!
For Unforgettable Night of Music and Cultural Celebration.
SUN • OCT 13TH, 2024
DOORS OPEN 6:30PM | SHOW STARTS 7PM
FRESNO
WARNORS THEATRE
1400 FULTON ST, FRESNO, CA 93721, UNITED STATES
TO BOOK A SHOW IN YOUR CITY CALL
BIKRAM J SINGH
669-265-4603
AKASH SHARMA
209-750-5303
PRAVEEN SINGH
209-587-1902

ਕੋਲਕਾਤਾ ਡਾਕਟਰ ਬਲਾਤਕਾਰ ਤੇ ਹੱਤਿਆ ਮਾਮਲਾ

# ਸੁਪਰੀਮ ਕੋਰਟ ਨੇ ਕੇਸ ਦਰਜ ਕਰਨ 'ਚ ਦੇਰ ਲਈ ਸਰਕਾਰ ਨੂੰ ਝਾੜਿਆ

ਨਵੀਂ ਦਿੱਲੀ- ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਨੂੰ ਭਿਆਨਕ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਅੱਜ ਪੱਛਮੀ ਬੰਗਾਲ ਸਰਕਾਰ ਨੂੰ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਵਿੱਚ ਦੇਰ ਲਈ ਝਾੜਿਆ। ਇਸ ਦੇ ਨਾਲ ਸੁਪਰੀਮ ਕੋਰਟ ਨੇ ਪ੍ਰਦਰਸ਼ਨ ਕਰ ਰਹੇ ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਡਾਕਟਰਾਂ ਅਤੇ ਸਿਹਤ ਪੇਸ਼ੇਵਰਾਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਕੌਮੀ ਪ੍ਰੋਟੋਕੋਲ ਤਿਆਰ ਕਰਨ ਲਈ 10 ਮੈਂਬਰੀ ਟਾਸਕ ਫੋਰਸ ਕਾਇਮ ਕੀਤੀ ਹੈ। ਇਹ ਟਾਸਕ ਫੋਰਸ ਆਪਣੀ ਅੰਤਰਿਮ ਰਿਪੋਰਟ ਤਿੰਨ ਹਫ਼ਤਿਆਂ ਵਿੱਚ ਅਤੇ ਅੰਤਿਮ ਰਿਪੋਰਟ ਦੋ ਮਹੀਨਿਆਂ ਵਿੱਚ ਸੌਂਪੇਗੀ। ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਘਟਨਾ ਪੂਰੇ ਭਾਰਤ ਵਿੱਚ ਡਾਕਟਰਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਅਦਾਲਤ ਨੇ ਸੀਆਈਐੱਸਐੱਫ ਨੂੰ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਸੁਰੱਖਿਆ ਮੁਹੱਈਆ ਕਰਾਉਣ ਦਾ ਹੁਕਮ ਦਿੱਤਾ। ਡਾਕਟਰ ਬਲਾਤਕਾਰ ਤੇ ਹੱਤਿਆ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ 22 ਅਗਸਤ ਨੂੰ ਹੋਵੇਗੀ।




ਚੀਫ਼ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਇਸ ਘਟਨਾ ਦਾ ਖ਼ੁਦ ਨੋਟਿਸ ਲੈਂਦਿਆਂ ਕਿਹਾ ਕਿ ਜੇ ਔਰਤਾਂ ਕੰਮ 'ਤੇ ਨਹੀਂ ਜਾ ਸਕਦੀਆਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਸੁਰੱਖਿਅਤ ਨਹੀਂ ਹਨ, ਤਾਂ ਅਸੀਂ ਉਨ੍ਹਾਂ ਨੂੰ ਬਰਾਬਰੀ ਦੇਣ ਤੋਂ ਇਨਕਾਰ ਕਰ ਰਹੇ ਹਾਂ। ਬਲਾਤਕਾਰ-ਕਤਲ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਵਿੱਚ ਦੇਰੀ ਲਈ ਪੱਛਮੀ ਬੰਗਾਲ ਸਰਕਾਰ ਦੀ ਆਲੋਚਨਾ ਕਰਦੇ ਹੋਏ ਸੁਪਰੀਮ ਕੋਰਟ ਨੇ ਪੁੱਛਿਆ ਕਿ ਹਸਪਤਾਲ ਦੇ ਅਧਿਕਾਰੀ ਕੀ ਕਰ ਰਹੇ ਸਨ? ਬੈਂਚ ਵਿੱਚ ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ। ਬੈਂਚ ਨੇ ਕਿਹਾ, "ਅਜਿਹਾ ਲੱਗਦਾ ਹੈ ਕਿ ਇਸ ਅਪਰਾਧ ਦਾ ਤੜਕੇ ਪਤਾ ਲੱਗਾ ਪਰ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਇਸ ਨੂੰ ਖੁਦਕੁਸ਼ੀ ਕਹਿਣ ਦੀ ਕੋਸ਼ਿਸ਼ ਕੀਤੀ ਅਤੇ ਬੈਂਚ ਨੇ ਕੋਲਕਾਤਾ ਪੁਲੀਸ ਨੂੰ ਵੀ ਝਾੜਿਆ ਅਤੇ ਪੁੱਛਿਆ ਕਿ ਹਜ਼ਾਰਾਂ ਲੋਕਾਂ ਦੀ ਭੀੜ ਨੇ ਆਰਜੀ ਮੈਡੀਕਲ ਕਾਲਜ 'ਚ ਕਿਵੇਂ ਦਾਖਲ ਹੋ ਗਈ।?

ਉਸ ਨੇ ਸਵਾਲ ਕੀਤਾ ਕਿ ਜਦੋਂ ਆਰਜੀ ਕਰ ਹਸਪਤਾਲ ਦੇ ਪ੍ਰਿੰਸੀਪਲ ਦਾ ਚਾਲ-ਚਲਣ ਜਾਂਚ ਦੇ ਘੇਰੇ ਵਿੱਚ ਹੈ ਤਾਂ ਉਸ ਨੂੰ ਤੁਰੰਤ ਕਿਸੇ ਹੋਰ ਕਾਲਜ ਵਿੱਚ ਕਿਵੇਂ ਨਿਯੁਕਤ ਕੀਤਾ ਗਿਆ।

# ਭਾਰਤ 'ਚ ਹਰ 16 ਮਿੰਟ ਬਾਅਦ ਇੱਕ ਔਰਤ ਨਾਲ ਹੁੰਦੈ ਜਬਰ -ਜਨਾਹ

ਜਲੰਧਰ- ਹਾਲ ਹੀ ਵਿੱਚ ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ (RG Kar Meidcal College) ਅਤੇ ਹਸਪਤਾਲ ਵਿੱਚ ਇੱਕ ਮਹਿਲਾ ਸਿਖਿਆਰਥੀ ਡਾਕਟਰ (trianee doctor) ਨਾਲ ਜਬਰ-ਜਨਾਹ ਅਤੇ ਕਤਲ (rape and murder) ਦੀ ਘਟਨਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਨਸਾਫ਼ ਦੀ ਮੰਗ ਕਰਦਿਆਂ ਜੂਨੀਅਰ ਡਾਕਟਰਾਂ ਨੇ ਕੰਮ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ। ਪੁਲਿਸ ਨੇ ਇਸ ਮਾਮਲੇ 'ਚ ਦੋਸ਼ੀ ਸੰਜੇ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਲਕੱਤਾ ਹਾਈ ਕੋਰਟ ਨੇ ਇਹ ਕੇਸ ਸੀਬੀਆਈ ਨੂੰ ਟਰਾਂਸਫਰ ਕਰ ਦਿੱਤਾ ਹੈ।

NCRB ਦੀ ਰਿਪੋਰਟ (NCRB report) ਦੇ ਅਨੁਸਾਰ, 'ਪਤੀ ਜਾਂ ਉਸਦੇ ਰਿਸ਼ਤੇਦਾਰਾਂ ਦੁਆਰਾ ਬੇਰਹਿਮੀ', 'ਔਰਤਾਂ ਨੂੰ ਅਗਵਾ ਕਰਨਾ ਅਤੇ ਜ਼ਬਰਦਸਤੀ ਲੈ ਜਾਣਾ', ('kidnapipng and foricbly taikng women',) 'ਔਰਤਾਂ 'ਤੇ ਹਮਲੇ' (assault on women) ਅਤੇ 'ਜਬਰ-ਜਨਾਹ' ('rape') ਵਰਗੇ ਮਾਮਲੇ ਔਰਤਾਂ ਵਿਰੁੱਧ ਅਪਰਾਧਿਕ ਮਾਮਲਿਆਂ ਵਿੱਚ ਵੱਡਾ ਹਿੱਸਾ ਹਨ।

NCRB ਦੀ ਰਿਪੋਰਟ ਦਰਸਾਉਂਦੀ ਹੈ ਕਿ 2022 ਵਿੱਚ ਭਾਰਤ ਵਿੱਚ ਔਰਤਾਂ ਵਿਰੁੱਧ 4,45,256 ਕੇਸ ਦਰਜ ਕੀਤੇ ਗਏ ਸਨ, ਜੋ ਹਰ ਘੰਟੇ ਵਿੱਚ 51 ਮਾਮਲਿਆਂ ਦੇ ਬਰਾਬਰ ਹੈ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿੱਚ ਨਾ ਸਿਰਫ਼ ਨਿਆਂਇਕ ਪ੍ਰਕਿਰਿਆ ਵਿੱਚ ਦੇਰੀ ਹੁੰਦੀ ਹੈ, ਸਗੋਂ ਸਜ਼ਾਵਾਂ ਦੀ ਦਰ ਵੀ ਬਹੁਤ ਘੱਟ ਹੁੰਦੀ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਪੁਲਿਸ ਅਤੇ ਨਿਆਂ ਪ੍ਰਣਾਲੀ ਦੋਵਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਜੋ ਔਰਤਾਂ ਵਿਰੁੱਧ ਅਪਰਾਧਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਸਕਣ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਖਵਾਂਕਰਨ ਦੇਣ ਦੀ ਮੰਗ ਕੀਤੀ ਖ਼ਾਰਜ

ਚੰਡੀਗੜ੍ਹ- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਪਸ਼ਟ ਕਰ ਦਿੱਤਾ ਹੈ ਕਿ ਕੋਰਟ ਕਿਸੇ ਵਿਸ਼ੇਸ਼ ਵਰਗ ਜਾਂ ਸ਼੍ਰੇਣੀ ਦੇ ਨਾਗਰਿਕਾਂ ਨੂੰ ਰਾਖਵਾਂਕਰਨ ਦੇਣ ਲਈ ਸੂਬੇ ਨੂੰ ਨਿਰਦੇਸ਼ ਜਾਰੀ ਨਹੀਂ ਕਰ ਸਕਦਾ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਵਿਕਾਸ ਸੂਰੀ ਨੇ ਕਿਹਾ ਕਿ ਆਦੇਸ਼ ਸਿਰਫ਼ ਉਦੋਂ ਹੀ ਦਿੱਤਾ ਜਾ ਸਕਦਾ ਹੈ, ਜਦੋਂ ਪਟੀਸ਼ਨ 'ਚ ਕੋਈ ਕਾਨੂੰਨੀ ਅਧਿਕਾਰ ਦੀ ਗੱਲ ਹੋਵੇ ਤੇ ਸਰਕਾਰ ਵੱਲੋਂ ਉਸ ਅਧਿਕਾਰ ਦੀ ਉਲੰਘਣਾ ਕੀਤੀ ਗਈ ਹੋਵੇ। ਕੋਰਟ ਸਰਕਾਰ ਦੇ ਨੀਤੀ ਨਿਰਮਾਣ ਖੇਤਰ 'ਚ ਦਖ਼ਲ ਨਹੀਂ ਦੇ ਸਕਦਾ ਤੇ ਉਸ ਨੂੰ ਰਾਖਵਾਂਕਰਨ ਦੇਣ ਦਾ ਨਿਰਦੇਸ਼ ਨਹੀਂ ਦੇ ਸਕਦਾ।

ਹਾਈ ਕੋਰਟ(ਗਹ ਚੁਰਟ) ਚੰਡੀਗੜ੍ਹ ਵਾਸੀ ਵਯੋਮ ਯਾਦਵ ਨਾਂ ਦੇ ਇਕ ਉਮੀਦਵਾਰ ਵੱਲੋਂ ਦਾਖ਼ਲ ਇਕ ਅਪੀਲ 'ਤੇ ਸੁਣਵਾਈ ਕਰ ਰਿਹਾ ਸੀ, ਜਿਸ 'ਚ ਪੰਜਾਬ ਯੂਨੀਵਰਸਿਟੀ ਦੇ ਯੂਨੀਵਰਸਿਟੀ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੇ ਚੰਡੀਗੜ੍ਹ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੂੰ ਸੈਸ਼ਨ 2023-24 ਤੇ 2024-25 ਲਈ ਹੋਰ ਪੱਛੜੇ ਵਰਗ ਸ਼੍ਰੇਣੀ ਦੈ ਵਿਦਿਆਰਥੀਆਂ ਨੂੰ ਰਾਖਵਾਂਕਰਨ ਦੇ ਕੇ ਕੇਂਦਰੀ ਸਿੱਖਿਆ ਸੰਸਥਾਨ (ਰਾਖਵਾਂਕਰਨ ਤੇ ਦਾਖ਼ਲ) ਐਕਟ, 2006 (ਸੀਈਈਆਈ ਐਕਟ) ਲਾਗੂ ਕਰਨ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਪਟੀਸ਼ਨਰ ਓਬੀਸੀ ਸ਼੍ਰੇਣੀ ਨਾਲ ਸਬੰਧਤ ਸੀ ਤੇ ਜੇਈਈ ਮੇਨਜ਼ 'ਚ ਹਾਸਲ ਓਬੀਸੀ ਰੈਂਕ ਦੇ ਆਧਾਰ 'ਤੇ ਬੈਚਲਰ ਆਫ ਇੰਜੀਨੀਅਰਿੰਗ ਕੋਰਸ 'ਚ ਦਾਖ਼ਲਾ ਚਾਹੁੰਦਾ ਸੀ। ਸਿੰਗਲ ਜੱਜ ਨੇ ਜੁਲਾਈ 2023 'ਚ ਉਸ ਦੀ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਉਸ ਨੂੰ ਯੂਨੀਵਰਸਿਟੀ ਨੂੰ ਮੰਗ ਪੱਤਰ ਦੇਣ ਦਾ ਨਿਰਦੇਸ਼ ਦਿੱਤਾ ਸੀ। ਇਸ ਤੋਂ ਬਾਅਦ ਸਾਂਝੀ ਦਾਖ਼ਲਾ ਕਮੇਟੀ ਦੇ ਨਾਲ-ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਉਸ ਦਾ ਮੰਗ ਪੱਤਰ ਖ਼ਾਰਜ ਕਰ ਦਿੱਤਾ। ਕਮੇਟੀ ਨੇ ਕਿਹਾ ਕਿ ਅਦਾਰਿਆਂ 'ਚ ਦਾਖ਼ਲਾ ਪੰਜਾਬ ਯੂਨੀਵਰਸਿਟੀ ਤੇ ਯੂਟੀ ਪ੍ਰਸ਼ਾਸਨ, ਚੰਡੀਗੜ੍ਹ ਵੱਲੋਂ ਤਿਆਰ ਨਿਯਮਾਂ ਤੇ ਰੈਗੂਲੇਟਰੀ ਮੁਤਾਬਕ ਕਿਸੇ ਵੀ ਅਦਾਰੇ 'ਚ ਓਬੀਸੀ ਸ਼੍ਰੇਣੀ ਤਹਿਤ ਰਾਖਵੇਂਕਰਨ ਦੀ ਕੋਈ ਮੱਦ ਨਹੀਂ ਹੈ। ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਕਿਹਾ ਸੀਆਈ ਐਕਟ ਦੀ ਧਾਰਾ 3 ਮੁਤਾਬਕ ਰਾਖਵੇਂਕਰਨ 'ਤੇ ਉਨ੍ਹਾਂ 'ਤੇ ਥੋਪਿਆ ਨਹੀਂ ਜਾ ਸਕਦਾ। ਇਹ ਨੀਤੀਗਤ ਫ਼ੈਸਲੇ ਦਾ ਮਾਮਲਾ ਹੈ ਤੇ ਪਟੀਸ਼ਨਰ ਨੂੰ ਇਸ ਤਰ੍ਹਾਂ ਦੇ ਰਾਖਵੇਂਕਰਨ ਲਈ ਹੁਕਮ ਜਾਰੀ ਕਰਨ ਦੀ ਮੰਗ ਕਰਨ ਦਾ ਕੋਈ ਅਧਿਕਾਰ ਨਹੀਂ ਦਿੰਦਾ। ਇਸ ਦੇ ਨਾਲ ਹੀ ਹਾਈ ਕੋਰਟ ਨੇ ਅਪੀਲ ਖ਼ਾਰਜ ਕਰ ਦਿੱਤੀ।










# ਸੰਪਾਦਕੀ

## ਔਰਤਾਂ ਦੇ ਬਲਾਤਕਾਰ ਅਤੇ ਕਤਲ

ਭਾਰਤ ਦੇ ਪੱਛਮੀ ਬੰਗਾਲ ਸੂਬੇ ਵਿਚ ਔਰਤਾਂ ਦੇ ਬਲਾਤਕਾਰ, ਕਤਲ ਅਤੇ ਸ਼ੋਸ਼ਣ ਦੀਆਂ ਜੋ ਘਟਨਾਵਾਂ ਵਾਪਰ ਰਹੀਆਂ ਹਨ, ਉਸ ਕਾਰਨ ਸਾਰੇ ਮੁਲਕ ਵਿਚ ਰੋਸ ਫੈਲ ਗਿਆ ਹੈ। ਇੱਥੋਂ ਤੱਕ ਕਿ ਆਮ ਲੋਕੀ ਮੋਦੀ ਸਰਕਾਰ ਤੋਂ ਵੀ ਨਰਾਜ਼ ਹਨ ਕਿ ਉਹ ਮਮਤਾ ਬੈਨਰਜੀ ਸਰਕਾਰ ਨੂੰ ਹਟਾ ਕੇ ਰਾਸ਼ਟਰਪਤੀ ਰਾਜ ਲਾਗੂ ਨਹੀਂ ਕਰਦੇ। ਲੋਕ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਜੇਕਰ ਸੰਵਿਧਾਨ ਦੀ ਧਾਰਾ 356 ਦੀ ਵਰਤੋਂ ਨਹੀਂ ਕਰਨੀ ਤਾਂ 355 ਲਗਾ ਕੇ ਬੰਗਾਲ ਦੀ ਪੁਲਿਸ ਨੂੰ ਕੇਂਦਰ ਆਪਣੇ ਹੱਥਾਂ ਵਿਚ ਲੈ ਲਵੇ ਜਾਂ ਫਿਰ ਕਸ਼ਮੀਰ ਵਾਂਗ ਯੂ. ਟੀ. ਸਟੇਟ ਬਣਾ ਦੇਵੇ। ਲੋਕਾਂ ਦਾ ਗੁੱਸਾ ਆਪਣੀ ਥਾਂ ਠੀਕ ਹੈ ਪਰ ਕੀ ਇਹ ਕੋਈ ਰਾਜਨੀਤਿਕ ਲੜਾਈ ਹੈ? ਇਹ ਨਿਰੋਲ ਰਾਜਨੀਤਿਕ ਲੜਾਈ ਨਹੀਂ ਬਲਕਿ ਕਾਨੂੰਨ ਵਿਵਸਥਾ ਨਾਲ ਜੁੜਿਆ ਮਸਲਾ ਹੈ ਕਿਉਂਕਿ ਵੋਟ ਰਾਜਨੀਤੀ ਦੇ ਕਾਰਨ ਭਾਰਤ ਦੇ ਕਈ ਸੂਬਿਆਂ ਦੀਆਂ ਸਰਕਾਰਾਂ ਪ੍ਰਸ਼ਾਸਨ ਦੇ ਕੰਮ ਵਿਚ ਅੜਿੱਕੇ ਅੜਾ ਰਹੀਆਂ ਹਨ। ਭਾਰਤ ਵਿਚ ਪੁਲਿਸ ਵਿਵਸਥਾ ਰਾਜ ਸਰਕਾਰਾਂ ਦੇ ਅਧੀਨ ਹੈ, ਜਿਸ ਨੂੰ ਕੋਈ ਵੀ ਸੂਬੇ ਦੀ ਸਰਕਾਰ ਹੋਵੇ, ਆਪਣੇ ਸਵਾਰਥਾਂ ਅਤੇ ਸੱਤਾ ਵਿਚ ਬਣੇ ਰਹਿਣ ਲਈ ਦੁਰਵਰਤੋਂ ਕਰਦੀ ਹੈ। ਪੁਲਿਸ ਵਿਵਸਥਾ ਤਾਂ ਉਤਰ ਪ੍ਰਦੇਸ਼ ਵਿਚ ਵੀ ਇਹੀ ਹੈ, ਉਤਰਾਖੰਡ ਵਿਚ ਵੀ ਉਹੀ ਹੈ ਪਰ ਉਥੇ ਅਜਿਹੀਆਂ ਘਟਨਾਵਾਂ ਘੱਟ ਵਾਪਰਦੀਆਂ ਹਨ ਕਿਉਂਕਿ ਸਟੇਟ ਪੁਲਿਸ ਦਾ ਇੰਨਾ ਜ਼ਿਆਦਾ ਦਬਾਅ ਹੈ ਕਿ ਅਪਰਾਧੀ ਬਚ ਨਹੀਂ ਸਕਦੀ। ਉਤਰ ਪ੍ਰਦੇਸ਼ ਜੋ ਕਿ ਅੱਜ ਦੋ ਇਕ ਦਹਾਕਾ ਪਹਿਲਾਂ ਭਾਰਤ ਦੀ ਸਭ ਤੋਂ ਜ਼ਿਆਦਾ ਅਪਰਾਧ ਗ੍ਰਸਤ ਸਟੇਟ ਸੀ, ਅੱਜ ਸਥਿਤੀ ਤੇਜ਼ੀ ਨਾਲ ਇਸ ਕਰਕੇ ਬਦਲੀ ਹੈ ਕਿਉਂਕਿ ਰਾਜਨੀਤਿਕ ਇੱਛਾ ਸ਼ਕਤੀ ਬਦਲ ਗਈ ਹੈ। ਕੋਈ ਵੀ ਗੰਭੀਰ ਅਪਰਾਧ ਕਰਨ ਤੋਂ ਪਹਿਲਾਂ ਇਹ ਵੀ ਜਾਣਦਾ ਹੈ ਕਿ ਉਸ ਨੂੰ ਤਾਂ ਗੋਲੀ ਮਾਰੀ ਹੀ ਜਾਵੇਗੀ, ਨਾਲ ਉਸ ਦਾ ਘਰ ਵੀ ਤੋੜ ਦਿੱਤਾ ਜਾਵੇਗਾ ਅਤੇ ਜ਼ਮੀਨ-ਜਾਇਦਾਦ ਵੀ ਖੋਹ ਲਈ ਜਾਵੇਗੀ। ਅਜਿਹਾ ਡਰ ਦਾ ਮਾਹੌਲ ਜਦੋਂ ਅਜਿਹੇ ਸਮਾਜ ਵਿਚ ਹੁੰਦਾ ਹੈ, ਜੋ ਸਮਾਜ ਜਾਗਰੂਕ ਨਹੀਂ ਹੈ ਅਤੇ ਨਾ ਹੀ ਪੂਰਨ ਪੜ੍ਹਿਆ ਲਿਖਿਆ ਹੈ ਤਾਂ ਅਪਰਾਧ ਜ਼ਰੂਰ ਘਟਦੇ ਹਨ।

ਪੱਛਮੀ ਬੰਗਾਲ, ਮਣੀਪੁਰ, ਬਿਹਾਰ ਵਰਗੇ ਰਾਜਾਂ ਵਿਚ ਇਸੇ ਇੱਛਾ ਸ਼ਕਤੀ ਦੀ ਘਾਟ ਰੜਕਦੀ ਹੈ, ਇਸ ਕਾਰਨ ਅਪਰਾਧ ਹੁੰਦੇ ਹਨ। ਧਰਮ ਦੀ ਰਾਜਨੀਤੀ, ਜਾਤ ਦੀ ਰਾਜਨੀਤੀ ਅਤੇ ਹੋਰ ਫੁੱਟ ਪਾਊ ਕਿਸਮ ਦੀ ਰਾਜਨੀਤੀ ਤਾਂ ਕਿਸੇ ਵੀ ਲੋਕਰਾਜੀ ਵਿਵਸਥਾ ਵਿਚ ਹੁੰਦੀ ਰਹਿੰਦੀ ਹੈ। ਇਸ ਨੂੰ ਰੋਕਣਾ ਤਾਂ ਸੰਭਵ ਨਹੀਂ ਪਰ ਅਪਰਾਧ ਨੂੰ ਅਪਰਾਧ ਸਮਝਣਾ ਜਦੋਂ ਤੱਕ ਆਰੰਭ ਨਹੀਂ ਕੀਤਾ ਜਾਂਦਾ, ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ। ਹਾਲ ਹੀ ਵਿਚ ਭਾਰਤ ਵਿਚ ਨਵੀਂ ਅਪਰਾਧਿਕ ਨਿਆਂ ਵਿਵਸਥਾ ਲਿਆਂਦੀ ਗਈ ਹੈ, ਜਿਸ ਵਿਚ ਅਪਰਾਧ ਕਰਨ ਦੀ ਸਜ਼ਾ ਸਖਤ ਕਰ ਦਿੱਤੀ ਗਈ ਹੈ, ਖਾਸ ਕਰਕੇ ਔਰਤਾਂ ਦੇ ਖਿਲਾਫ ਅਪਰਾਧਾਂ ਵਿਚ ਵਿਵਸਥਾ ਬਹੁਤ ਸਖਤ ਕਰ ਦਿੱਤੀ ਗਈ ਹੈ, ਇਸ ਦਾ ਅਸਰ ਅਗਲੇਰੇ ਕੁਝ ਸਾਲਾਂ ਵਿਚ ਨਜ਼ਰ ਆਵੇਗਾ। ਪਰ ਅਪਰਾਧ ਰੋਕਣ ਲਈ ਸਾਨੂੰ ਹੁਣੇ ਤੋਂ ਜਾਗਰੂਕ ਹੋਣਾ ਪਵੇਗਾ। ਕੋਈ ਵੀ ਸਿਆਸੀ ਪਾਰਟੀ ਭਾਵੇਂ ਉਹ ਸੱਤਾ ਵਿਚ ਹੈ ਜਾਂ ਨਹੀਂ ਜਦੋਂ ਤੱਕ ਅਪਰਾਧ ਵਿਰੁੱਧ ਸਖਤੀ ਨਹੀਂ ਦਿਖਾਵੇਗੀ ਅਤੇ ਅਪਰਾਧੀਆਂ ਦੀ ਜ਼ੋਰਦਾਰ ਨਿੰਦਾ ਨਹੀਂ ਕਰੇਗੀ, ਉਦੋਂ ਤੱਕ ਅਜਿਹੇ ਅਪਰਾਧ ਨਹੀਂ ਰੁਕ ਸਕਦੇ।

**-ਬਲਬੀਰ ਸਿੰਘ ਐਮ ਏ**

albir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245


The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਦੱਖਣੀ ਏਸ਼ੀਆ ਦੀਆਂ ਚੁਣੌਤੀਆਂ ਅਤੇ ਅਗਵਾਈ ਦਾ ਪਲ

**ਲੈਫ. ਜਨਰਲ ਸੇਵਾਮੁਕਤ ਐਸਐਸ ਮਹਿਤਾ**

ਸੰਨ 1971 ਵਿੱਚ ਸਾਡਾ ਵਿਚਾਰ ਸੀ ਕਿ ਜਦੋਂ ਕੋਈ ਗੁਆਂਢੀ ਨਸਲਕੁਸ਼ੀ ਦੀ ਜ਼ੱਦ ਹੇਠ ਆਉਂਦਾ ਹੈ ਤਾਂ ਸਾਡੀ ਜ਼ਿੰਮੇਵਾਰੀ ਹੈ ਕਿ ਸਥਾਈ ਰਾਜਨੀਤਕ ਸਮਝੌਤਾ ਕਰਾਉਣ ਲਈ ਬਿਪਤਾ ਮਾਰੇ ਲੋਕਾਂ ਦੀ ਸਹਾਇਤਾ ਨਾਲ ਉਸ ਨੂੰ ਆਜ਼ਾਦ ਕਰਵਾਈਏ। ਇਹ ਮਾਨਵਵਾਦੀ ਦਖ਼ਲ ਸੀ। ਉਦੋਂ ਪਾਕਿਸਤਾਨ ਨੇ ਸੰਯੁਕਤ ਕਮਾਂਡ ਸਾਹਮਣੇ ਆਤਮ-ਸਮਰਪਣ ਕੀਤਾ। ਆਜ਼ਾਦੀ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਸੋਧੇ ਹੋਏ ਸੰਸਕਰਨ ਦਾ ਜਨਮ ਹੋਇਆ ਸੀ ਜਿਸ ਕਰ ਕੇ ਸੰਯੁਕਤ ਰਾਸ਼ਟਰ ਨੇ 'ਰਾਖੀ ਕਰਨ ਦੀ ਜ਼ਿੰਮੇਵਾਰੀ' ਦੇ ਸਿਧਾਂਤ ਦਾ ਐਲਾਨ ਕੀਤਾ ਸੀ। ਮਾਈਕਲ ਵਾਲਜ਼ਰ ਦੀ ਕਿਤਾਬ 'ਜਸਟ ਐਂਡ ਅਨਜਸਟ ਵਾਰਜ਼' ਵਿੱਚ ਇਸ ਨੂੰ ਨਿਆਂਈ ਯੁੱਧ ਕਿਹਾ ਗਿਆ ਹੈ।

ਬਹੁਤ ਸਾਰੇ ਰਣਨੀਤਕ ਸਬਕਾਂ (ਜਿਨ੍ਹਾਂ ਦਾ ਵਰਨਣ 12 ਅਗਸਤ ਨੂੰ ਇਕ ਅਖ਼ਬਾਰ ਵਿੱਚ ਪ੍ਰਕਾਸ਼ਿਤ ਅਸ਼ੋਕ ਮੁਕਰਜੀ ਦੇ ਲੇਖ ਵਿੱਚ ਵਧੀਆ ਢੰਗ ਨਾਲ ਕੀਤਾ ਗਿਆ ਹੈ) ਵਿੱਚ ਇੱਕ ਸਬਕ ਇਹ ਵੀ ਸੀ ਕਿ ਜਨੇਵਾ ਕਨਵੈਨਸ਼ਨ ਤਹਿਤ ਜੰਗੀ ਕੈਦੀਆਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ; ਇਹ ਵੀ ਕਿ ਉਹੋ ਜਿਹੀ ਟਕਰਾਅ ਦੀ ਸਥਿਤੀ ਵਿੱਚ ਫ਼ੌਜੀ ਸ਼ਾਸਨ ਲੋਕਰਾਜੀ ਪ੍ਰਣਾਲੀਆਂ ਨਾਲੋਂ ਪ੍ਰਭਾਵੀ ਹੁੰਦਾ ਹੈ, ਖ਼ਾਸਕਰ ਜਦੋਂ ਮਾਨਵਵਾਦ ਜੋ ਸਾਡਾ ਮੂਲ ਸਿਧਾਂਤ ਹੈ, ਦਾ ਟਾਕਰਾ ਬਰਬਰੀਅਤ ਨਾਲ ਹੁੰਦਾ ਹੈ।




ਦੁਨੀਆ ਨੇ ਇਹ ਵੀ ਤੱਕਿਆ ਹੈ ਕਿ ਧਾਰਮਿਕ ਅਪਵਾਦ ਦੇ ਹੁੰਦਿਆਂ-ਸੁੰਦਿਆਂ ਸਮਾਨਤਾ ਅਤੇ ਮਨੁੱਖੀ ਵਕਾਰ ਦੀ ਲੜਾਈ ਸਿਰਮੌਰ ਹੈ। ਹੋਰ ਸਭ ਕੁਝ ਦੋਇਮ ਹੈ। ਅੱਧੀ ਸਦੀ ਬਾਅਦ 2024 ਵਿੱਚ ਇਸ 'ਤੇ ਨਿਰਮਾਣ ਕਰਨ ਦਾ ਵੇਲਾ ਹੈ ਕਿਉਂਕਿ ਦੁਨੀਆ ਬਦਲ ਗਈ ਹੈ। ਸਾਡੇ ਪ੍ਰਧਾਨ ਮੰਤਰੀ ਦੇ ਸ਼ਬਦਾਂ 'ਇਹ ਜੰਗ ਦਾ ਯੁੱਗ ਨਹੀਂ ਹੈ' ਨੂੰ ਗੁੰਜਾਇਮਾਨ ਕਰਦਿਆਂ ਇੱਕ ਵਾਰ ਫਿਰ ਇਸ ਅਲਾਪ ਨੂੰ ਸਥਾਪਤ ਕਰਨ ਦਾ ਸਮਾਂ ਹੈ। ਅਪਰੇਸ਼ਨਾਂ ਦਾ ਕੈਨਵਸ ਹੋਰ ਵਸੀਹ ਹੋ ਗਿਆ ਹੈ। ਦੁਨੀਆ ਦੇ ਬਹੁਤ ਸਾਰੇ ਖਿੱਤਿਆਂ ਵਾਂਗ ਸਾਡੇ ਗੁਆਂਢ 'ਚ ਬੰਗਲਾਦੇਸ਼ ਵਿੱਚ ਲਹਿਰ ਦੱਖਣੀ ਏਸ਼ੀਆ ਲਈ ਫ਼ੈਸਲਾਕੁਨ ਪਲ ਹੈ। ਦੁਨੀਆ ਭਰ ਵਿੱਚ ਹੋ ਰਹੀਆਂ ਘਟਨਾਵਾਂ ਚੇਤਾ ਕਰਾਉਂਦੀਆਂ ਹਨ ਕਿ ਸ਼ਾਂਤੀ, ਖ਼ੁਸ਼ਹਾਲੀ ਅਤੇ ਵਿਕਾਸ ਨੂੰ ਮਨੋ ਕਲਪਿਤ ਜਾਂ ਅਸਲ ਸੁਰੱਖਿਆ ਧਮਕੀਆਂ ਦੇ ਨਾਂ 'ਤੇ ਕੁਰਬਾਨ ਨਹੀਂ ਕੀਤਾ ਜਾ ਸਕਦਾ। ਕੋਵਿਡ-19, ਜਲਵਾਯੂ ਤਬਦੀਲੀ ਅਤੇ ਟਕਰਾਅ ਪਹਿਲਾਂ ਹੀ ਬਹੁਤ ਸਾਰੀਆਂ ਜਾਨਾਂ ਦੀ ਬਲੀ ਲੈ ਚੁੱਕੇ ਹਨ ਤੇ ਮਗਰਲੀਆਂ ਦੋਵੇਂ ਚੁਣੌਤੀਆਂ ਵਿੱਚ ਹਰ ਰੋਜ਼ ਜ਼ਿਆਦਾ ਵਾਧਾ ਹੋ ਰਿਹਾ ਹੈ। ਇਨ੍ਹਾਂ ਦਾ ਭਿਆਨਕ ਰੂਪ ਅਜੇ ਸਾਹਮਣੇ ਆਉਣਾ ਬਾਕੀ ਹੈ। ਹਰ ਸੂਰਤ ਵਿੱਚ ਸਭ ਤੋਂ ਵੱਡਾ ਨੁਕਸਾਨ ਨਾਗਰਿਕਾਂ ਦਾ ਹੁੰਦਾ ਹੈ। ਨਾਗਰਿਕ ਹੀ ਉਹ ਕੇਂਦਰ ਬਿੰਦੂ ਹੋਣਾ ਚਾਹੀਦਾ ਹੈ ਜਿਨ੍ਹਾਂ ਦੁਆਲੇ ਸਾਨੂੰ ਸੁਰੱਖਿਆ ਪਰਤ ਉਸਾਰਨੀ ਚਾਹੀਦੀ ਹੈ, ਨਹੀਂ ਤਾਂ ਡਿਓਢੀ ਡਿੰਗ ਪਵੇਗੀ। ਪਦਾਰਥਕ ਲਾਭ ਜਾਂ ਇਲਾਕਾ ਨਾਗਰਿਕ ਦੇ ਸਿਰਮੌਰ ਹੋਣ ਦਾ ਬਦਲ ਨਹੀਂ ਹੋ ਸਕਦੇ। ਬਿਨਾਂ ਸ਼ੱਕ ਇਲਾਕਾ ਆਤਮ-ਸਨਮਾਨ ਨਾਲ ਜੁੜਿਆ ਹੁੰਦਾ ਹੈ; ਇਸ ਨੂੰ ਕਦੇ ਵੀ ਛੱਡਿਆ ਨਹੀਂ ਜਾ ਸਕਦਾ ਪਰ ਕੁਝ ਸਮਿਆਂ 'ਤੇ ਇਸ ਦੀ ਥਾਂ ਨਾਗਰਿਕ ਪਹਿਲ ਬਣ ਜਾਂਦੇ ਹਨ। ਇਹ ਉਹੀ ਸਮਾਂ ਹੈ।

ਹਰ ਲੋਕਤੰਤਰ ਨੂੰ ਅੰਤਰ-ਝਾਤ ਮਾਰਨੀ ਚਾਹੀਦੀ ਹੈ, ਸਵੈ-ਦਰੁਸਤੀ ਅਮਲ ਵਿੱਚ ਲਿਆਉਣੀ ਚਾਹੀਦੀ ਹੈ ਅਤੇ ਅਜਿਹੀ ਪਰਵਾਜ਼ ਸਿਰਜਣ ਵਿੱਚ ਮਦਦ ਕਰਨੀ ਚਾਹੀਦੀ ਹੈ ਜੋ ਇੱਕ ਸੰਸਾਰ ਦੇ ਵਿਚਾਰ ਨੂੰ ਦਿਸ਼ਾ ਅਤੇ ਸਾਕਾਰ ਕਰਨ ਵਾਲੀ ਹੋਵੇ। ਅਖੰਡਤਾ ਵਿੱਚ ਏਕਤਾ ਨਾਗਰਿਕਾਂ ਦੀ ਬਹਿਬੂਤੀ ਦੀ ਕੁੰਜੀ ਹੈ ਅਤੇ ਸਭ ਤੋਂ ਉਪਰ, ਇਹ ਕਿਸੇ ਵੀ ਚੁਣੀ ਹੋਈ ਸਰਕਾਰ ਦਾ ਸਭ ਤੋਂ ਪਹਿਲਾ ਕਾਰਜ ਹੁੰਦਾ ਹੈ।

ਅਸੀਂ ਖੁਸ਼ਨਸੀਬ ਹਾਂ ਕਿ ਸਾਡੀਆਂ ਨੀਂਹਾਂ ਵਿੱਚ ਅਖੰਡਤਾ ਨਿਹਿਤ ਹੈ। ਅਸੀਂ ਲੋਕਤੰਤਰ ਨੂੰ ਪਿਆਰ ਕਰਦੇ ਹਾਂ। ਹੁਣ ਆਕਾਰ ਅਤੇ ਅਰਥਚਾਰੇ ਦੇ ਲਿਹਾਜ਼ ਤੋਂ ਇਸ ਖ਼ੇਤਰ ਵਿੱਚ ਸਭ ਤੋਂ ਵੱਡੇ ਹੋਣ ਦੇ ਨਾਤੇ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ। ਸਾਨੂੰ ਇਸ ਪਲ ਨੂੰ ਸਲਾਹੁੰਦੇ ਹੋਏ ਦੱਖਣੀ ਏਸ਼ੀਆ ਨੂੰ ਇਸ ਦੇ ਸਾਰੇ ਲੋਕਾਂ ਦੀ ਭਲਾਈ ਲਈ ਗਿਆਨ ਦਾ ਊਰਜਾ ਕੇਂਦਰ ਬਣਨ ਵਿੱਚ ਮਦਦ ਦੇਣ ਦੀ ਲੋੜ ਹੈ ਅਤੇ ਫਿਰ ਇਸ ਦੇ ਯੋਗਦਾਨ ਨੂੰ ਹੋਰਨਾਂ ਨਾਲ ਵੀ ਸਾਂਝਾ ਕੀਤਾ ਜਾਵੇ।

ਇਸ ਤਰ੍ਹਾਂ ਹਰ ਜਗ੍ਹਾ ਨੌਜਵਾਨਾਂ ਦੀ ਮੰਗ ਵਧੇਗੀ। ਇਸ ਨਾਲ ਉਨ੍ਹਾਂ ਲਈ ਤਜਾਰਤਵਾਦੀ ਨਹੀਂ ਸਗੋਂ ਕਦਰਾਂ ਕੀਮਤਾਂ ਅਤੇ ਅਸੂਲ ਆਧਾਰਿਤ ਤਹਿਜ਼ੀਬੀ ਛੋਹ ਪ੍ਰਾਪਤ ਹੋਵੇਗੀ। ਇਹ ਕੋਈ ਕ੍ਰਾਂਤੀ ਨਹੀਂ ਸਗੋਂ ਮੁੜ ਜਾਗ੍ਰਿਤੀ ਦੀ ਅਜਿਹੀ ਲਹਿਰ ਹੋਵੇਗੀ ਜੋ ਅੰਦਰ ਬਾਹਰ ਸਾਰੀਆਂ ਕਿਸ਼ਤੀਆਂ ਨੂੰ ਉਤਾਂਹ ਚੁੱਕਦੀ ਨਜ਼ਰ ਆਵੇਗੀ।

ਸਾਡੇ ਸਾਰੇ ਗੁਆਂਢੀ ਇੱਕ ਦੂਜੇ ਤੋਂ ਵਖਰਿਆਉਂਦੇ ਅੰਗਰੇਜ਼ੀ ਦੇ 'ਵਾਈ' ਅੱਖਰ ਨੁਮਾ ਜੰਕਸ਼ਨ 'ਤੇ ਖੜ੍ਹੇ ਹੋਏ ਹਨ ਅਤੇ ਇਸ ਖਿੱਤੇ ਵਿੱਚ ਰਹਿੰਦੇ ਦੋ ਅਰਬ ਲੋਕਾਂ ਦੇ ਹਿੱਤ ਦੇ ਮੱਦੇਨਜ਼ਰ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਜੇ ਅਸੀਂ 1.4 ਅਰਬ ਲੋਕ ਅਗਾਂਹ ਨਹੀਂ ਆਵਾਂਗੇ ਤਾਂ ਦੁਨੀਆ ਦੇ ਫ਼ੌਜੀ ਸਨਅਤੀ ਕੰਪਲੈਕਸ ਇਸ ਦਾ ਲਾਹਾ ਲੈਣ ਲਈ ਤਿਆਰ ਬੈਠੇ ਹਨ ਅਤੇ ਫਿਰ ਉਹ ਗੁਲਛੱਰੇ ਉਡਾਉਣਗੇ।

ਸਾਨੂੰ 'ਸਾਊਥ ਏਸ਼ੀਆ ਪੀਸ ਪ੍ਰਾਸਪੈਰਿਟੀ ਡੈਮੋਕਰੇਸੀ ਜ਼ੋਨ' (ਐ-ਸਏਪੀਪੀਡੀਜ਼ੈਡ) ਦੀ ਲੋੜ ਹੈ ਜਿਸ ਵਿੱਚ ਹਰ ਮੈਂਬਰ ਨੂੰ ਇਹ ਹੱਕ ਹਾਸਿਲ ਹੋਵੇਗਾ ਕਿ ਉਹ ਹੋਰ ਕਿਸੇ ਵੀ ਗੁੱਟ ਨਾਲ ਜੁੜ ਸਕਦਾ ਹੈ ਬਸ਼ਰਤੇ ਉਹ ਜ਼ੋਨ ਦੇ ਜਮਹੂਰੀ ਹਿੱਤਾਂ ਦੇ ਖ਼ਿਲਾਫ਼ ਨਾ ਹੋਵੇ।

ਅਸੀਂ ਦੱਖਣੀ ਏਸ਼ੀਆ ਵਿੱਚ ਸੰਵਾਦ ਅਤੇ ਸਹਿਯੋਗ ਦੀ ਅਜਿਹੀ ਸੰਰਚਨਾ ਨੂੰ ਜੜ੍ਹਾਂ ਫੜਦਿਆਂ ਦੇਖਣਾ ਚਾਹੁੰਦੇ ਹਾਂ। 1999 ਤੋਂ ਅਸੀਂ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਸੀਕਾ (ਕਾਨਫਰੰਸ ਆਨ ਇੰਟਰਐਕਸ਼ਨ ਐਂਡ ਕਾਨਫੀਡੈਂਸ ਬਿਲਡਿੰਗ ਮਈਅਰਜ਼ ਇਨ ਏਸ਼ੀਆ) ਵਿੱਚ ਸਾਡੀ ਭਾਗੀਦਾਰੀ ਕੀਤੀ ਸੀ। ਅਫ਼ਸੋਸ ਕਿ ਭਾਰਤ ਵਿੱਚ ਬਹੁਤੇ ਅਮਲਕਾਰ ਇਸ ਵਿੱਚ ਦਿਲਚਸਪੀ ਨਹੀਂ ਲੈਂਦੇ। ਸਾਡੀ ਤਰਜੀਹ ਦੁਵੱਲੀ ਕੂਟਨੀਤੀ ਵਿੱਚ ਰਹੀ ਹੈ ਹਾਲਾਂਕਿ ਕਈ ਵਾਰ ਇਸ ਦੇ ਨਾਂਹ ਮੁਖੀ ਸਿੱਟੇ ਵੀ ਨਿਕਲਦੇ ਹਨ। ਅਗਸਤ 2021 ਵਿਚ ਕਾਬੁਲ ਅਤੇ ਫਿਰ ਸ੍ਰੀਲੰਕਾ, ਨੇਪਾਲ, ਮਾਲਦੀਵ ਅਤੇ ਹੁਣ ਬੰਗਲਾਦੇਸ਼ ਵਿਚ ਸਾਡਾ ਤਜਰਬਾ ਇਹੀ ਦਰਸਾਉਂਦਾ ਹੈ। ਸ਼ਾਇਦ ਦੱਖਣੀ ਏਸ਼ੀਆ ਦਾ ਢਾਂਚਾ ਉਨ੍ਹਾਂ ਗੁਆਂਢੀਆਂ ਦੀਆਂ ਬੇਧੂਦਗੀਆਂ ਨੂੰ ਬੇਨਕਾਬ ਕਰਨ ਵਿਚ ਮਦਦਗਾਰ ਸਾਬਿਤ ਹੋ ਸਕਦਾ ਹੈ ਜੋ ਹੋਰਨਾਂ ਖ਼ਿਲਾਫ਼ ਧਮਕੀਆਂ ਦੀ ਖੇਡ ਵਰਤਦੇ ਹਨ।

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਅਤੇ ਛੇਤੀ ਹੀ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਦੇ ਨਾਤੇ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਦੱਖਣੀ ਏਸ਼ੀਆ ਦੇ ਝੰਡੇ ਨੂੰ ਦੁਨੀਆ ਲਈ ਮਾਡਲ ਬਣ ਕੇ ਉਭਾਰਨ ਵਿੱਚ ਮਦਦ ਕਰੀਏ। ਐਸਏਪੀਪੀਡੀਜ਼ੈਡ ਦੇ ਸੰਵਿਧਾਨ ਵਿੱਚ ਘੱਟੋ-ਘੱਟ ਇਹ ਜ਼ਰੂਰ ਹੋਣਾ ਚਾਹੀਦਾ ਹੈ: ਬਰਾਬਰ ਸ਼ਮੂਲੀਅਤ ਨੂੰ ਹੁਲਾਰਾ ਦੇਣਾ: ਅਜਿਹੀਆਂ ਨੀਤੀਆਂ ਦੀ ਵਕਾਲਤ ਜੋ ਨਾ-ਬਰਾਬਰੀ ਘਟਾਉਣ, ਯਕੀਨੀ ਬਣਾਉਣ ਕਿ ਆਰਥਿਕ ਵਿਕਾਸ ਦਾ ਲਾਭ ਖੇਤਰ 'ਚ ਹਰ ਵਰਗ ਨੂੰ ਮਿਲੇ।

ਸਿੱਖਿਆ ਤੇ ਨਵੀਆਂ ਕਾਢਾਂ ਨੂੰ ਤਰਜੀਹ: ਸਿੱਖਿਆ ਤੇ ਤਕਨੀਕੀ ਕਾਢਾਂ ਨੂੰ ਹੁਲਾਰਾ ਦੇ ਕੇ ਭਾਰਤ ਦੱਖਣ ਏਸ਼ੀਆ ਨੂੰ ਗਿਆਨ ਤੇ ਕਲਾਤਮਕਤਾ ਦਾ ਕੇਂਦਰ ਬਣਾਉਣ ਵਿਚ ਮਦਦ ਕਰ ਸਕਦਾ ਹੈ।

ਸੱਭਿਆਚਾਰ ਦੀ ਕੂਟਨੀਤੀ: ਗੁਆਂਢੀਆਂ ਨਾਲ ਮਜ਼ਬੂਤ ਰਿਸ਼ਤੇ ਉਸਾਰਨ ਲਈ ਭਾਰਤ ਨੂੰ ਖੇਤਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਫਾਇਦਾ ਚੁੱਕਣਾ ਚਾਹੀਦਾ ਹੈ ਜਿਸ ਨਾਲ ਖੇਤਰੀ ਪਛਾਣ ਤੇ ਏਕੇ ਦੀ ਭਾਵਨਾ ਨੂੰ ਬਲ ਮਿਲੇ।

ਸਾਂਝੀ ਤਰੱਕੀ: ਖੇਤਰ ਨੂੰ ਸਥਿਰਤਾ, ਖ਼ੁਸ਼ਹਾਲੀ ਤੇ ਟਿਕਾਊ ਵਿਕਾਸ ਦੇ ਪੱਖ ਤੋਂ ਆਦਰਸ਼ ਬਣਾਉਣ ਲਈ ਸਾਰੇ ਮੁਲਕਾਂ ਨੂੰ ਹਿੱਸਾ ਪਾਉਣਾ ਚਾਹੀਦਾ ਹੈ।

ਸਰਬਸੱਤਾ ਲਈ ਸਤਿਕਾਰ: ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਲਈ ਆਪਸੀ ਸਤਿਕਾਰ, ਵਿਵਾਦਾਂ ਨਾਲੋਂ ਸੰਵਾਦ ਨੂੰ ਉਤਸ਼ਾਹਿਤ ਕਰਨਾ, ਨਾ ਕਿ ਟਕਰਾਅ ਨੂੰ।

ਲੋਕਤੰਤਰ ਪ੍ਰਤੀ ਵਚਨਬੱਧਤਾ: ਇਸ ਤਰ੍ਹਾਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪ੍ਰਚਾਰਨਾ ਜੋ ਖੇਤਰ ਲਈ ਬਰਾਬਰ ਯੋਗਦਾਨ ਪਾਉਣ 'ਤੇ ਆਧਾਰਿਤ ਹੋਣ, ਗੁਆਂਢੀ ਮੁਲਕਾਂ ਤੋਂ ਮਨੁੱਖੀ ਹੱਕਾਂ ਦੇ ਸਤਿਕਾਰ ਦੀ ਤਵੱਕੋ ਕਰਨਾ, ਆਜ਼ਾਦ ਤੇ ਨਿਰਪੱਖ ਚੋਣਾਂ ਕਰਾਉਣਾ, ਪਾਰਦਰਸ਼ੀ ਸ਼ਾਸਨ ਤੇ ਰਾਜਨੀਤੀ ਤੋਂ ਰਹਿਤ ਸੈਨਾ ਯਕੀਨੀ ਬਣਾਉਣਾ।

ਸਹਿਯੋਗ: ਬੁਨਿਆਦੀ ਢਾਂਚਾ ਵਿਕਾਸ ਤੇ ਸਿਹਤ ਸੰਭਾਲ ਜਿਹੇ ਖੇਤਰੀ ਪ੍ਰਾਜੈਕਟ ਜੋ ਸਾਂਝੀ ਖ਼ੁਸ਼ਹਾਲੀ ਵੱਲ ਸੇਧਤ ਹੋਣ, 'ਚ ਸਹਿਯੋਗ ਕਰਨਾ।

ਖੇਡਾਂ: ਭਾਰਤ ਵੱਲੋਂ 2036 ਦੀਆਂ ਉਲੰਪਿਕ ਖੇਡਾਂ 'ਤੇ ਨਜ਼ਰਾਂ ਟਿਕਾਉਣ ਦੇ ਮੱਦੇਨਜ਼ਰ, ਹਰ ਦੱਖਣ ਏਸ਼ਿਆਈ ਮੁਲਕ ਨੂੰ ਪੋਡੀਅਮ 'ਤੇ ਦੇਖਣ ਦਾ ਸਾਡਾ ਸਾਂਝਾ ਨਜ਼ਰੀਆ ਹੋਣਾ ਚਾਹੀਦਾ। ਲੋਕਾਂ ਨੂੰ ਸਭ ਤੋਂ ਵੱਧ ਜੋੜਨ ਵਾਲੀਆਂ ਖੇਡਾਂ ਹੀ ਹਨ।

ਆਫ਼ਤ ਪ੍ਰਬੰਧਨ ਤੇ ਰਾਹਤ: ਕੁਦਰਤੀ ਤੇ ਮਾਨਵੀ ਲਾਪਰਵਾਹੀਆਂ ਕਾਰਨ ਵਧੀਆਂ ਆਫ਼ਤਾਂ ਨੂੰ ਦੇਖਦਿਆਂ, ਪੂਰੇ ਖੇਤਰ ਲਈ '911' ਵਾਂਗ ਇਕੋ ਨੰਬਰ ਹੋਣਾ ਚਾਹੀਦਾ ਹੈ।

ਮਾਓ ਜ਼ੇ-ਤੁੰਗ ਦਾ ਮਸ਼ਹੂਰ ਕਥਨ ਹੈ: "ਪੂਰਬ ਦੀ ਹਵਾ ਪੱਛਮ ਦੀ ਹਵਾ ਦੇ ਉਪਰੋਂ ਵੱਲ ਰਹੀ ਹੈ", ਤੇ ਇਹ ਟੀਐੱਨ ਨੈਨਾਨ ਦਾ ਦ੍ਰਿਸ਼ਟੀਕੋਣ ਹੈ ਕਿ ਹੁਣ ਆਲਮੀ ਸੱਤਾ ਦੇ ਸੰਤੁਲਨ 'ਚ "ਪੂਰਬ ਦੀ ਹਵਾ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ ਵਗ ਰਹੀ ਹੈ।" ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਨਾਤੇ ਭਾਰਤ ਨੂੰ ਪੂਰਬ ਦੀ ਹਵਾ 'ਚ ਠੋਸ ਯੋਗਦਾਨ ਦੇਣ ਦੀ ਲੋੜ ਹੈ। ਸੱਭਿਅਤਾ ਨਾਲ ਜੁੜੇ ਸਾਡੇ ਵਿਚਾਰ ਦਾ ਸੰਸਾਰੀਕਰਨ ਗ਼ੈਰ-ਹਮਲਾਵਰ, ਕਿਸੇ ਨੂੰ ਨਾ ਧਮਕਾਉਣ ਵਾਲਾ, ਮਿਹਰਬਾਨ, ਵੰਡਣ ਤੇ ਫ਼ਿਕਰ ਕਰਨ ਵਾਲਾ, ਪੂਰਬ ਤੇ ਪੱਛਮ ਵਿਚ ਹੋ ਰਿਹਾ ਹੈ- ਗਿਆਨ ਜਿਸ ਦਾ ਆਧਾਰ ਹੈ।

ਸਾਡਾ ਇਤਿਹਾਸ ਮਾਣਮੱਤਾ ਹੈ। 'ਜ਼ੀਰੋ' ਦੇ ਸਿਧਾਂਤ ਦੇ ਯੋਗਦਾਨ ਨਾਲ ਸਾਡੀ ਹਵਾ ਪੂਰਬ ਤੇ ਪੱਛਮ ਵਿੱਚ ਵਗਦੀ ਹੈ। ਕਲਪਨਾ ਕਰੋ, ਇਸ ਤੋਂ ਬਿਨਾਂ ਸੰਸਾਰ ਕਿੱਥੇ ਖੜ੍ਹਾ ਹੁੰਦਾ। ਹੁਣ ਨਵੀਂ ਲਹਿਰ ਪੈਦਾ ਕਰਨ ਦਾ ਸਮਾਂ ਹੈ- ਗਿਆਨ ਨਾਲ ਅਗਵਾਈ।

ਭਾਰਤ ਅਤੇ ਇਸ ਦੇ ਗੁਆਂਢ 'ਚ ਖੁੰਝ ਗਏ ਉਨ੍ਹਾਂ ਸਾਰਿਆਂ ਲਈ ਖ਼ੁਸ਼ਹਾਲੀ ਦੇ ਗਹਿਰੇ ਖੱਪੇ ਨੂੰ ਪੂਰਨ ਲਈ ਦੱਖਣ ਏਸ਼ੀਆ ਨੂੰ ਪੂਰਬ ਦੀ ਇਸ ਹਵਾ 'ਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਜੋ ਹਰ ਪਾਸੇ ਨੂੰ ਵਗ ਰਹੀ ਹੈ ਅਤੇ ਹਾਂ, 'ਗਲੋਬਲ ਸਾਊਥ' ਨੂੰ ਵੀ ਨਹੀਂ ਭੁੱਲਣਾ ਚਾਹੀਦਾ।



## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਰਣਬੀਰ ਸਿੰਘ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਥਿਆੜਾ |



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

ਛੋਟਾ ਮੂੰਹ ਬੜੀ ਬਾਤ!

# ਅਕਾਲੀ ਸਿਆਸਤ ਦਾ ਸੁਧਾਰ?

ਔਲ਼ਾ ਖਾਣ ਵਕਤ ਮੂੰਹ ਦਾ ਜ਼ਾਇਕਾ ਖੱਟਾ-ਕੌੜਾ ਜਿਹਾ ਹੋ ਜਾਂਦਾ ਐ ਤੇ ਇਵੇਂ ਹੀ ਸਿਆਣਿਆਂ ਵਲੋਂ ਕਹੀ ਗੱਲ ਮੌਕੇ ਮੁਤਾਬਕ ਤਾਂ ਅਤਿਕਥਨੀ ਜਾਪਦੀ ਹੁੰਦੀ ਹੈ ਪਰ ਜਿਵੇਂ ਔਲ਼ਾ ਖਾਣ ਬਾਅਦ ਮੂੰਹ ਵੀ ਸੁਆਦਲਾ ਹੋ ਜਾਂਦਾ ਤੇ ਗੱਲ ਕਹਿਣ ਵਾਲ਼ਾ ਸਿਆਣਾ ਵੀ ਯਾਦ ਆਉਣ ਲੱਗ ਪੈਂਦਾ ਹੈ। ਇਸੇ ਕਰਕੇ ਕਹਾਵਤ ਬਣੀ ਹੋਈ ਹੈ ਅਖੇ ਔਲ਼ੇ ਦਾ ਖਾਧਾ ਅਤੇ ਸਿਆਣੇ ਦਾ ਕਹਿਆ ਹੋਇਆ ਮਗਰੋਂ ਸੁਆਦ ਦਿੰਦੇ ਹਨ।

ਸੰਨ 2002 ਦਾ ਸਤੰਬਰ ਮਹੀਨਾ ਚੜ੍ਹਦਿਆਂ ਹੀ ਆਉਂਦੇ ਨਵੰਬਰ ਮਹੀਨੇ ਵਾਲ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਣ ਵਾਲ਼ੀ ਸਾਲਾਨਾ ਚੋਣ ਲਈ, ਬਾਦਲ ਧੜੇ ਅਤੇ ਜਥੇਦਾਰ ਟੌਹੜਾ ਸਾਹਬ ਦੇ ਨਵਗਠਿਤ ਸਰਬ ਹਿੰਦ ਅਕਾਲੀ ਦਲ ਨੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਸਿੰਘ ਬਾਦਲ ਹੁਣਾ ਸਾਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਜਥੇਦਾਰ ਟੌਹੜਾ ਦੇ ਪ੍ਰਭਾਵ ਤੋਂ ਦੂਰ ਕਰਨ ਹਿਤ ਪਹਿਲਾਂ ਚੰਡੀਗੜ੍ਹ ਲਾਗਲੇ ਇਤਿਹਾਸਕ ਗੁਰਦੁਆਰਾ ਨਾਢਾ ਸਾਹਬ ਵਿਖੇ ਰੱਖਿਆ।ਫਿਰ ਕੈਪਟਨ ਅਮਰਿੰਦਰ ਸਿੰਘ, ਜੋ ਉਦੋਂ ਮੁੱਖ ਮੰਤਰੀ ਸਨ,ਦੇ ਸਰਕਾਰੀ ਡਰੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਾਨੂੰ ਦੋ ਵੱਖ ਵੱਖ ਬੱਸਾਂ ਵਿਚ ਲੱਦ ਕੇ ਲੈ ਗਏ ਆਪਣੇ ਹਰਿਆਣੇ ਵਿਚਲੇ ਫਾਰਮ ਬਾਲਾ ਸਰ ਨੂੰ।

ਉੱਥੇ ਇਕੱਠੇ ਕੀਤੇ ਮੈਂਬਰਾਂ ਵਿਚੋਂ ਸਾਨੂੰ ਕੁੱਝ ਕੁ ਨੂੰ ਬਡੂੰਗਰ ਸਾਹਬ ਬਾਲਾ ਸਰ ਤੋਂ ਲੈ ਗਏ ਚੌਟ੍ਹਾਲਿਆਂ ਦੇ ਸਿਰਸੇ ਵਾਲ਼ੇ ਫਾਰਮ 'ਤੇ ਜਿੱਥੇ ਅੰਮ੍ਰਿਤਸਰ ਇਲਾਕੇ ਦੇ ਬਹੁਤੇ ਮਝੈਲ ਮੈਂਬਰ ਸਾਹਿਬਾਨ 'ਰੱਖੇ ਹੋਏ' ਸਨ। ਜਿਨ੍ਹਾਂ ਦਾ ਉੱਥੇ 'ਛਕਣ ਛਕਾਉਣ ਦਾ ਪੂਰਾ ਪ੍ਰਬੰਧ' ਚੌਟ੍ਹਾਲਿਆਂ ਵਲੋਂ ਹੀ ਕੀਤਾ ਹੋਇਆ ਸੀ ! ਇੱਥੋਂ ਹੀ ਮੈਂ ਸਿਰਫ ਦੋ ਰਾਤਾਂ ਰਹਿਣ ਬਾਅਦ ਆਪਣੇ ਸਾਥੀ ਦੋ ਮੈਂਬਰ ਸਾਹਿਬਾਨ ਦੀ ਮੱਦਦ ਨਾਲ ਵੱਡੇ ਤੜਕੇ ਬਗਾਵਤ ਕਰ ਆਇਆ ਸਾਂ।



ਜਦੋਂ ਵੀ ਕਿਤੇ ਕਿਸੇ ਮੌਕੇ ਮੇਰਾ ਇਹ 'ਬਗਾਵਤੀ ਕਿੱਸਾ' ਛਿੜਦਾ ਹੈ ਤਾਂ ਮੈਂ ਇਹ ਦੱਸਣਾ ਕਦੇ ਨਹੀਂ ਭੁੱਲਦਾ ਹੁੰਦਾ ਕਿ ਚੌਟ੍ਹਾਲਿਆਂ ਦੇ ਫਾਰਮ 'ਚੋਂ ਜਿਸ ਦਿਨ ਮੈਂ ਨਿਕਲ਼ਿਆ ਸਾਂ ਓਦਣ ਸੰਨ 2002 ਦੇ ਅਕਤੂਬਰ ਮਹੀਨੇ ਦੀ 25 ਤਰੀਕ ਸੀ। ਇਹ ਤਰੀਕ ਪੱਕੀ ਯਾਦ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਤੋਂ ਇਕ ਦਿਨ ਪਹਿਲੇ 24 ਅਕਤੂਬਰ ਦੀ ਸ਼ਾਮ ਨੂੰ ਪੱਤਰਕਾਰ ਰਾਮਚੰਦਰ ਛਤਰ-ਪਤੀ ਨੂੰ ਗੋਲ਼ੀਆਂ ਮਾਰ ਕੇ ਬੁਰੀ ਤਰਾਂ ਜ਼ਖਮੀਂ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਵਿਚਾਰੇ ਦੀ 21 ਨਵੰਬਰ ਨੂੰ ਅਪੋਲੋ ਹਸਪਤਾਲ਼ ਦਿੱਲੀ ਵਿਚ ਮੌਤ ਹੋ ਗਈ ਸੀ।

ਉਦੋਂ ਕਿਵੇਂ ਦਸ ਕੁ ਮੀਲ ਰੇਤਿਆਂ ਵਿਚ ਪੈਦਲ ਚੱਲ ਕੇ ਅਤੇ ਫਿਰ ਸੜ੍ਹਕ 'ਤੇ ਜਾਂਦੇ ਇਕ ਟ੍ਰੈਕਟਰ ਉੱਤੇ ਬਹਿ ਕੇ ਦਿਨ ਚੜ੍ਹਦੇ ਨੂੰ ਮੈਂ ਡੱਬਵਾਲ਼ੀ ਕਿੱਦਾਂ ਪਹੁੰਚਿਆਂ ਸਾਂ,ਇਸ ਸਾਰੇ ਬਿਰਤਾਂਤ ਬਾਰੇ ਵੈਸੇ ਮੈਂ ਦੋ ਕਿਸ਼ਤਾਂ ਵਿਚ ਲੇਖ-ਲੜੀ ਲਿਖੀ ਸੀ ਜੋ ਉਦੋਂ ਦੇਸ਼ ਵਿਦੇਸ਼ ਦੇ ਪੰਜਾਬੀ ਅਖਬਾਰਾਂ ਵਿਚ ਇਸ ਸਿਰਲੇਖ ਹੇਠ 'ਜਦ ਮੈਂ ਭੇਡੂਆਂ ਦੇ ਵਾੜੇ 'ਚੋਂ ਨਿਕਲ਼ਿਆ' ਛਪੀ ਸੀ!

ਲਓ ਜੀ ਹੁਣ ਅਖੀਰ 'ਚ ਗੱਲ ਕਰੀਏ ਔਲ਼ੇ ਦੇ ਖਾਣ ਵਰਗੀ ਅਤੇ ਸਿਆਣੇ ਦੀ ਦੂਰਅੰਦੇਸ਼ੀ ਵਾਲ਼ੀ ਭਵਿੱਖਬਾਣੀ ਦੀ।ਜਦ ਮੈਂ ਬਾਦਲ ਦਲ ਤਿਆਗ ਕੇ ਆਪਣੇ ਪਿੰਡ ਆ ਗਿਆ ਤਾਂ ਪੰਥਕ ਸੋਚ ਵਾਲ਼ੇ ਅਨੇਕਾਂ ਲੋਕਾਂ ਵਲੋਂ ਮੈਨੂੰ ਵਧਾਈਆਂ ਦੇ ਫੋਨ ਆਉਣ ਲੱਗੇ।ਕੁੱਝ ਦੋਸਤ ਮੇਰੇ ਫੈਸਲੇ ਨਾ਼ਲ ਅਸਹਿਮਤ ਵੀ ਸਨ।

ਪਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ,ਜੋ ਉਸ ਮੌਕੇ ਟੌਹੜਾ ਸਾਹਬ ਨਾ਼ਲ ਸਨ, ਮੈਨੂੰ ਵਧਾਈ ਦੇਣ ਘਰੇ ਆਏ। ਜਦਕਿ ਸਾਡੇ ਹਲਕੇ ਦੇ ਬਾਦਲ ਪੱਖੀ ਵਿਧਾਨਕਾਰ ਤੋਂ ਲੈ ਕੇ ਵੱਡੇ ਅਕਾਲੀ ਆਗੂਆਂ ਬੀਬੀ ਜਗੀਰ ਕੌਰ, ਜਥੇਦਾਰ ਕਿਰਪਾਲ ਸਿੰਘ ਬਡੂੰਗਰ, ਅਜੈਬ ਸਿੰਘ ਮੁਖਮੈਲ ਪੁਰ ਵਗੈਰਾ ਸਾਡੇ ਘਰ ਆ ਕੇ ਮੈਨੂੰ ਮੁੜ ਬਾਦਲਾਂ ਨਾ਼ਲ ਮਿਲਾਉਣ ਲਈ ਤਰਲਿਆਂ ਦੇ ਨਾ਼ਲ ਨਾ਼ਲ ਕਈ ਤਰਾਂ ਦੇ ਲਾਲਚਾਂ ਦੀ ਪੇਸ਼ਕਸ਼ ਵੀ ਕਰਨ ਲੱਗੇ!

ਅਜਿਹੇ ਖਿੱਚੋ-ਤਾਣੀ ਦੇ ਮਾਹੌਲ ਵਿਚ ਮੈਨੂੰ ਮੁਬਾਰਕ ਦੇਣ ਆਏ ਅਜੋਕੀ ਵਿੱਦਿਅਕ ਤੇ ਸਾਹਿੱਤਕ ਸੰਸਥਾ 'ਨਾਦ ਪ੍ਰਗਾਸ' ਸ੍ਰੀ ਅੰਮ੍ਰਿਤਸਰ ਦੇ ਬਾਨੀ ਪ੍ਰੋਫੈਸਰ ਜਗਦੀਸ਼ ਸਿੰਘ, ਜੋ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਦੇ ਹਮਜਮਾਤੀ ਹੋਣ ਸਦਕਾ ਮੇਰੇ ਵੀ ਜਾਣੂ ਸਨ। ਬਾਦਲ ਦਲ ਤਿਆਗਣ ਕਾਰਨ ਮੇਰੇ ਸਨਮਾਨ ਵਜੋਂ ਰੱਖੇ ਗਏ ਇਕ ਸਾਦੇ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਅਜਿਹੇ ਵਿਚਾਰ ਪ੍ਰਗਟਾਏ ਸਨ-

'ਖਾਲਸਾ ਜੀ, ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਸਾਡੇ ਸਮਿਆਂ ਵਿਚ 'ਬਾਦਲ ਦਲ' ਬਣਾ ਦੇਣ ਵਾਲ਼ਾ ਪ੍ਰਵਾਰ ਜਿਵੇਂ ਦਿਨ-ਬ-ਦਿਨ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ, ਇਹ ਇਨ੍ਹਾਂ ਨੂੰ ਕਿਸੇ ਦਿਨ ਬਹੁਤ ਮਹਿੰਗਾ ਪਵੇਗਾ। ਭਵਿੱਖ ਵਿਚ ਜਦੋਂ ਵੀ ਕਦੇ ਵੀ ਪਾਰਟੀ ਦਾ ਸੁਧਾਰ ਸ਼ੁਰੂ ਹੋਇਆ ਤਾਂ ਦਲ ਵਿਚਲੇ ਸਾਰੇ ਅਕਾਲੀਆਂ ਨੂੰ ਭਾਅ ਜੀ ਦੁਪਾਲ ਪੁਰੀ ਵਾਂਗ ਬਗਾਵਤ ਦਾ ਰਾਹ ਅਖਤਿਆਰ ਕਰਨਾ ਹੀ ਪਵੇ ਗਾ ! ਤਦ ਜਾ ਕੇ ਸ਼ਾਇਦ ਇਹ ਪਾਰਟੀ ਮੁੜ 'ਸ਼੍ਰੋਮਣੀ' ਬਣ ਸਕੇ ਗੀ!'

ਪ੍ਰੋਫੈਸਰ ਜਗਦੀਸ਼ ਸਿੰਘ ਦੇ ਇਹ ਸ਼ਬਦ ਉਦੋਂ ਮੈਨੂੰ 'ਵਧਾ ਚੜ੍ਹਾ ਕੇ ਕੀਤੀ ਗਈ ਮੇਰੀ ਸਿਫਤ' ਹੀ ਲੱਗੇ ਸਨ ਤੇ ਮੈਂ ਆਪਣੇ ਕੁੱਝ ਸਾਲਾਂ ਦੇ ਸਿਆਸੀ ਤਜ਼ਰਬੇ ਕਾਰਨ ਸੋਚਦਾ ਸਾਂ ਕਿ ਅਹੁਦਿਆਂ ਜਾਂ ਟਿਕਟਾਂ ਦੇ ਭੁੱਖੇ ਆਗੂ ਬਾਦਲ ਪ੍ਰਵਾਰ ਨੂੰ ਕਦੇ ਨਹੀਂ ਛੱਡਣਗੇ? ਪਰ ਹੁਣ ਜਦੋਂ ਮੈਂ ਸਰਦਾਰ ਢੀਂਡਸਾ, ਪ੍ਰੋਫੈਸਰ ਚੰਦੂ ਮਾਜਰਾ ਅਤੇ ਬੀਬੀ ਜਗੀਰ ਕੌਰ ਵਰਗੇ ਸਿਰਕੱਢ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗ ਰਹੇ ਦੇਖਦਾ ਹਾਂ ਤਾਂ ਮੈਨੂੰ ਪ੍ਰੋਫੈਸਰ ਜਗਦੀਸ਼ ਸਿੰਘ ਵਲੋਂ ਬਾਈ ਸਾਲ ਪਹਿਲਾਂ ਦੇ ਬੋਲੇ ਹੋਏ ਬੋਲ ਹੁਣ ਸੱਚੇ ਹੋ ਰਹੇ ਜਾਪਦੇ ਹਨ! ਉਪਰੋਕਤ ਬਗਾਵਤੀ ਆਗੂ ਸਫਲ ਹੋਣਗੇ ਜਾਂ ਅਸਫਲ? ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿਚ ਪਿਆ ਹੈ!


ਸਿੱਖ ਸਕਾਲਰ ਰਣਜੀਤ ਸਿੰਘ ਉਰਫ ਕੁੱਕੀ ਗਿੱਲ ਵਲੋਂ ਸੁਖਬੀਰ ਸਿੰਘ ਬਾਦਲ ਪ੍ਰਤੀ ਬੋਲੀਆਂ ਗਈਆਂ ਸਤਰਾਂ-

'ਬੁੱਲਿਆ ਚਾਦਰ ਮੈਲ਼ੀ ਸਾਬਣ ਥੋੜ੍ਹਾ
ਬੈਠ ਕਿਨਾਰੇ ਧੋਵੇਂਗਾ।
ਦਾਗ ਨਹੀਂ ਮਿਟਣੇ ਪਾਪਾਂ ਵਾਲ਼ੇ
ਧੋਵੇਂਗਾ ਤੇ ਰੋਵੇਂਗਾ !'

# ਓਲੰਪਿਕ ਖੇਡਾਂ 'ਚ ਭਾਰਤ ਦੀ ਕਾਰਗੁਜ਼ਾਰੀ

ਪੈਰਿਸ ਓਲੰਪਿਕਸ ਦੀ ਸਮਾਪਤੀ ਤੋਂ ਪਹਿਲਾਂ ਹੀ ਭਾਰਤ ਦਾ ਸਫ਼ਰ ਖ਼ਤਮ ਹੋ ਚੁੱਕਾ ਸੀ। ਇਸ ਵਾਰ ਭਾਰਤ ਇਕ ਚਾਂਦੀ ਦੇ ਮੈਡਲ ਸਣੇ ਕੁੱਲ ਛੇ ਤਗ਼ਮੇ ਹੀ ਹਾਸਲ ਕਰ ਸਕਿਆ। ਇਸ ਪ੍ਰਦਰਸ਼ਨ ਨੂੰ ਉਤਸ਼ਾਹਜਨਕ ਨਹੀਂ ਕਿਹਾ ਜਾ ਸਕਦਾ ਕਿਉਂਕਿ ਭਾਰਤ ਤਮਾਮ ਤਿਆਰੀ ਦੇ ਬਾਵਜੂਦ ਪਿਛਲੇ ਪ੍ਰਦਰਸ਼ਨ ਨੂੰ ਵੀ ਨਹੀਂ ਦੁਹਰਾ ਸਕਿਆ। ਇਸ ਤੋਂ ਇਹੀ ਪਤਾ ਲੱਗਦਾ ਹੈ ਕਿ ਭਾਰਤ ਨੂੰ ਖੇਡਾਂ ਵਿਚ ਵੱਡੀ ਸ਼ਕਤੀ ਬਣਨ ਲਈ ਹਾਲੇ ਲੰਬਾ ਸਫ਼ਰ ਤੈਅ ਕਰਨਾ ਪੈਣਾ







ਹੈ। ਮੈਡਲ ਸੂਚੀ ਵਿਚ ਭਾਰਤ ਦਾ ਸਥਾਨ ਪਹਿਲੇ ਪੰਜਾਹ ਦੇਸ਼ਾਂ ਵਿਚ ਵੀ ਨਹੀਂ ਹੈ। ਵੱਡੀ ਆਬਾਦੀ ਵਾਲੇ ਦੇਸ਼ ਦਾ ਮੈਡਲ ਸੂਚੀ ਵਿਚ ਇੰਨਾ ਪਿੱਛੇ ਰਹਿਣਾ ਠੀਕ ਨਹੀਂ।

ਇਸ ਵਾਰ ਕੁਝ ਹੀ ਖੇਡਾਂ ਵਿਚ ਭਾਰਤੀ ਖਿਡਾਰੀ ਬਿਹਤਰ ਪ੍ਰਦਰਸ਼ਨ ਕਰ ਸਕੇ। ਇਨ੍ਹਾਂ ਵਿਚ ਸਭ ਤੋਂ ਅੱਗੇ ਰਹੇ ਨੀਰਜ ਚੋਪੜਾ ਜਿਨ੍ਹਾਂ ਪਿਛਲੀ ਵਾਰ ਸੋਨੇ ਦਾ ਮੈਡਲ ਜਿੱਤ ਕੇ ਕ੍ਰਿਸ਼ਮਾ ਕੀਤਾ ਸੀ ਅਤੇ ਇਸ ਵਾਰ ਉਨ੍ਹਾਂ ਨੂੰ ਚਾਂਦੀ ਦੇ ਮੈਡਲ ਨਾਲ ਹੀ ਸੰਤੋਖ ਕਰਨਾ ਪਿਆ। ਇਸ ਤੋਂ ਬਾਅਦ ਵੀ ਉਹ ਭਾਰਤ ਦੇ ਸਰਬੋਤਮ ਖਿਡਾਰੀ ਦੇ ਰੂਪ 'ਚ ਆਪਣੀ ਛਾਪ ਛੱਡਣ 'ਚ ਸਫਲ ਰਹੇ। ਸ਼ੂਟਿੰਗ 'ਚ ਮਨੂ ਭਾਕਰ ਨੇ ਵੀ ਚਮਤਕਾਰੀ ਪ੍ਰਦਰਸ਼ਨ ਕੀਤਾ।

ਉਨ੍ਹਾਂ ਨਿੱਜੀ ਮੁਕਾਬਲੇ ਦੇ ਨਾਲ-ਨਾਲ ਮਿਕਸਡ ਡਬਲਜ਼ ਮੁਕਾਬਲੇ 'ਚ ਵੀ ਸਰਬਜੋਤ ਸਿੰਘ ਦੇ ਨਾਲ ਕਾਂਸੀ ਦਾ ਮੈਡਲ ਜਿੱਤਿਆ। ਸ਼ੂਟਿੰਗ 'ਚ ਹੀ ਅਜਿਹਾ ਪ੍ਰਦਰਸ਼ਨ ਸਵਪਨਿਲ ਕੁਸਾਲੇ ਨੇ ਵੀ ਕੀਤਾ। ਕੁਸ਼ਤੀ ਵਿਚ ਅਮਨ ਸਹਿਰਾਵਤ ਦੇ ਕਾਂਸੀ ਦੇ ਰੂਪ ਵਿਚ ਇਕ ਹੀ ਮੈਡਲ ਮਿਲਿਆ। ਵਿਨੇਸ਼ ਫੋਗਾਟ ਤੋਂ ਬਹੁਤ ਉਮੀਦਾਂ ਸਨ ਪਰ ਕਿਸਮਤ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਮੈਡਲਾਂ ਦੀ ਗਿਣਤੀ ਘੱਟ ਰਹਿ ਜਾਣ ਦਾ ਇਕ ਕਾਰਨ ਇਹ ਵੀ ਰਿਹਾ ਕਿ ਲਕਸ਼ੈ ਸੇਨ, ਅਰਜੁਨ ਬਬੂਟਾ ਸਣੇ ਕਈ ਖਿਡਾਰੀ ਚੌਥੇ ਸਥਾਨ ਤੋਂ ਅੱਗੇ ਨਹੀਂ ਜਾ ਸਕੇ।

ਹਾਕੀ ਟੀਮ ਵੱਲੋਂ ਲਗਾਤਾਰ ਦੂਜਾ ਕਾਂਸੀ ਦਾ ਮੈਡਲ ਹਾਸਲ ਕਰਨਾ ਇਕ ਵੱਡੀ ਪ੍ਰਾਪਤੀ ਹੈ। ਇਹ ਪ੍ਰਾਪਤੀ ਇਹੀ ਦੱਸਦੀ ਹੈ ਕਿ ਭਾਰਤੀ ਹਾਕੀ ਆਪਣੇ ਸੁਨਹਿਰੇ ਦੌਰ ਵੱਲ ਪਰਤ ਰਹੀ ਹੈ। ਓਲੰਪਿਕ ਖੇਡਾਂ ਦੀ ਸਮਾਪਤੀ ਦੇ ਨਾਲ ਹੀ ਸਾਡੇ ਨੀਤੀ ਘਾੜਿਆਂ, ਖੇਡ ਸੰਗਠਨਾਂ, ਖੇਡ ਪ੍ਰਸ਼ਾਸਕਾਂ ਤੇ ਖ਼ੁਦ ਖਿਡਾਰੀਆਂ ਨੂੰ ਇਸ 'ਤੇ ਆਤਮ-ਮੰਥਨ ਕਰਨਾ ਚਾਹੀਦਾ ਕਿ ਭਾਰਤ ਓਲੰਪਿਕ 'ਚ ਇੰਨਾ ਪਿੱਛੇ ਕਿਉਂ ਹੈ। ਇਹ ਤਾਂ ਸਾਫ਼ ਹੈ ਕਿ ਆਪਣੇ ਦੇਸ਼ 'ਚ ਓਦਾਂ ਦਾ ਖੇਡ ਸੱਭਿਆਚਾਰ ਵਿਕਸਤ ਨਹੀਂ ਹੋ ਸਕਿਆ ਹੈ ਜਿੱਦਾਂ ਦਾ ਹੁਣ ਤੱਕ ਹੋ ਜਾਣਾ ਚਾਹੀਦਾ ਸੀ।

ਖੇਡ ਸੱਭਿਆਚਾਰ ਦਾ ਕਿਉਂਕਿ ਸਹੀ ਤਰ੍ਹਾਂ ਨਾਲ ਵਿਕਾਸ ਨਹੀਂ ਹੋ ਸਕਿਆ, ਇਸ ਲਈ ਵੱਖ-ਵੱਖ ਖੇਡਾਂ ਵਿਚ ਪ੍ਰਤਿਭਾਵਾਂ ਦੀ ਤਲਾਸ਼ ਤੇ ਉਨ੍ਹਾਂ ਦੀ ਸਹੀ ਤਰੀਕੇ ਨਾਲ ਟਰੇਨਿੰਗ ਨਹੀਂ ਹੁੰਦੀ। ਇਸ ਕੰਮ 'ਚ ਸਰਕਾਰੀ ਸਕੂਲ ਵੀ ਪਿੱਛੇ ਹਨ ਤੇ ਨਿੱਜੀ ਸਕੂਲ ਵੀ। ਵੱਖ-ਵੱਖ ਖੇਡ ਸੰਗਠਨ ਵੀ ਖੇਡ ਪ੍ਰਤਿਭਾਵਾਂ ਨੂੰ ਤਲਾਸ਼ਣ ਤੇ ਉਨ੍ਹਾਂ ਨੂੰ ਨਿਖਾਰਨ ਦਾ ਕੰਮ ਨਹੀਂ ਕਰ ਪਾਉਂਦੇ। ਇਕ ਸਮੱਸਿਆ ਇਹ ਵੀ ਹੈ ਕਿ ਖਿਡਾਰੀਆਂ ਨੂੰ ਬਿਹਤਰ ਪ੍ਰਦਰਸ਼ਨ ਕਰਨ ਦੇ ਨਾਲ ਹੀ ਆਪਣੇ ਕਰੀਅਰ ਦੀ ਵੀ ਚਿੰਤਾ ਕਰਨੀ ਪੈਂਦੀ ਹੈ।

ਇਸ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿ ਕੇਂਦਰ ਸਰਕਾਰ ਨਾਲ ਕੁਝ ਸੂਬਾ ਸਰਕਾਰਾਂ ਖੇਡਾਂ ਨੂੰ ਉਤਸ਼ਾਹਤ ਕਰਦੀਆਂ ਦਿਖਾਈ ਦਿੰਦੀਆਂ ਹਨ। ਖੇਡਾਂ ਤੇ ਖਿਡਾਰੀਆਂ ਦਾ ਵਿਕਾਸ ਕਿਵੇਂ ਹੋਵੇ, ਇਸ ਦੀ ਸਿੱਖਿਆ ਚੀਨ ਸਣੇ ਹੋਰ ਦੇਸ਼ਾਂ ਤੋਂ ਵੀ ਲਈ ਜਾਣੀ ਚਾਹੀਦੀ ਹੈ। ਹੁਣ ਜਦੋਂ ਭਾਰਤ ਦੁਨੀਆ ਦੀ ਪੰਜਵੀਂ ਵੱਡੀ ਅਰਥ-ਵਿਵਸਥਾ ਬਣ ਗਿਆ ਹੈ ਤੇ ਆਰਥਿਕ ਵਿਕਾਸ ਖੇਡਾਂ ਦੇ ਵਿਕਾਸ ਵਿਚ ਸਹਾਇਕ ਹੁੰਦਾ ਹੈ ਉਦੋਂ ਫਿਰ ਭਾਰਤ ਨੂੰ ਓਲੰਪਿਕ ਦੀ ਮੈਡਲ ਸੂਚੀ ਵਿਚ ਪਹਿਲੀਆਂ 20 ਥਾਵਾਂ ਵਿਚ ਤਾਂ ਆਪਣੀ ਜਗ੍ਹਾ ਬਣਾਉਣੀ ਹੀ ਚਾਹੀਦੀ ਹੈ।

Kw SILICON CITY
KELLERWILLIAMS.
To buy Home, business or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422

Please consult before finalizing your deal or decision
REALTOR® OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131

# ਸੱਤਾ ਤੇ ਵਿਰੋਧੀ ਧਿਰ ’ਚ ਵਧਦਾ ਤਣਾਅ



**ਹਿਰਦੇ ਨਾਰਾਇਣ ਦੀਕਸ਼ਤ**

ਸੰਸਦ ਦਾ ਇਜਲਾਸ ਖਤਮ ਹੋ ਗਿਆ ਹੈ। ਇਸ ਸੈਸ਼ਨ ਵਿਚ ਰਾਸ਼ਟਰਪਤੀ ਦਾ ਭਾਸ਼ਣ ਹੋਇਆ ਅਤੇ 174 ਮੈਂਬਰਾਂ ਨੇ ਧੰਨਵਾਦ ਪ੍ਰਸਤਾਵ ਵਿਚ ਹਿੱਸਾ ਲਿਆ। ਬਜਟ ਚਰਚਾ ਵਿਚ ਵੀ 119 ਮੈਂਬਰਾਂ ਨੇ ਸ਼ਿਰਕਤ ਕੀਤੀ। ਸਦਨ ਵਿਚ 11 ਬਿੱਲ ਰੱਖੇ ਗਏ। ਇਕ ਪਾਸ ਹੋਇਆ। ਦੋ ਸੰਯੁਕਤ ਸੰਸਦੀ ਕਮੇਟੀ ਨੂੰ ਭੇਜੇ ਗਏ। ਦੋਵਾਂ ਸਦਨਾਂ ਦਾ ਕੰਮ ਤਸੱਲੀਬਖ਼ਸ਼ ਹੈ ਪਰ ਵੱਖ-ਵੱਖ ਪਾਰਟੀਆਂ ਵਿਚਾਲੇ ਗ਼ੈਰ-ਸੰਸਦੀ ਟਕਰਾਅ ਦੇ ਨਾਲ ਹੀ ਆਪਸੀ ਪਿਆਰ-ਮੁਹੱਬਤ ਦੀ ਘਾਟ ਵੀ ਦਿਸੀ।

ਪ੍ਰੀਜ਼ਾਈਡਿੰਗ ਅਫ਼ਸਰਾਂ ਨੂੰ ਤਣਾਅ ਤੇ ਅਪਮਾਨ ਦਾ ਸਾਹਮਣਾ ਕਰਨਾ ਪਿਆ। ਇਕ ਸੀਨੀਅਰ ਅਹੁਦੇਦਾਰ ਮੈਂਬਰ ਦੇ ਇਤਰਾਜ਼ਯੋਗ ਬਿਆਨ ਨੂੰ ਲੋਕ ਸਭਾ ਦੀ ਕਾਰਵਾਈ ’ਚੋਂ ਖ਼ਾਰਜ ਕਰਨਾ ਪਿਆ। ਰਾਜ ਸਭਾ ਦੇ ਚੇਅਰਪਰਸਨ ਅੱਗੇ ਵੀ ਔਖੇ ਹਾਲਾਤ ਬਣੇ ਰਹੇ। ਸੈਸ਼ਨ ਦਾ ਇਕ ਵੱਡਾ ਹਿੱਸਾ ਸ਼ੋਰ-ਸ਼ਰਾਬੇ ਵਿਚ ਗੁਜ਼ਰਿਆ। ਦੇਸ਼ ਦੇ ਕੋਨੇ-ਕੋਨੇ ਵਿਚ ਸੰਦੇਸ਼ ਗਿਆ ਕਿ ਸਾਡੇ ਲੋਕ ਨੁਮਾਇੰਦਿਆਂ ਦਾ ਵਿਵਹਾਰ ਵਾਜਬ ਨਹੀਂ ਹੈ।

ਦਰਅਸਲ, ਭਾਰਤ ਦੀਆਂ ਸਿਆਸੀ ਪਾਰਟੀਆਂ ਵਿਚ ਆਪਸੀ ਦੋਸਤਾਨਾ ਭਾਵ ਨਹੀਂ ਹੈ। ਹੁਕਮਰਾਨ ਤੇ ਵਿਰੋਧੀ ਧਿਰ ਆਪਸ ਵਿਚ ਦੁਸ਼ਮਣ ਨਹੀਂ ਹੁੰਦੀਆਂ। ਹੁਕਮਰਾਨ ਧਿਰ ਦੇ ਨਾਲ ਹੀ ਵਿਰੋਧੀ ਧਿਰ ਦਾ ਕੰਮ ਵੀ ਡੂੰਘੀ ਜ਼ਿੰਮੇਵਾਰੀ ਨਾਲ ਜੁੜਿਆ ਹੋਇਆ ਹੈ। ਲੋਕ ਫ਼ਤਵੇ ਨੂੰ ਪੂਰੇ ਮਨੋਂ ਸਵੀਕਾਰ ਕਰਨਾ ਰਾਸ਼ਟਰੀ ਕਰਤੱਬ ਹੈ। ਮੈਂਬਰਾਨ ਵਿਚਾਲੇ ਵਿਚਾਰਕ ਵਖਰੇਵਾਂ ਸੁਭਾਵਕ ਹੈ ਪਰ ਇੱਥੇ ਕੁੜੱਤਣ ਦਿਖਾਈ ਦਿੰਦੀ ਹੈ। ਕੁੜੱਤਣ ਕਾਰਨ ਦਿਲੀ ਖਲੂਸ ਘਟਦਾ ਹੈ। ਇਸ ਦਾ ਅਸਰ ਸੰਸਦੀ ਕੰਮਕਾਜ ’ਤੇ ਵੀ ਪੈਂਦਾ ਹੈ। ਇਸ ਤਰ੍ਹਾਂ ਵਿਧਾਨਕ ਕੰਮਾਂ ਦੇ ਨਾਲ ਬਜਟ ਆਦਿ ਵਿਸ਼ਿਆਂ ’ਤੇ ਵਾਦ-ਵਿਵਾਦ ਦੀ ਗੁਣਵੱਤਾ ਵਧਦੀ ਹੈ। ਸੰਸਦੀ ਕਾਰਜ ਕਿਉਂਕਿ ਡੂੰਘੀ ਨਿਸ਼ਠਾ ਦੀ ਮੰਗ ਕਰਦੇ ਹਨ, ਇਸੇ ਲਈ ਸੰਵਿਧਾਨ ਘਾੜਿਆਂ ਨੇ ਸੰਸਦ ਨੂੰ ਵਿਸ਼ੇਸ਼ ਅਧਿਕਾਰਾਂ ਨਾਲ ਸ਼ਕਤੀਸ਼ਾਲੀ ਬਣਾਇਆ ਹੈ।

ਵਿਸ਼ੇਸ਼ ਅਧਿਕਾਰ ਉਸੇ ਅਨੁਪਾਤ ਵਿਚ ਜ਼ਿੰਮੇਵਾਰੀ ਵੀ ਵਧਾਉਂਦੇ ਹਨ। ਬ੍ਰਿਟਿਸ਼ ਹਾਊਸ ਆਫ ਕਾਮਨਜ਼ ਦੀ ਇਕ ਕਮੇਟੀ ਨੇ ਵਿਸ਼ੇਸ਼ ਅਧਿਕਾਰਾਂ ’ਤੇ ਟਿੱਪਣੀ ਕੀਤੀ ਸੀ ਕਿ ‘‘ਵਿਸ਼ੇਸ਼ ਅਧਿਕਾਰਾਂ ਕਾਰਨ ਮੈਂਬਰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਨਹੀਂ ਹੋ ਜਾਂਦੇ ਬਲਕਿ ਸੰਸਦ ਦੇ ਮੈਂਬਰ ਹੋਣ ਕਾਰਨ ਹੋਰ ਨਾਗਰਿਕਾਂ ਦੀ ਤੁਲਨਾ ਵਿਚ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਹੋਰ ਵਧ ਜਾਂਦੀਆਂ ਹਨ।’’

ਆਪਸੀ ਕੁੜੱਤਣ ਕਾਰਨ ਸੰਸਦ ਵਿਚ ਅੜਿੱਕੇ ਪੈਂਦੇ ਹਨ। ਇਹ ਰੁਕਾਵਟਾਂ ਸੰਸਦ ਦੀ ਮਾਣ-ਮਰਿਆਦਾ ਨੂੰ ਘਟਾਉਂਦੀਆਂ ਹਨ। ਸੰਵਿਧਾਨ ਦੇ ਨਿਰਮਾਣਕਾਰਾਂ ਨੇ ਕਾਰਜਪਾਲਿਕਾ ਨੂੰ ਵਿਧਾਨਪਾਲਿਕਾ ਅੱਗੇ ਜਵਾਬਦੇਹ ਬਣਾਇਆ ਹੋਇਆ ਹੈ। ਸ਼ਾਨਦਾਰ ਸੰਸਦੀ ਕਾਰਵਾਈ ਨਾਲ ਹੀ ਸਰਕਾਰ ਦੀ ਜਵਾਬਦੇਹੀ ਯਕੀਨੀ ਹੁੰਦੀ ਹੈ।

ਭਾਰਤੀ ਸੰਸਦੀ ਪ੍ਰਣਾਲੀ ਬ੍ਰਿਟਿਸ਼ ਸੰਸਦੀ ਪਰੰਪਰਾ ਤੋਂ ਪ੍ਰੇਰਿਤ ਹੈ। ਬ੍ਰਿਟੇਨ ਵਿਚ ਸੰਸਦ ਸਭ ਤੋਂ ਉੱਪਰ ਹੈ। ਭਾਰਤ ਵਿਚ ਸੰਵਿਧਾਨ ਸਭ ਤੋਂ ਉੱਪਰ ਹੈ। ਬ੍ਰਿਟਿਸ਼ ਸੰਸਦ ਦੀ ਤਾਕਤ ਦੇ ਸਬੰਧ ਵਿਚ ਡਾਇਸੀ ਨੇ ਲਿਖਿਆ ਸੀ ਕਿ ‘ਉਹ ਇਕ ਛੋਟੇ ਬੱਚੇ ਨੂੰ ਬਾਲਗ ਕਰ ਸਕਦੀ ਹੈ ਅਤੇ ਗ਼ੈਰ-ਕਾਨੂੰਨੀ ਨੂੰ ਕਾਨੂੰਨੀ ਠਹਿਰਾ ਸਕਦੀ ਹੈ।’

ਹਾਲਾਂਕਿ ਬ੍ਰਿਟਿਸ਼ ਸੰਸਦ ਵਿਚ ਭਾਰਤੀ ਸੰਸਦ ਵਰਗੇ ਹੰਗਾਮੇ ਨਹੀਂ ਹੁੰਦੇ। ਅਮਰੀਕੀ ਸੰਸਦ-ਕਾਂਗਰਸ ਵਿਚ ਵੀ ਪ੍ਰਤੀਨਿਧੀ ਸਭਾ ਅਤੇ ਸੈਨੇਟ ਨਾਂ ਦੇ ਦੋ ਸਦਨ ਹਨ। ਅਮਰੀਕੀ ਕਾਂਗਰਸ ਕੋਲ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਦੇ ਅਧਿਕਾਰ ਹਨ। ਸਭ ਕੁਝ ਕਾਨੂੰਨ ਮੁਤਾਬਕ ਹੁੰਦਾ ਹੈ। ਸਵਿਟਜ਼ਰਲੈਂਡ ਵਿਚ ਦੋ ਵਿਧਾਨਕ ਸਦਨ ਹਨ। ਇੱਥੇ ਵਿਧਾਨਪਾਲਿਕਾ ਦੁਆਰਾ ਪਾਸ ਕਾਨੂੰਨ ਦੀ ਸਮੀਖਿਆ ਅਦਾਲਤਾਂ ਨਹੀਂ ਕਰ ਸਕਦੀਆਂ। ਇੱਥੇ ਵੀ ਭਾਰਤ ਵਰਗੀ ਸੰਸਦੀ ਵਿਵਸਥਾ ਨਹੀਂ ਹੈ। ਜਾਪਾਨੀ ਸੰਸਦ ਡਾਇਟ ਰਾਸ਼ਟਰ ਦੀ ਸ਼ਕਤੀ ਦਾ ਸਰਬਉੱਚ ਸਦਨ ਹੈ। ਪੱਛਮੀ ਦੇਸ਼ਾਂ ਦੀ ਵਿਧਾਨਪਾਲਿਕਾ ਵਿਚ ਭਾਰਤ ਵਰਗੇ ਮੰਦਭਾਗੇ ਆਚਰਣ ਨਹੀਂ ਹੁੰਦੇ। ਇਨ੍ਹਾਂ ਦੇਸ਼ਾਂ ਵਿਚ ਸੰਸਦੀ ਵਿਵਸਥਾ ਦਾ ਇਤਿਹਾਸ ਬਹੁਤ ਪੁਰਾਣਾ ਨਹੀਂ ਹੈ ਜਦਕਿ ਭਾਰਤ ਵੈਦਿਕ ਕਾਲ ਤੋਂ ਹੀ ਲੋਕਤੰਤਰੀ ਵਿਵਸਥਾ ਨੂੰ ਪੋਸ਼ਿਤ ਕਰਦਾ ਆ ਰਿਹਾ ਹੈ। ਸਭਾਵਾਂ ਅਤੇ ਕਮੇਟੀਆਂ ਵੈਦਿਕ ਕਾਲ ਵਿਚ ਵੀ ਸਨ। ਉਦੋਂ ਤੋਂ ਲੈ ਕੇ ਮਹਾ-ਕਾਵਿਕਾਲ ਤੱਕ ਸੰਸਦੀ ਵਿਵਸਥਾ ਦੇ ਸੂਤਰ ਮਿਲਦੇ ਹਨ।

ਬਰਤਾਨੀਆ ਵਿਚ 1228 ਵਿਚ ਕੁਲੀਨਾਂ ਦੀ ਕਮੇਟੀ ਬਣਾਉਣ ਦੀ ਮੰਗ ਕੀਤੀ ਗਈ ਸੀ। ਸੰਨ 1295 ਵਿਚ ਐਡਵਰਡ ਪਹਿਲੇ ਨੇ ਇਸ ਨੂੰ ਸਲਾਹ ਦੇਣ ਵਾਲੀ ਸੰਸਥਾ ਵਜੋਂ ਮਾਨਤਾ ਦਿੱਤੀ। ਐਡਵਰਡ ਤੀਜਾ (1327) ਦੇ ਸਮੇਂ ਵਿਵਸਥਾ ਦੋ ਸਦਨਾਂ ਵਾਲੀ ਹੋਈ।

ਇੰਗਲੈਂਡ ਵਿਚ ਸੰਸਦੀ ਪਰੰਪਰਾ ਦਾ ਜਨਮ ਅਤੇ ਵਿਕਾਸ ਹੌਲੀ-ਹੌਲੀ ਹੋਇਆ। ਭਾਰਤ ਵਿਚ ਲਗਪਗ 5,000 ਸਾਲ ਪਹਿਲਾਂ ਵੀ ਸਭਾਵਾਂ-ਕਮੇਟੀਆਂ ਸਨ ਪਰ ਬ੍ਰਿਟਿਸ਼ ਸੰਸਦੀ ਕਾਲ ਪਰੰਪਰਾ ਥੋੜ੍ਹੇ ਸਮੇਂ ਵਿਚ ਹੀ ਮਸ਼ਹੂਰ ਹੋ ਗਈ। ਚੇਤੇ ਰਹੇ ਕਿ ਰਾਸ਼ਟਰ ਦਾ ਮੂਲ ਆਧਾਰ ਸੰਸਕ੍ਰਿਤੀ ਹੈ। ਸੰਸਕ੍ਰਿਤੀ ਦਾ ਮੂਲ ਆਧਾਰ ਸਮੂਹਿਕ ਰੀਤੀ-ਪ੍ਰੀਤੀ ਹੈ। ਸਮੂਹਿਕਤਾ ਵਿਚ ਹੀ ਸੰਵਿਧਾਨ ਅਤੇ ਉਸ ਦੀਆਂ ਸੰਸਥਾਵਾਂ ਪ੍ਰਤੀ ਆਦਰ ਯਕੀਨੀ ਬਣਦਾ ਹੁੰਦਾ ਹੈ। ਭਾਰਤ ਵਿਚ ਵੈਦਿਕ ਕਾਲ ਤੋਂ ਹੀ ਸੰਸਕ੍ਰਿਤਕ ਨਿਰੰਤਰਤਾ ਹੈ। ਫਿਰ ਵੀ ਸੰਸਦੀ ਕਾਰਵਾਈ ਦੀ ਗੁਣਵੱਤਾ ਘਟੀ ਹੈ। ਵਾਦ-ਵਿਵਾਦ ਵਿਚ ਸ਼ਾਲੀਨਤਾ ਵੀ ਘੱਟ ਹੋਈ ਹੈ। ਜਲਸਿਆਂ ਵਿਚ ਬੋਲਣਾ ਅਲੱਗ ਗੱਲ ਹੈ ਅਤੇ ਸੰਸਦ ਜਾਂ ਵਿਧਾਨ ਸਭਾਵਾਂ ਵਿਚ ਗੱਲ ਰੱਖਣਾ ਅਲੱਗ।

ਸੰਸਦੀ ਕਾਰਵਾਈ ਦਾ ਮਕਸਦ ਰਾਸ਼ਟਰ ਦਾ ਭਲਾ ਸੋਚਣਾ ਹੁੰਦਾ ਹੈ। ਇਸੇ ਲਈ ਸ਼ਾਲੀਨ ਵਿਚਾਰ-ਚਰਚਾ ਪ੍ਰਤੀ ਨਿਸ਼ਠਾ ਹੋਣੀ ਚਾਹੀਦੀ ਹੈ। ਦੇਸ਼ ਨੂੰ ਹਿਲਾ ਕੇ ਰੱਖ ਦੇਣ ਵਾਲੇ ਮੁੱਦੇ ਬਹੁਤ ਸਿਰ ਚੁੱਕਦੇ ਹਨ। ਸੰਸਕ੍ਰਿਤੀ ਨੂੰ ਨੁਕਸਾਨ, ਵੱਖਵਾਦ, ਇਲਾਜ, ਸਿੱਖਿਆ, ਖੇਤੀ, ਬੇਰੁਜ਼ਗਾਰੀ ਅਤੇ ਅਰਥ ਨੀਤੀ ਸਹਿਤ ਸਾਰੇ ਮੁੱਦਿਆਂ ’ਤੇ ਰਾਸ਼ਟਰੀ ਵਿਚਾਰ-ਚਰਚਾ ਦੀ ਜ਼ਰੂਰਤ ਹੈ ਪਰ ਪਵਿੱਤਰ ਸਦਨਾਂ ਵਿਚ ਮਾੜੀ ਵਿਵਸਥਾ ਹੈ।

ਸਦਨਾਂ ਦੀਆਂ ਬੈਠਕਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਘੱਟ ਮਿਆਦ ਵਾਲੇ ਇਜਲਾਸਾਂ ਵਿਚ ਵਿਧਾਇਕਾਂ-ਸੰਸਦ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਨਹੀਂ ਮਿਲਦਾ। ਹੰਗਾਮਿਆਂ ਦਾ ਇਕ ਕਾਰਨ ਇਹ ਵੀ ਹੈ। ਵਿਧਾਨਕ ਸਦਨਾਂ ਦੀਆਂ ਬੈਠਕਾਂ ਦੀ ਗਿਣਤੀ ਅਤੇ ਸਮਾਂ ਵਧਾਉਣਾ ਹੋਵੇਗਾ। ਬੈਠਕਾਂ ਅਤੇ ਸੈਸ਼ਨਾਂ ਦੀ ਗਿਣਤੀ ਨੂੰ ਸੰਵਿਧਾਨ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਵਿਰੋਧੀ ਧਿਰ ਦੇ ਪ੍ਰਸਤਾਵਾਂ, ਨਿੱਜੀ ਬਿੱਲਾਂ ਅਤੇ ਸੰਕਲਪਾਂ ਦਾ ਸਮਾਂ ਵੀ ਵਧਾਉਣਾ ਚਾਹੀਦਾ ਹੈ। ਇਸ ਦੇ ਲਈ ਵਿਰੋਧੀ ਧਿਰ ਦੀ ਭਾਗੀਦਾਰੀ ਵਾਲੇ ਦੋਵਾਂ ਸਦਨਾਂ ਦੀ ਇਕ ਸੰਯੁਕਤ ਕਮੇਟੀ ਬਣ ਸਕਦੀ ਹੈ। ਸੰਸਦੀ ਪ੍ਰਣਾਲੀ ਵਿਚ ਸੁਧਾਰਾਂ ਦੀ ਫੌਰੀ ਜ਼ਰੂਰਤ ਹੈ।

ਅਜਿਹੇ ਸੁਧਾਰ ਬਿਨਾਂ ਕਿਸੇ ਦੇਰੀ ਦੇ ਹੋਣੇ ਚਾਹੀਦੇ ਹਨ ਕਿਉਂਕਿ ਇਹ ਅਵਾਮ ਲਈ ਬਹੁਤ ਮਹੱਤਵਪੂਰਨ ਹਨ। ਪ੍ਰਸਿੱਧ ਇਤਿਹਾਸਕਾਰ ਗ੍ਰੋਟ ਨੇ ਕਿਹਾ ਹੈ, ‘‘ਸਰਕਾਰ ਸੰਚਾਲਨ ਵਿਚ ਵਿਧਾਨਕ ਨੈਤਿਕਤਾ ਦਾ ਪ੍ਰਸਾਰ ਜ਼ਰੂਰੀ ਹੈ। ਸਿਰਫ਼ ਬਹੁ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਵਿਚ ਹੀ ਨਹੀਂ ਬਲਕਿ ਸਾਰੇ ਨਾਗਰਿਕਾਂ ਵਿਚ।

ਕੋਈ ਵੀ ਸ਼ਕਤੀਸ਼ਾਲੀ ਅਤੇ ਹਠੀ ਸੁਤੰਤਰ ਸ਼ਾਸਨ ਦਾ ਕਾਰਜ ਸੰਚਾਲਨ ਰੋਕ ਸਕਦਾ ਹੈ ਜਾਂ ਕਠਿਨ ਬਣਾ ਸਕਦਾ ਹੈ।’’ ਹਾਲਾਂਕਿ ਕਾਰਜਪਾਲਿਕਾ ਦੇ ਸਬੰਧ ਵਿਚ ਇੱਥੇ ਆਲੋਚਨਾ ਦੀ ਸਹੂਲਤ ਹੈ। ਪਾਰਟੀਬਾਜ਼ੀ ਵਾਲੇ ਸੰਘਰਸ਼ ਦੀ ਕੁੜੱਤਣ ਦੇ ਬਾਵਜੂਦ ਸੰਵਿਧਾਨ ਪ੍ਰਤੀ ਆਦਰ ਹੈ। ਸੰਸਦੀ ਕਾਰਵਾਈ ਵਿਚ ਭਾਰਤ ਨੂੰ ਅਮਿੱਟ ਛਾਪ ਛੱਡਣੀ ਚਾਹੀਦੀ ਹੈ। ਕਿੰਨਾ ਚੰਗਾ ਹੋਵੇ ਕਿ ਸੰਸਦ ਵਿਚ ਸੱਤਾ ਤੇ ਵਿਰੋਧੀ ਧਿਰ ਆਪਣਾ ਆਚਰਨ ਇੰਨਾ ਸੁਚੱਜਾ ਤੇ ਹਲੀਮੀ ਵਾਲਾ ਬਣਾ ਲੈਣ ਕਿ ਅਵਾਮ ਉਨ੍ਹਾਂ ਦੀਆਂ ਤਾਰੀਫ਼ਾਂ ਕਰਨ ਅਤੇ ਸਾਰਾ ਸੰਸਾਰ ਉਨ੍ਹਾਂ ਦੇ ਪਾਏ ਪੂਰਨਿਆਂ ’ਤੇ ਚੱਲਣ ਵਿਚ ਮਾਣ ਮਹਿਸੂਸ ਕਰੇ।ਰਾਸ਼ਟਰ ਨਿਰਮਾਣ ਦੀ ਕਾਰਜ-ਯੋਜਨਾ ਦੇ ਸੰਕਲਪ ਵਿਚ ਸਵਾਲ-ਜਵਾਬ ਅਤੇ ਜਵਾਬਦੇਹੀ ਬੇਹੱਦ ਜ਼ਰੂਰੀ ਹੈ ਪਰ ਅਜਿਹਾ ਆਮ ਤੌਰ ’ਤੇ ਹੁੰਦਾ ਨਹੀਂ।

ਸੰਸਦੀ ਕਾਰਵਾਈ ਦਾ ਸਿੱਧਾ ਪ੍ਰਸਾਰਨ ਹੁੰਦਾ ਹੈ। ਆਪਣੇ ਲੋਕ ਨੁਮਾਇੰਦਿਆਂ ਨੂੰ ਸ਼ਾਲੀਨ ਅਤੇ ਭੱਦਰਪੁਰਸ਼ ਨਾ ਦੇਖ ਕੇ ਆਮ ਲੋਕ ਨਿਰਾਸ਼ ਹੁੰਦੇ ਹਨ। ਕੌਮੀ ਜੀਵਨ ਵਿਚ ਉਮੀਦ, ਉਤਸ਼ਾਹ ਅਤੇ ਉਮੰਗ ਜ਼ਰੂਰੀ ਹੈ।

ਸੰਸਦੀ ਸੰਸਥਾਵਾਂ ਵਿਚ ਅਨੁਸ਼ਾਸਨ ਅਤੇ ਮਰਿਆਦਾ ਵਾਲਾ ਮਾਹੌਲ ਸਿਰਜਣਾ ਸਾਡੇ ਸਾਰਿਆਂ ਲਈ ਬੇਹੱਦ ਜ਼ਰੂਰੀ ਹੈ। ਹੁਕਮਰਾਨ ਤੇ ਵਿਰੋਧੀ ਧਿਰ ਨੂੰ ਪੂਰੇ ਦੇਸ਼ ਨੂੰ ਸੰਦੇਸ਼ ਦੇਣਾ ਚਾਹੀਦਾ ਹੈ ਕਿ ਉਹ ਵਿਚਾਰਕ ਮਤਭੇਦਾਂ ਦੇ ਬਾਵਜੂਦ ‘ਰਾਸ਼ਟਰ ਸਭ ਤੋਂ ਉੱਪਰ ਹੈ’ ਦੇ ਮਹਾ-ਮੰਤਰ ਨਾਲ ਜੁੜੀਆਂ ਹੋਈਆਂ ਹਨ।

# ਪੰਜਾਬ ਸਰਕਾਰ ਵੱਲੋਂ ਆਰਡੀਐੱਫ ਲਈ ਜਦੋਜਹਿਦ

ਸੂਬਾ ਸਰਕਾਰ ਚਿਰਾਂ ਤੋਂ ਕੇਂਦਰ ਦੀ ਐੱਨਡੀਏ ਸਰਕਾਰ ਤੋਂ ਪੇਂਡੂ ਵਿਕਾਸ ਫੰਡ (ਆਰਡੀਐੱਫ) ਨਾਲ ਸਬੰਧਤ ਬਕਾਇਆ ਰਕਮ ਲੈਣ ਲਈ ਜਦੋਜਹਿਦ ਕਰ ਰਹੀ ਹੈ। ਇਸ ਨੂੰ ਲੈ ਕੇ ਪੰਜਾਬ ਦੇ ਸਾਬਕਾ ਰਾਜਪਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਤਕਰਾਰ ਵੀ ਹੁੰਦੀ ਰਹੀ। ਸਿਆਸੀ ਪਾਰਟੀਆਂ ਵੀ ਇਸ ਨੂੰ ਲੈ ਕੇ ਇਕ-ਦੂਜੀ ਨਾਲ ਉਲਝਦੀਆਂ ਰਹੀਆਂ ਹਨ। ਇਲਜ਼ਾਮਤਰਾਸ਼ੀਆਂ ਵੀ ਚੱਲਦੀਆਂ ਰਹੀਆਂ ਹਨ ਪਰ ਪੰਜਾਬ ਨੂੰ ਉਸ ਦੇ ਹਿੱਸੇ ਦਾ ਪੈਸਾ ਨਹੀਂ ਮਿਲਿਆ। ਹਕੀਕਤ ਤਾਂ ਇਹੀ ਹੈ ਕਿ ਪੰਜਾਬ ਸਰਕਾਰ ਦੀ ਮਾਲੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਹੈ।

ਅਜਿਹੇ ’ਚ ਉਸ ਨੂੰ ਵਿਕਾਸ ਤੇ ਜਨਤਾ ਦੀ ਭਲਾਈ ਲਈ ਪੈਸੇ ਦੀ ਦਰਕਾਰ ਹੈ। ਨਵੇਂ ਵਿੱਤੀ ਸੋਮੇ ਪੈਦਾ ਹੋ ਨਹੀਂ ਰਹੇ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਪੁਰਾਣੇ ਸੋਮਿਆਂ ਤੋਂ ਹੀ ਪੈਸਾ ਲਿਆ ਜਾਵੇ। ਇਨ੍ਹਾਂ ਕੋਸ਼ਿਸ਼ਾਂ ਤਹਿਤ ਹੀ ਪੰਜਾਬ ਸਰਕਾਰ ਕੇਂਦਰ ਤੋਂ ਆਰਡੀਐੱਫ ਦਾ ਬਕਾਇਆ ਲੈਣ ਲਈ ਮੰਗਲਵਾਰ ਨੂੰ ਸੁਪਰੀਮ ਕੋਰਟ ਚਲੀ ਗਈ। ਦਾਖ਼ਲ ਪਟੀਸ਼ਨ ’ਚ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਨੂੰ ਕੇਂਦਰ ਸਰਕਾਰ ਨੂੰ ਤੁਰੰਤ ਬਕਾਇਆ ਰਕਮ ਜਾਰੀ ਕਰਨ ਦਾ ਹੁਕਮ ਦੇਣ ਦੀ ਮੰਗ ਕੀਤੀ ਹੈ। ਇਹ ਪਹਿਲਾ ਮਾਮਲਾ ਨਹੀਂ ਜਦੋਂ ਕੇਂਦਰ ਨੇ ਪੰਜਾਬ ਦੇ ਆਰਡੀਐੱਫ ਦਾ ਪੈਸਾ ਰੋਕਿਆ ਹੋਵੇ।

ਹਾਲੇ ਕੁਝ ਦਿਨ ਪਹਿਲਾਂ ਹੀ ਆਪ ਦੇ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੇ ਸੰਸਦ ਵਿਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਫੰਡ ਰੋਕਣ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਕਿਹਾ ਸੀ ਕਿ ਕੇਂਦਰ ਵੱਲ ਪੰਜਾਬ ਦੇ ਆਰ ਡੀ ਐੱਫ ਦੇ 5500 ਕਰੋੜ ਰੁਪਏ ਬਕਾਇਆ ਹਨ। ‘ਆਪ’ ਸਰਕਾਰ ਨੇ ਇਹ ਫੰਡ ਸਿਰਫ਼ ਮੰਡੀਆਂ ਤੇ ਪੇਂਡੂ ਸੜਕਾਂ ਲਈ ਹੀ ਖ਼ਰਚਣ ਵਾਸਤੇ ਨਵੇਂ ਕਾਨੂੰਨ ਬਣਾਏ ਹਨ। ਨਾਲ ਹੀ ਉਨ੍ਹਾਂ ਨੈਸ਼ਨਲ ਹੈਲਥ ਮਿਸ਼ਨ ਦੇ 621 ਕਰੋੜ ਰੁਪਏ ਕੇਂਦਰ ਵੱਲ ਬਕਾਇਆ ਖੜ੍ਹੇ ਹੋਣ ਦੀ ਗੱਲ ਵੀ ਆਖੀ। ਉਨ੍ਹਾਂ ਮੁਤਾਬਕ ਕੇਂਦਰ ਸਰਕਾਰ ਨੇ ਪੰਜਾਬ ਦੇ ਕੁੱਲ 8,000 ਕਰੋੜ ਰੁਪਏ ਦੇ ਫੰਡ ਰੋਕ ਰੱਖੇ ਹਨ ਜਿਸ ਕਾਰਨ ਸੂਬੇ ਦਾ ਵਿਕਾਸ ਪ੍ਰਭਾਵਿਤ ਹੋ ਰਿਹਾ ਹੈ।

ਦਰਅਸਲ, ਪੰਜਾਬ ਸਰਕਾਰ ਨੇ 9 ਅਪ੍ਰੈਲ 1987 ਨੂੰ ਪੰਜਾਬ ਦਿਹਾਤੀ ਵਿਕਾਸ ਬੋਰਡ ਦਾ ਗਠਨ ਕੀਤਾ ਸੀ। ਇਸ ਨਾਲ ਫ਼ਸਲਾਂ ਤੋਂ ਦਿਹਾਤੀ ਵਿਕਾਸ ਫੰਡ ਪ੍ਰਾਪਤ ਹੁੰਦਾ ਹੈ। ਭਾਵ ਜੋ ਕਣਕ ਤੇ ਝੋਨਾ ਪੰਜਾਬ ’ਚੋਂ ਕੇਂਦਰ ਸਰਕਾਰ ਵੱਲੋਂ ਖ਼ਰੀਦਿਆ ਜਾਂਦਾ ਹੈ, ਉਸ ਤੋਂ ਪੰਜਾਬ ਸਰਕਾਰ ਨੂੰ ਤਿੰਨ ਫ਼ੀਸਦ ਮਾਰਕੀਟ ਫ਼ੀਸ ਤੇ ਤਿੰਨ ਪ੍ਰਤੀਸ਼ਤ ਦਿਹਾਤੀ ਵਿਕਾਸ ਫੰਡ ਮਿਲਦਾ ਹੈ। ਫਿਰ ਇਹ ਪੈਸਾ ਪਿੰਡਾਂ ਦੇ ਵਿਕਾਸ ’ਤੇ ਖ਼ਰਚ ਹੁੰਦਾ ਹੈ। ਸੂਬਾ ਸਰਕਾਰ ਨੂੰ ਹਰ ਸਾਲ ਝੋਨੇ ਤੋਂ 1000 ਕਰੋੜ ਰੁਪਏ ਤੇ ਕਣਕ ਤੋਂ 750 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਪ੍ਰਾਪਤ ਹੁੰਦਾ ਹੈ।

ਪੰਜਾਬ ਦਿਹਾਤੀ ਵਿਕਾਸ ਐਕਟ 1987 ਅਨੁਸਾਰ ਦਿਹਾਤੀ ਵਿਕਾਸ ਫੰਡ ਫ਼ਸਲਾਂ ਦੀ ਪੈਦਾਵਾਰ ’ਚ ਵਾਧੇ, ਕੁਦਰਤੀ ਆਫ਼ਤਾਂ ਨਾਲ ਹੋਏ ਫ਼ਸਲੀ ਨੁਕਸਾਨ ਦੇ ਮੁਆਵਜ਼ੇ, ਅਨਾਜ ਦੇ ਭੰਡਾਰਨ, ਕਿਸਾਨਾਂ ਤੇ ਡੀਲਰਾਂ ਲਈ ਰੈਸਟ ਹਾਊਸ ਬਣਾਉਣ, ਪੇਂਡੂ ਸੜਕਾਂ ਦੀ ਉਸਾਰੀ, ਸਫ਼ਾਈ ਤੇ ਪੀਣ ਵਾਲੇ ਪਾਣੀ ਦੀ ਵਿਵਸਥਾ, ਖੇਤ ਮਜ਼ਦੂਰਾਂ ਦੀ ਭਲਾਈ ਆਦਿ ਲਈ ਵਰਤਿਆ ਜਾ ਸਕਦਾ ਹੈ।

ਕੇਂਦਰ ਸਰਕਾਰ ਦੀ ਦਲੀਲ ਹੈ ਕਿ ਪੰਜਾਬ ਸਰਕਾਰ ਇਹ ਪੈਸੇ ਹੋਰਨਾਂ ਕਾਰਜਾਂ ਲਈ ਵਰਤ ਰਹੀ ਹੈ। ਮੁੱਖ ਜੱਜ ਡੀਵਾਈ ਚੰਦਰਚੂੜ੍ਹ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਪੰਜਾਬ ਦੇ ਐਡੀਸ਼ਨਲ ਸੋਲਿਸਟਰ ਜਨਰਲ ਨੇ ਕੇਂਦਰ ਸਰਕਾਰ ਨੂੰ ਪੈਸਾ ਜਾਰੀ ਕਰਨ ਦਾ ਹੁਕਮ ਦੇਣ ਵਾਲੀ ਪਟੀਸ਼ਨ ’ਤੇ ਛੇਤੀ ਸੁਣਵਾਈ ਦੀ ਅਪੀਲ ਕੀਤੀ। ਚੀਫ ਜਸਟਿਸ ਨੇ ਮਾਮਲੇ ਦੀ ਤਤਕਾਲਤਾ ਨੂੰ ਦੇਖਦੇ ਹੋਏ ਛੇਤੀ ਸੁਣਵਾਈ ਲਈ ਸਹਿਮਤੀ ਦਿੱਤੀ ਹੈ।

**ਦਰਅਸਲ, ਪੰਜਾਬ ਸਰਕਾਰ ਨੇ 9 ਅਪ੍ਰੈਲ 1987 ਨੂੰ ਪੰਜਾਬ ਦਿਹਾਤੀ ਵਿਕਾਸ ਬੋਰਡ ਦਾ ਗਠਨ ਕੀਤਾ ਸੀ। ਇਸ ਨਾਲ ਫ਼ਸਲਾਂ ਤੋਂ ਦਿਹਾਤੀ ਵਿਕਾਸ ਫੰਡ ਪ੍ਰਾਪਤ ਹੁੰਦਾ ਹੈ। ਭਾਵ ਜੋ ਕਣਕ ਤੇ ਝੋਨਾ ਪੰਜਾਬ ’ਚੋਂ ਕੇਂਦਰ ਸਰਕਾਰ ਵੱਲੋਂ ਖ਼ਰੀਦਿਆ ਜਾਂਦਾ ਹੈ, ਉਸ ਤੋਂ ਪੰਜਾਬ ਸਰਕਾਰ ਨੂੰ ਤਿੰਨ ਫ਼ੀਸਦ ਮਾਰਕੀਟ ਫ਼ੀਸ ਤੇ ਤਿੰਨ ਪ੍ਰਤੀਸ਼ਤ ਦਿਹਾਤੀ ਵਿਕਾਸ ਫੰਡ ਮਿਲਦਾ ਹੈ। ਫਿਰ ਇਹ ਪੈਸਾ ਪਿੰਡਾਂ ਦੇ ਵਿਕਾਸ ’ਤੇ ਖ਼ਰਚ ਹੁੰਦਾ ਹੈ। ਸੂਬਾ ਸਰਕਾਰ ਨੂੰ ਹਰ ਸਾਲ ਝੋਨੇ ਤੋਂ 1000 ਕਰੋੜ ਰੁਪਏ ਤੇ ਕਣਕ ਤੋਂ 750 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਪ੍ਰਾਪਤ ਹੁੰਦਾ ਹੈ। ਪੰਜਾਬ ਦਿਹਾਤੀ ਵਿਕਾਸ ਐਕਟ 1987 ਅਨੁਸਾਰ ਦਿਹਾਤੀ ਵਿਕਾਸ ਫੰਡ ਫ਼ਸਲਾਂ ਦੀ ਪੈਦਾਵਾਰ ’ਚ ਵਾਧੇ, ਕੁਦਰਤੀ ਆਫ਼ਤਾਂ ਨਾਲ ਹੋਏ ਫ਼ਸਲੀ ਨੁਕਸਾਨ ਦੇ ਮੁਆਵਜ਼ੇ, ਅਨਾਜ ਦੇ ਭੰਡਾਰਨ, ਕਿਸਾਨਾਂ ਤੇ ਡੀਲਰਾਂ ਲਈ ਰੈਸਟ ਹਾਊਸ ਬਣਾਉਣ, ਪੇਂਡੂ ਸੜਕਾਂ ਦੀ ਉਸਾਰੀ, ਸਫ਼ਾਈ ਤੇ ਪੀਣ ਵਾਲੇ ਪਾਣੀ ਦੀ ਵਿਵਸਥਾ, ਖੇਤ ਮਜ਼ਦੂਰਾਂ ਦੀ ਭਲਾਈ ਆਦਿ ਲਈ ਵਰਤਿਆ ਜਾ ਸਕਦਾ ਹੈ।**



TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਬਰਤਾਨੀਆ ਵਰਗੇ ਸ਼ਾਂਤ ਮੁਲਕ ਵਿਚ ਦੰਗੇ ਕਿਉਂ ਹੋ ਰਹੇ ਨੇ?

ਬੀਤੇ ਦਿਨੀਂ ਬਰਤਾਨੀਆ ਦੇ ਤਮਾਮ ਹਿੱਸਿਆਂ 'ਚ ਵੱਡੇ ਪੱਧਰ 'ਤੇ ਦੰਗੇ ਭੜਕ ਗਏ। ਦੰਗਿਆਂ ਦੀ ਦਹਿਸ਼ਤ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ 'ਤੇ ਕਾਬੂ ਕਰਨ 'ਚ ਲਗਪਗ ਹਫ਼ਤੇ ਦਾ ਸਮਾਂ ਲੱਗ ਗਿਆ। ਸੈਂਕੜੇ ਲੋਕਾਂ ਦੀ ਗ੍ਰਿਫ਼ਤਾਰੀ ਤੇ ਸਾਰੇ ਸਖ਼ਤ ਕਦਮ ਚੁੱਕਣ ਦੇ ਬਾਵਜੂਦ ਸਥਿਤੀ ਨਾਜ਼ੁਕ ਬਣੀ ਰਹੀ। ਪਤਾ ਨਹੀਂ ਸੀ ਕਿ ਕਿੱਥੇ ਵਿਵਾਦ ਦੀ ਛੋਟੀ ਜਿਹੀ ਚੰਗਿਆੜੀ ਕਿਸੇ ਵੱਡੇ ਦੰਗੇ ਦਾ ਰੂਪ ਧਾਰਨ ਕਰ ਲਵੇ। ਪਿਛਲਾ ਮਾਮਲਾ 29 ਜੁਲਾਈ ਨੂੰ ਇਕ ਡਾਂਸ ਪ੍ਰੋਗਰਾਮ ਤੋਂ ਬਾਅਦ ਸ਼ੁਰੂ ਹੋਇਆ। ਉੱਤਰੀ ਇੰਗਲੈਂਡ ਦੇ ਸਾਊਥਪੋਰਟ 'ਚ ਕਰਵਾਏ ਇਸ ਪ੍ਰੋਗਰਾਮ ਦੌਰਾਨ ਤਿੰਨ ਬੱਚੀਆਂ ਦੀ ਹੱਤਿਆ ਕਰ ਦਿੱਤੀ ਗਈ ਜਦਕਿ ਕੁਝ ਹੋਰ ਜ਼ਖ਼ਮੀ ਹੋ ਗਏ।

ਹਮਲਾਵਰ ਦੇ ਬਾਰੇ ਇੰਟਰਨੈੱਟ ਮੀਡੀਆ 'ਤੇ ਇਹ ਅਫ਼ਵਾਹ ਉੱਡੀ ਕਿ ਉਹ ਮੁਸਲਿਮ ਭਾਈਚਾਰੇ ਨਾਲ ਜੁੜਿਆ ਹੈ, ਜੋ ਬਰਤਾਨੀਆ 'ਚ ਪਨਾਹ ਹਾਸਲ ਕਰਨ ਵਾਲਾ ਇਕ ਪਰਵਾਸੀ ਹੈ। ਇਸ ਤੋਂ ਬਾਅਦ ਮੁਸਲਿਮ ਭਾਈਚਾਰੇ ਤੇ ਪਰਵਾਸੀ, ਸਥਾਨਕ ਲੋਕਾਂ ਦੇ ਨਿਸ਼ਾਨੇ 'ਤੇ ਆ ਗਏ। ਹਾਲਾਂਕਿ ਬਾਅਦ 'ਚ ਇਹ ਸਪੱਸ਼ਟ ਹੋਇਆ ਕਿ 17 ਸਾਲਾ ਮੁੱਖ ਹਮਲਾਵਰ ਏਕਸਲ ਰੁਦਾਕੁਬਾਨਾ ਵੇਲਜ਼ 'ਚ ਹੀ ਪੈਦਾ ਹੋਇਆ ਹੈ, ਜਿਸ ਦੇ ਮਾਤਾ-ਪਿਤਾ ਰਵਾਂਡਾ ਤੋਂ ਬਰਤਾਨੀਆ ਆਏ ਸਨ। ਜਦ ਤੱਕ ਤਸਵੀਰ ਸਾਫ਼ ਹੁੰਦੀ, ਉਸ ਤੋਂ ਪਹਿਲਾਂ ਹੀ ਲੋਕਾਂ ਨੇ ਸਾਊਥਪੋਰਟ 'ਚ ਇਕ ਮਸਜਿਦ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਹਮਲਾਵਰ ਚਾਹੇ ਫੜ ਲਿਆ ਗਿਆ ਹੋਵੇ, ਪਰ ਇਸ ਮਾਮਲੇ ਨੇ ਬਰਤਾਨੀਆ ਦੇ ਲੋਕਾਂ ਨੂੰ ਭੜਕਾ ਦਿੱਤਾ। ਗੁੱਸੇ 'ਚ ਆਈ ਭੀੜ ਨੇ ਰਾਦਰਮ 'ਚ ਉਸ ਹੋਟਲ 'ਤੇ ਵੀ ਹਮਲਾ ਕੀਤਾ, ਜਿਸ 'ਚ ਸਿਆਸੀ ਪਨਾਹ ਮੰਗਣ ਵਾਲਿਆਂ ਨੂੰ ਰੱਖਿਆ ਜਾਂਦਾ ਹੈ। ਏਨਾ ਹੀ ਨਹੀਂ, ਲਿਵਰਪੂਲ, ਬ੍ਰਿਸਟਲ, ਮਾਨਚੈਸਟਰ ਤੇ ਬਲੈਕਪੂਲ 'ਚ ਵੀ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ। ਅਜਿਹੇ ਲਗਪਗ 20 ਮਾਮਲਿਆਂ 'ਚ ਕੁਝ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ। ਇਸ ਤਰ੍ਹਾਂ ਹਿੰਸਕ ਪ੍ਰਦਰਸ਼ਨ ਚਾਹੇ ਇਕ ਤਤਕਾਲੀ ਪ੍ਰਤੀਕਿਰਿਆ ਹੋਣ, ਪਰ ਇਸ ਦੀ ਸੁਗਬੁਗਾਹਟ ਬਰਤਾਨਵੀ ਸਮਾਜ 'ਚ ਕਾਫ਼ੀ ਪਹਿਲਾਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਇਹੀ ਕਾਰਨ ਹੈ ਕਿ ਸਰਕਾਰ ਸੰਵੇਦਨਸ਼ੀਲ ਵਰਗਾਂ ਨੂੰ ਲੈ ਕੇ ਸਰਗਰਮ ਹੋਈ ਹੈ।



ਮਿਸਾਲ ਵਜੋਂ ਪਰਵਾਸੀ ਮਾਮਲਿਆਂ ਨੂੰ ਦੇਖਣ ਵਾਲੇ ਵਕੀਲਾਂ ਦੀ ਸੁਰੱਖਿਆ ਸਬੰਧੀ ਵੀ ਉੱਠਦੇ ਸਵਾਲਾਂ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਦੇਖਿਆ ਜਾਵੇ ਤਾਂ ਜ਼ਮੀਨੀ ਪੱਧਰ 'ਤੇ ਕਾਨੂੰਨ ਅਤੇ ਵਿਵਸਥਾ ਨਾਲ ਸਬੰਧਤ ਦਿਸਣ ਵਾਲੇ ਇਸ ਮਾਮਲੇ ਦੀਆਂ ਜੜ੍ਹਾਂ ਪਰਵਾਸ ਵਿਰੋਧ ਤੇ ਬਰਤਾਨਵੀ ਸਮਾਜ 'ਚ ਗਹਿਰਾਉਂਦੀਆਂ ਵੰਡ ਪਾਊ ਰੇਖਾਵਾਂ ਨਾਲ ਜੁੜੀਆਂ ਹਨ। ਆਉਣ ਵਾਲੇ ਦਿਨਾਂ 'ਚ ਇਸ ਦੇ ਹੋਰ ਖ਼ੌਫ਼ਨਾਕ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ।

ਪਰਵਾਸੀਆਂ ਸਬੰਧੀ ਬਰਤਾਨੀਆ ਵਿਚ ਪਿਛਲੇ ਕੁਝ ਸਮੇਂ ਤੋਂ ਬੇਚੈਨੀ ਵਧ ਰਹੀ ਹੈ।ਤਮਾਮ ਬਰਤਾਨਵੀ ਨਾਗਰਿਕ ਅਜਿਹਾ ਸੋਚਦੇ ਹਨ ਕਿ ਪਰਵਾਸੀਆਂ ਦੀ ਵਧਦੀ ਗਿਣਤੀ ਕਾਰਨ ਹਾਊਸਿੰਗ, ਸਿੱਖਿਆ ਤੇ ਸਿਹਤ ਨਾਲ ਜੁੜੀਆਂ ਸਰਕਾਰੀ ਕਲਿਆਣਕਾਰੀ ਯੋਜਨਾਵਾਂ 'ਚ ਉਨ੍ਹਾਂ ਦੇ ਹਿੱਤਾਂ 'ਤੇ ਡਾਕਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਬਰਤਾਨੀਆ 'ਚ ਯੂਰਪੀ ਸੰਘ ਤੋਂ ਵੱਖ ਹੋਣ ਵਾਲੀ ਬ੍ਰੈਕਜਿਟ ਮੁਹਿੰਮ ਨੂੰ ਵੀ ਇਸੇ ਪਹਿਲੂ ਕਾਰਨ ਕਾਮਯਾਬੀ ਮਿਲੀ ਸੀ ਕਿ ਇਸ ਨਾਲ ਪਰਵਾਸੀਆਂ 'ਤੇ ਰੋਕ ਲਾਉਣ ਦੇ ਨਾਲ ਨੀਤੀ-ਨਿਰਮਾਣ 'ਚ ਬਰਤਾਨਵੀ ਖ਼ੁਦਮੁਖ਼ਤਿਆਰੀ ਵਧੇਗੀ।

ਹਾਲਾਂਕਿ ਕੰਜ਼ਰਵੇਟਿਵ ਪਾਰਟੀ ਨੇ ਪਰਵਾਸੀਆਂ ਕਾਰਨ ਪੈਦਾ ਹੋ ਰਹੀ ਬੇਚੈਨੀ 'ਤੇ ਕਾਬੂ ਕਰਨ ਲਈ ਕੁਝ ਤਰੀਕੇ ਜ਼ਰੂਰ ਦਿੱਤੇ ਪਰ ਲਗਦਾ ਨਹੀਂ ਕਿ ਬਰਤਾਨੀਆ ਦੀ ਜਨਤਾ ਉਨ੍ਹਾਂ ਤਰੀਕਿਆਂ ਨਾਲ ਸੰਤੁਸ਼ਟ ਹੋਵੇਗੀ। ਪਿਛਲੇ ਦਿਨੀਂ ਚੋਣਾਂ 'ਚ ਲੇਬਰ ਪਾਰਟੀ ਦੀ ਜਿੱਤ ਨੇ ਵੀ ਇਸ ਮਾਮਲੇ 'ਚ ਉਨ੍ਹਾਂ ਦੱਖਣਪੰਥੀ ਸਮੂਹਾਂ ਨੂੰ ਭਾਵਨਾਵਾਂ ਭੜਕਾਉਣ ਦੀ ਗੁੰਜਾਇਸ਼ ਦਿੱਤੀ ਹੋਵੇਗੀ, ਜਿਨ੍ਹਾਂ ਨੂੰ ਬਰਤਾਨਵੀ ਪ੍ਰਧਾਨ ਮੰਤਰੀ ਕਿਏਰ ਸਟਾਰਮਰ ਬੀਤੇ ਦਿਨੀਂ ਹੋਏ ਦੰਗਿਆਂ ਦਾ ਦੋਸ਼ੀ ਠਹਿਰਾ ਰਹੇ ਹਨ। ਅਜਿਹੀ ਧਾਰਨਾ ਹੈ ਕਿ ਲੇਬਰ ਪਾਰਟੀ ਪਰਵਾਸੀਆਂ ਪ੍ਰਤੀ ਮੁਕਾਬਲਤਨ ਨਰਮ ਵਤੀਰਾ ਰੱਖਦੀ ਹੈ।

ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ ਦੰਗਾਕਾਰੀਆਂ ਨਾਲ ਨਜਿੱਠਣ ਦੇ ਹਰਸੰਭਵ ਉਪਾਅ ਕੀਤੇ ਜਾਣਗੇ, ਪਰ ਦੰਗਿਆਂ ਦੀ ਅੱਗ 'ਤੇ ਕਾਬੂ ਕਰਨ 'ਚ ਲਗਪਗ ਹਫ਼ਤੇ ਦਾ ਸਮਾਂ ਲੱਗਣਾ ਆਪਣੇ ਆਪ 'ਚ ਕਾਫ਼ੀ ਕੁਝ ਕਹਿ ਦਿੰਦਾ ਹੈ। ਸ਼ਾਸਨ-ਪ੍ਰਸ਼ਾਸਨ ਦੇ ਪੱਧਰ 'ਤੇ ਭਰੋਸੇ ਦੇ ਬਾਵਜੂਦ ਹਾਲਾਤ ਏਨੇ ਵਿਗੜ ਗਏ ਕਿ ਲੋਕਾਂ ਨੂੰ ਆਪਣੀ ਅਤੇ ਆਪਣੀ ਰਿਹਾਇਸ਼ ਅਤੇ ਕਾਰੋਬਾਰ ਦੀ ਸੁਰੱਖਿਆ ਲਈ ਨਿੱਜੀ ਪੱਧਰ 'ਤੇ ਵੀ ਕਦਮ ਚੁੱਕਣੇ ਪੈ ਰਹੇ ਹਨ, ਕਿਉਂਕਿ ਹਿੰਸਾ ਦੌਰਾਨ ਸਾਰੀਆਂ ਦੁਕਾਨਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਸਟਾਰਮਰ ਨੇ ਜਿਨ੍ਹਾਂ ਧੁਰ ਦੱਖਣਪੰਥੀ ਸੰਗਠਨਾਂ ਨੂੰ ਇਸ ਹਿੰਸਾ ਲਈ ਜ਼ਿੰਮੇਵਾਰ ਦੱਸਿਆ ਹੈ, ਉਨ੍ਹਾਂ 'ਚ ਇੰਗਲਿਸ਼ ਡਿਫੈਂਸ ਲੀਗ ਦਾ ਨਾਂ ਮੁੱਖ ਤੌਰ 'ਤੇ ਲਿਆ ਜਾ ਰਿਹਾ ਹੈ। ਸਾਲ 2009 'ਚ ਹੋਂਦ 'ਚ ਆਇਆ ਇਹ ਸੰਗਠਨ ਪਰਵਾਸੀ ਵਿਰੋਧ ਖ਼ਾਸ ਕਰ ਕੇ ਇਸਲਾਮ ਖ਼ਿਲਾਫ਼ ਆਪਣੇ ਰੁਖ਼ ਲਈ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ ਹੋਈ ਹਿੰਸਾ 'ਚ ਵੀ ਇਸ ਦਾ ਨਾਂ ਆਉਂਦਾ ਰਿਹਾ ਹੈ। ਹਾਲਾਂਕਿ ਇਹ ਅਜਿਹਾ ਕੋਈ ਇਕਲੌਤਾ ਸੰਗਠਨ ਨਹੀਂ ਹੈ।

ਮੁੱਖ ਧਾਰਾ ਦੀ ਸਿਆਸਤ 'ਚ ਵੀ ਯੂਕੇ ਰਿਫਾਰਮ ਪਾਰਟੀ ਦੇ ਆਗੂ ਨਾਈਜਲ ਫਰਾਜ ਨੇ ਪਰਵਾਸੀਆਂ ਤੇ ਸ਼ਰਨਾਰਥੀਆਂ ਦੀ ਵਧਦੀ ਭੀੜ ਨੂੰ ਪਿਛਲੇ ਦਿਨੀਂ ਹਿੰਸਾ ਲਈ ਲੰਮੇ ਹੱਥੀਂ ਲਿਆ। ਇਕ ਸਮੇਂ ਕੰਜ਼ਰਵੇਟਿਵ ਪਾਰਟੀ 'ਚ ਰਹੇ ਫਰਾਜ ਨੇ ਆਪਣੀ ਹਮਲਾਵਰ ਸਿਆਸਤ ਲਈ ਨਵੀਂ ਸਿਆਸੀ ਪਾਰਟੀ ਦਾ ਗਠਨ ਕੀਤਾ। ਪਿਛਲੇ ਦਿਨੀਂ ਚੋਣਾਂ 'ਚ ਉਨ੍ਹਾਂ ਦੀ ਪਾਰਟੀ ਨੂੰ ਚਾਹੇ ਚਾਰ ਸੀਟਾਂ ਮਿਲੀਆਂ ਹੋਣ, ਪਰ ਕਈ ਸੀਟਾਂ 'ਤੇ ਉਹ ਕੰਜ਼ਰਵੇਟਿਵ ਪਾਰਟੀ ਦੀ ਹਾਰ ਦਾ ਕਾਰਨ ਵੀ ਬਣੇ। ਉਨ੍ਹਾਂ ਦੇ ਪ੍ਰਤੀ ਲਾਮਬੰਦ ਹੁੰਦਾ ਸਮਰਥਨ ਬਰਤਾਨਵੀ ਜਨਤਾ ਦੀ ਸੋਚ 'ਚ ਆ ਰਹੀ ਤਬਦੀਲੀ ਨੂੰ ਦਰਸਾਉਂਦਾ ਹੈ, ਜਿਸ ਦਾ ਸਮੇਂ-ਸਮੇਂ 'ਤੇ ਹਮਲਾਵਰ ਪ੍ਰਗਟਾਵਾ ਵੀ ਦੇਖਣ ਨੂੰ ਮਿਲਦਾ ਰਹਿੰਦਾ ਹੈ।

ਪਿਛਲੇ ਦਿਨੀਂ ਦੰਗੇ ਅਜਿਹੀ ਇਕ ਮਿਸਾਲ ਰਹੇ। ਇਹ ਦੰਗੇ ਦਰਸਾਉਂਦੇ ਹਨ ਕਿ ਬਰਤਾਨਵੀ ਸਮਾਜ 'ਚ ਨਿਰਾਸ਼ਾ ਵਧ ਰਹੀ ਹੈ। ਉਨ੍ਹਾਂ ਨੂੰ ਪਰਵਾਸੀਆਂ ਵੱਲੋਂ ਆਪਣੇ ਮੌਕਿਆਂ 'ਤੇ ਸੱਟ ਮਾਰਨ ਦੇ ਨਾਲ ਹੀ ਆਪਣੀ ਸੱਭਿਆਚਾਰਕ ਪਛਾਣ 'ਤੇ ਸੰਕਟ ਵੀ ਦਿਸ ਰਿਹਾ ਹੈ। ਕਿਉਂਕਿ ਮੁਸਲਿਮ ਭਾਈਚਾਰਾ ਵੀ ਆਪਣੇ ਪ੍ਰਤੀਕਾਂ ਸਬੰਧੀ ਚੰਗਾ ਸਪੱਸ਼ਟ ਰਹਿੰਦਾ ਹੈ ਤਾਂ ਉਸ ਦੇ ਨਾਲ ਟਕਰਾਅ ਕੁਝ ਜ਼ਿਆਦਾ ਵੱਧ ਰਿਹਾ ਹੈ।

ਦੰਗਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਸਟਾਰਮਰ ਨੇ ਅਜਿਹਾ ਭਰੋਸਾ ਦਿੱਤਾ ਕਿ ਇਹ ਜਿਨ੍ਹਾਂ ਵੱਲੋਂ ਕੀਤਾ ਗਿਆ ਹੈ, ਉਨ੍ਹਾਂ ਨੂੰ ਇਸ ਦੀ ਸਜ਼ਾ ਜ਼ਰੂਰ ਭੁਗਤਣੀ ਪਵੇਗੀ। ਕਾਨੂੰਨ ਉਨ੍ਹਾਂ 'ਤੇ ਆਪਣਾ ਸ਼ਿਕੰਜਾ ਕੱਸੇਗਾ। ਕਈ ਮਾਮਲਿਆਂ 'ਚ ਦੰਗਾਕਾਰੀਆਂ 'ਤੇ ਅਜਿਹੀਆਂ ਧਾਰਾਵਾਂ ਵੀ ਲਾਈਆਂ ਗਈਆਂ ਹਨ, ਜੋ ਅੱਤਵਾਦੀ ਮਾਮਲਿਆਂ 'ਚ ਲਾਈਆਂ ਜਾਂਦੀਆਂ ਹਨ। ਇੰਟਰਨੈੱਟ ਮੀਡੀਆ ਰਾਹੀਂ ਫ਼ਰਜ਼ੀ ਸੂਚਨਾਵਾਂ ਦੇ ਪ੍ਰਸਾਰ 'ਤੇ ਰੋਕ ਲਾਉਣ ਲਈ ਵੀ ਕਮਰ ਕੱਸੀ ਗਈ ਹੈ।

ਇਸ ਸਭ ਦੇ ਬਾਵਜੂਦ ਕੁਝ ਸਵਾਲ ਜ਼ਰੂਰ ਉੱਠਦੇ ਹਨ। ਪਹਿਲਾ ਇਹੀ ਕਿ ਕੀ ਇਹ ਇਕ ਤਤਕਾਲੀ ਹਮਲਾਵਰ ਪ੍ਰਤੀਕਿਰਿਆ ਸੀ ਜਾਂ ਫਿਰ ਬਰਤਾਨੀਆ 'ਚ ਇਹ ਇਕ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ ਹੈ, ਕਿਉਂਕਿ ਉਥੇ ਹੁਣ ਸਮੇਂ-ਸਮੇਂ 'ਤੇ ਦੰਗੇ ਭੜਕਦੇ ਰਹਿੰਦੇ ਹਨ। ਇਸ ਤੋਂ ਪਹਿਲਾਂ ਵੀ ਦੋ ਸਾਲ ਪਹਿਲਾਂ ਲੈਸਟਰ 'ਚ ਦੰਗੇ ਭੜਕੇ ਸਨ। ਦੂਜਾ ਸਵਾਲ ਇਹ ਹੈ ਕਿ ਦੁਨੀਆ ਨੂੰ ਜਮਹੂਰੀ ਕਦਰਾਂ-ਕੀਮਤਾਂ 'ਤੇ ਉਪਦੇਸ਼ ਦੇਣ ਵਾਲਾ ਬਰਤਾਨੀਆ ਆਪਣਾ ਹੀ ਘਰ ਠੀਕ ਕਿਉਂ ਨਹੀਂ ਰੱਖ ਪਾ ਰਿਹਾ ਹੈ? ਜੋ ਵੀ ਹੋਵੇ, ਇਨ੍ਹਾਂ ਦੰਗਿਆਂ ਨੇ ਬਰਤਾਨੀਆ ਦੀ ਸਾਖ਼ ਨੂੰ ਸੱਟ ਮਾਰਨ ਦੇ ਨਾਲ ਹੀ ਉਸ ਦੀ ਖ਼ੁਦ ਤੋਂ ਹਾਰ ਦੇ ਵੀ ਸੰਕੇਤ ਦਿੱਤੇ ਹਨ।

# ਸੌ ਗ੍ਰਾਮ ਨਾਲ ਟੁੱਟੇ ਸੁਫ਼ਨੇ

ਕੇ ਪੀ ਨਾਇਰ

ਵਿਨੇਸ਼ ਦਾ ਵਜ਼ਨ ਸੌ ਗ੍ਰਾਮ ਵੱਧ ਨਿਕਲਣ 'ਤੇ ਬੁੱਧਵਾਰ ਸਵੇਰੇ ਉਸ ਨੂੰ ਔਰਤਾਂ ਦੇ 50 ਕਿਲੋਗ੍ਰਾਮ ਫ੍ਰੀ-ਸਟਾਈਲ ਵਰਗ ਮੁਕਾਬਲੇ 'ਚੋਂ ਅਯੋਗ ਕਰਾਰ ਦੇ ਦਿੱਤਾ ਗਿਆ। ਸੋਨੇ ਦਾ ਤਗ਼ਮਾ ਜਿੱਤਣ ਲਈ ਫਾਈਨਲ ਵਿੱਚ ਅਮਰੀਕਾ ਦੀ ਸਾਰਾ ਹਿਲਡੇਬ੍ਰਾਂਟ ਖ਼ਿਲਾਫ਼ ਨਿੱਤਰਨ ਤੋਂ ਪਹਿਲਾਂ ਹੀ ਉਹ ਉੱਕ ਗਈ। ਵਿਨੇਸ਼ ਨੂੰ ਅਯੋਗ ਕਰਾਰ ਦੇਣ ਦੇ ਇਸ ਮਾਮਲੇ ਵਿੱਚ ਨਿਹਾਇਤ ਹੀ ਗ਼ੈਰ-ਪੇਸ਼ੇਵਰਾਨਾ ਪਹੁੰਚ ਅਖ਼ਤਿਆਰ ਕੀਤੀ ਗਈ ਅਤੇ ਉਸ ਦਾ ਕੇਸ ਕੁਸ਼ਤੀ ਜਗਤ ਅੰਦਰ ਚਰਚਾ ਦਾ ਵਿਸ਼ਾ ਬਣ ਗਿਆ; ਕਿਸੇ ਨੂੰ ਯਾਦ ਨਹੀਂ ਹੈ ਕਿ ਓਲੰਪਿਕਸ ਵਿੱਚ ਕੁਸ਼ਤੀਆਂ ਦੇ ਕਿਸੇ ਫਾਈਨਲ ਤੋਂ ਪਹਿਲਾਂ ਅਜਿਹੀ ਘਟਨਾ ਕਦੇ ਵਾਪਰੀ ਸੀ।

ਵਿਨੇਸ਼ ਨੇ ਇੱਕ ਦਿਨ ਪਹਿਲਾਂ ਭਾਵ ਮੰਗਲਵਾਰ ਨੂੰ ਮੁਕਾਬਲੇ ਤੋਂ ਐਨ ਪਹਿਲਾਂ ਆਪਣਾ ਸਹੀ ਵਜ਼ਨ ਕਾਇਮ ਰੱਖਿਆ ਸੀ ਪਰ ਬੁੱਧਵਾਰ ਸਵੇਰੇ ਉਸ ਦਾ ਭਾਰ ਵੱਧ ਨਿੱਕਲਿਆ। 2016 ਅਤੇ 2021 ਤੋਂ ਬਾਅਦ ਤੀਜੀ ਵਾਰ ਵਿਨੇਸ਼ ਦਾ ਓਲੰਪਿਕਸ ਦਾ ਸੁਫ਼ਨਾ ਟੁੱਟਿਆ ਹੈ। ਜਦੋਂ ਵਿਨੇਸ਼ ਦਾ ਵਜ਼ਨ ਸੌ ਗ੍ਰਾਮ ਵੱਧ ਹੋਣ ਦੀ ਖ਼ਬਰ ਆਈ ਤਾਂ ਇਹ ਬਹੁਤ ਭਾਰੀ ਸਾਬਿਤ ਹੋਈ ਪਰ ਇਸ ਮਾਮਲੇ ਵਿੱਚ ਨੇਮਾਂ ਤੋਂ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ ਸੀ। ਖ਼ਾਸਕਰ ਕੁਸ਼ਤੀਆਂ, ਮੁੱਕੇਬਾਜ਼ੀ ਅਤੇ ਤਾਇਕਵਾਂਡੋ ਜਿਹੀਆਂ ਖੇਡਾਂ ਵਿੱਚ ਇਹ ਹੋਰ ਵੀ ਅਹਿਮ ਹੁੰਦਾ ਹੈ ਜਿੱਥੇ ਖਿਡਾਰੀਆਂ ਦਾ ਇੱਕ ਦੂਜੇ ਦੇ ਬਰਾਬਰ ਵਜ਼ਨ ਹੋਣਾ ਜ਼ਰੂਰੀ ਹੁੰਦਾ ਹੈ ਤਾਂ ਕਿ ਉਹ ਬਰਾਬਰੀ ਨਾਲ ਇੱਕ ਦੂਜੇ ਦਾ ਮੁਕਾਬਲਾ ਕਰ ਸਕਣ।




ਮੈਦਾਨ ਹਰਗਿਜ਼ ਨਾ-ਬਰਾਬਰ ਨਹੀਂ ਹੋਣਾ ਚਾਹੀਦਾ ਤਾਂ ਕਿ ਕੋਈ ਵੱਡਾ ਅਥਲੀਟ ਛੋਟੇ ਅਥਲੀਟ ਖ਼ਿਲਾਫ਼ ਨਾ ਨਿੱਤਰ ਸਕੇ। ਮਿਸਾਲ ਦੇ ਤੌਰ 'ਤੇ 53 ਕਿਲੋਗ੍ਰਾਮ ਵਜ਼ਨ ਵਾਲਾ ਕੋਈ ਪਹਿਲਵਾਨ 50 ਕਿਲੋਗ੍ਰਾਮ ਵਰਗ ਵਿੱਚ ਨਹੀਂ ਖੇਡਣਾ ਚਾਹੀਦਾ ਜਿਸ ਨਾਲ ਉਸ ਪਹਿਲਵਾਨ ਨੂੰ ਸ਼ਕਤੀ ਅਤੇ ਪਹੁੰਚ ਦੇ ਲਿਹਾਜ਼ ਤੋਂ ਬਹੁਤ ਜ਼ਿਆਦਾ ਲਾਹਾ ਮਿਲ ਸਕਦਾ ਹੈ। ਖੇਡਾਂ ਵਿੱਚ ਗ਼ੈਰ-ਯਕੀਨੀ ਬਣੀ ਰਹਿੰਦੀ ਹੈ ਅਤੇ ਕਦੇ ਕਦਾਈਂ ਘੱਟ ਵਜ਼ਨ ਵਾਲਾ ਅਥਲੀਟ ਆਪਣੇ ਤੋਂ ਜ਼ਿਆਦਾ ਵਜ਼ਨ ਵਾਲੇ ਖਿਡਾਰੀ ਨੂੰ ਚਿੱਤ ਕਰ ਦਿੰਦਾ ਹੈ; ਉਂਝ ਕੁਝ ਖੇਡਾਂ ਵਿਚ ਨਿਸਬਤਨ ਜ਼ਿਆਦਾ ਵਜ਼ਨ ਵਾਲੇ ਲੜਾਕੇ ਦਾ ਪੱਲੜਾ ਭਾਰੂ ਰਹਿੰਦਾ ਹੈ। ਓਲੰਪਿਕਸ ਅਤੇ ਵਿਸ਼ਵ ਚੈਂਪੀਅਨਸ਼ਿਪਸ ਜਿਹੇ ਮੁਕਾਬਲਿਆਂ ਵਿੱਚ ਨੇਮ ਬਹੁਤ ਸਖ਼ਤ ਹੁੰਦੇ ਹਨ ਅਤੇ ਇਨ੍ਹਾਂ 'ਤੇ ਬਹੁਤ ਸਖ਼ਤੀ ਨਾਲ ਪਹਿਰਾ ਵੀ ਦਿੱਤਾ ਜਾਂਦਾ ਹੈ ਜਦੋਂਕਿ ਕੁਝ ਕੁ ਗ੍ਰਾਮ ਵੱਧ ਵਜ਼ਨ ਨਿੱਕਲਣ 'ਤੇ ਹੀ ਕਿਸੇ ਪਹਿਲਵਾਨ ਜਾਂ ਮੁੱਕੇਬਾਜ਼ ਨੂੰ ਬਾਹਰ ਕਰ ਦਿੱਤਾ ਜਾਂਦਾ ਹੈ।

ਕੁਸ਼ਤੀ ਦੀ ਆਲਮੀ ਨਿਗਰਾਨ ਇਕਾਈ 'ਯੂਨਾਈਟਿਡ ਵਰਲਡ ਰੈਸਲਿੰਗ' (ਯੂਡਬਲਿਊਡਬਲਿਊ) ਦੇ ਨਿਯਮਾਂ ਮੁਤਾਬਿਕ, ਮੁਕਾਬਲੇ ਵਾਲੇ ਦਿਨ ਸਵੇਰੇ ਪਹਿਲਵਾਨਾਂ ਦਾ ਭਾਰ ਤੋਲਿਆ ਜਾਂਦਾ ਹੈ। ਓਲੰਪਿਕ ਜਾਂ ਵਿਸ਼ਵ ਚੈਂਪੀਅਨਸ਼ਿਪ ਜਿਹੇ ਵੱਡੇ ਮੁਕਾਬਲਿਆਂ 'ਚ ਪਹਿਲਵਾਨ ਦੋ ਦਿਨਾਂ ਤੱਕ ਘੁਲਦੇ ਹਨ। ਪਹਿਲੀ ਸਵੇਰ, ਪਹਿਲਵਾਨਾਂ ਕੋਲ ਆਪਣੇ ਭਾਰ ਵਰਗ 'ਚ ਥਾਂ ਬਣਾਉਣ ਲਈ 30 ਮਿੰਟ ਹੁੰਦੇ ਹਨ- ਉਹ ਦੌੜ ਸਕਦੇ ਹਨ, ਸਾਈਕਲਿੰਗ ਕਰ ਸਕਦੇ ਹਨ, ਰੱਸੀ ਟੱਪ ਸਕਦੇ ਹਨ ਤੇ ਮੁੜ ਭਾਰ ਵਾਲੀ ਮਸ਼ੀਨ 'ਤੇ ਆ ਸਕਦੇ ਹਨ। ਇਹ ਚੀਜ਼ ਉਦੋਂ ਕੰਮ ਆਉਂਦੀ ਹੈ ਜਦ ਕੁਝ ਕੁ ਗ੍ਰਾਮ ਵੱਧ ਹੋਣ। ਦੂਜੇ ਦਿਨ ਤਗ਼ਮੇ ਦੇ ਮੁਕਾਬਲੇ ਵਾਲੇ ਦਿਨ, ਪਹਿਲਵਾਨਾਂ ਕੋਲ ਇਸ ਤਰ੍ਹਾਂ ਕਰਨ ਲਈ 15 ਮਿੰਟ ਹੁੰਦੇ ਹਨ। ਭਾਰ ਤੋਲਣ ਦੀ ਪ੍ਰਕਿਰਿਆ ਦੌਰਾਨ ਪਹਿਲਵਾਨ ਆਪਣਾ ਭਾਰ ਜਾਂਚਣ ਲਈ ਜਿੰਨੀ ਵਾਰ ਮਰਜ਼ੀ ਚਾਹੇ ਮਸ਼ੀਨ 'ਤੇ ਚੜ੍ਹ ਸਕਦੇ ਹਨ। ਸਰੀਰਕ ਭੇੜ ਵਾਲੀਆਂ ਖੇਡਾਂ 'ਚ ਮੁਕਾਬਲੇਬਾਜ਼ ਆਮ ਤੌਰ 'ਤੇ ਪਹਿਲੇ ਦਿਨ ਲਈ ਤਿਆਰ ਹੁੰਦੇ ਹਨ, ਉਨ੍ਹਾਂ ਖ਼ੁਰਾਕ ਤੇ ਪਾਣੀ ਘਟਾਇਆ ਹੁੰਦਾ ਹੈ ਅਤੇ ਮੁਕਾਬਲੇ ਤੋਂ ਕਈ ਦਿਨ ਪਹਿਲਾਂ ਤੱਕ ਉਹ ਵਿੱਚ-ਵਿਚਾਲੇ ਖਾਣਾ ਛੱਡੀ ਰੱਖਦੇ ਹਨ। ਇਸ ਨਾਲ ਉਨ੍ਹਾਂ 'ਚ ਊਰਜਾ ਤੇ ਤਾਕਤ ਘੱਟ ਜਾਂਦੀ ਹੈ ਤੇ ਪਹਿਲੇ ਦਿਨ ਭਾਰ ਕਰਾਉਣ ਤੋਂ ਬਾਅਦ, ਉਹ ਇਸ ਦੀ ਪੂਰਤੀ ਕਰਦੇ ਹਨ: ਉਹ ਤਾਕਤ ਹਾਸਿਲ ਕਰਨ ਲਈ ਵੱਧ ਊਰਜਾ ਤੇ ਪ੍ਰੋਟੀਨ ਵਾਲੀ ਖ਼ੁਰਾਕ ਅਤੇ ਤਰਲ ਪਦਾਰਥ ਲੈਂਦੇ ਹਨ; ਮਿਸਾਲ ਦੇ ਤੌਰ 'ਤੇ ਵਿਨੇਸ਼ ਨੇ ਪਹਿਲੇ ਦਿਨ ਦਾ ਭਾਰ ਹੋਣ ਤੋਂ ਬਾਅਦ ਆਪਣੇ ਨਿਊਟ੍ਰਿਸ਼ਨਿਸਟ ਦੀ ਗਿਣਤੀ-ਮਿਣਤੀ ਅਤੇ ਸਲਾਹ ਉੱਤੇ ਲਗਭਗ 1.5 ਕਿਲੋਗ੍ਰਾਮ ਖ਼ੁਰਾਕ ਲਈ ਸੀ।

ਤਿੰਨ ਮੁਕਾਬਲਿਆਂ ਦੌਰਾਨ ਤੇ ਬਾਅਦ ਵਿੱਚ ਵਿਨੇਸ਼ ਨੂੰ ਡੀਹਾਈਡ੍ਰੇਸ਼ਨ (ਪਾਣੀ ਦੀ ਕਮੀ) ਤੋਂ ਬਚਾਉਣ ਲਈ ਥੋੜ੍ਹਾ-ਥੋੜ੍ਹਾ ਕਰ ਕੇ ਪਾਣੀ ਦਿੱਤਾ ਗਿਆ। ਦਿਨ ਭਰ ਦੇ ਮੁਕਾਬਲੇ ਖੇਡਣ ਤੋਂ ਬਾਅਦ, ਅਖ਼ੀਰ 'ਚ ਜਦ ਉਸ ਦਾ ਭਾਰ ਕੀਤਾ ਗਿਆ ਤਾਂ ਇਹ 2 ਕਿਲੋ ਵੱਧ ਸੀ।

ਕੁਦਰਤੀ ਤੌਰ 'ਤੇ ਵਿਨੇਸ਼ ਦਾ ਭਾਰ ਕਰੀਬ 55 ਕਿਲੋ ਹੈ ਪਰ ਉਹ ਘੱਟ ਭਾਰ ਵਰਗ ਵਿੱਚ ਘੁਲਦੀ ਹੈ। ਉਸ ਨੇ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿਚ ਦੋ ਕਾਂਸੀ ਦੇ ਤਗ਼ਮੇ 53 ਕਿਲੋ ਭਾਰ ਵਰਗ ਵਿੱਚ ਹੀ ਜਿੱਤੇ ਹਨ; ਉਸ ਦੇ ਦੋ ਏਸ਼ਿਆਈ ਖੇਡਾਂ ਦੇ ਤਗ਼ਮੇ- 2018 ਵਿੱਚ ਸੋਨਾ, 2014 ਵਿੱਚ ਕਾਂਸੀ, 51 ਤੇ 48 ਕਿਲੋ ਭਾਰ ਵਰਗ ਵਿੱਚ ਆਏ ਸਨ। ਜਿਵੇਂ-ਜਿਵੇਂ ਪਹਿਲਵਾਨਾਂ ਦੀ ਉਮਰ ਵਧਦੀ ਹੈ, ਉਹ ਵੱਖ-ਵੱਖ ਉੱਪਰਲੇ ਭਾਰ ਵਰਗ ਅਪਨਾਉਣੇ ਸ਼ੁਰੂ ਕਰ ਦਿੰਦੇ ਹਨ ਜਦੋਂਕਿ ਵਿਨੇਸ਼ ਭਾਰ ਘਟਾ ਰਹੀ ਹੈ।

ਫਰਵਰੀ ਵਿੱਚ ਮੁਕਾਬਲੇ ਦੀ ਕੁਸ਼ਤੀ ਵੱਲ ਪਰਤਦਿਆਂ ਉਸ ਨੇ 55 ਕਿਲੋ ਭਾਰ ਵਰਗ ਵਿੱਚ ਕੌਮੀ ਚੈਂਪੀਅਨਸ਼ਿਪ ਜਿੱਤੀ। ਅਗਲੇ ਮਹੀਨੇ ਉਹ ਏਸ਼ੀਅਨ ਚੈਂਪੀਅਨਸ਼ਿਪ ਤੇ ਏਸ਼ੀਅਨ ਓਲੰਪਿਕ ਕੁਆਲੀਫਾਇਰ ਵਿਚ ਦੋ ਵਰਗਾਂ 'ਚ ਘੁਲੀ- 50 ਤੇ 53 ਕਿਲੋ। 53 ਕਿਲੋ 'ਚ ਉਹ ਅੰਜੂ ਤੋਂ ਹਾਰ ਗਈ ਪਰ 50 ਕਿਲੋ ਵਰਗ ਵਿੱਚ ਜਿੱਤ ਗਈ। ਅਪਰੈਲ ਵਿੱਚ ਵਿਨੇਸ਼ ਨੇ ਏਸ਼ਿਆਈ ਓਲੰਪਿਕ ਕੁਆਲੀਫਾਇਰ ਦੇ ਫਾਈਨਲ ਵਿੱਚ ਪਹੁੰਚ ਕੇ 50 ਕਿਲੋ ਵਿੱਚ ਓਲੰਪਿਕ ਲਈ ਕੁਆਲੀਫਾਈ ਕਰ ਲਿਆ। ਪਹਿਲਵਾਨ ਅੰਤਿਮ ਪੰਘਾਲ ਨੇ 53 ਕਿਲੋ ਵਿੱਚ ਓਲੰਪਿਕ ਲਈ ਕੁਆਲੀਫਾਈ ਕੀਤਾ। ਪੈਰਿਸ ਓਲੰਪਿਕ ਤੋਂ ਕੁਝ ਮਹੀਨੇ ਪਹਿਲਾਂ ਤੱਕ ਵਿਨੇਸ਼ ਸਾਫ਼ ਤੌਰ 'ਤੇ, ਕਈ ਭਾਰ ਵਰਗਾਂ 'ਚ ਇੱਧਰ-ਉੱਧਰ ਹੋ ਰਹੀ ਸੀ ਤਾਂ ਕਿ ਭਾਰਤ ਵੱਲੋਂ ਤਗ਼ਮੇ ਦੀਆਂ ਉਮੀਦਾਂ 'ਚ ਉਹ ਪ੍ਰਮੁੱਖ ਹੋਵੇ। ਯੂਈ ਸੁਸਾਕੀ 'ਤੇ ਉਸ ਦੀ ਜਿੱਤ ਨੇ ਤਗ਼ਮੇ ਦੀਆਂ ਉਮੀਦਾਂ ਜਗਾ ਦਿੱਤੀਆਂ।

ਸੰਜੋਗ ਵਸ, ਜੇ ਵਿਨੇਸ਼ ਆਪਣੇ ਸੈਮੀਫਾਈਨਲ ਮੁਕਾਬਲੇ ਦੌਰਾਨ ਫੱਟੜ ਹੋ ਗਈ ਹੁੰਦੀ ਤੇ ਫਾਈਨਲ ਵਿੱਚ ਘੁਲਣ ਦੇ ਯੋਗ ਨਾ ਰਹਿੰਦੀ ਤਾਂ ਉਸ ਨੂੰ ਬੁੱਧਵਾਰ ਭਾਰ ਨਾ ਕਰਾਉਣਾ ਪੈਂਦਾ- ਤੇ ਉਸ ਨੂੰ ਚਾਂਦੀ ਦਾ ਤਗਮਾ ਮਿਲ ਗਿਆ ਹੁੰਦਾ। ਵਿਨੇਸ਼ ਨੂੰ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀਟੀ ਊਸ਼ਾ ਨੇ ਕਿਹਾ ਕਿ ਭਾਰਤ ਦੀ ਕੁਸ਼ਤੀ ਫੈਡਰੇਸ਼ਨ ਨੇ ਯੂਡਬਲਿਊਡਬਲਿਊ ਕੋਲ ਅਪੀਲ ਦਾਇਰ ਕਰ ਕੇ ਫ਼ੈਸਲੇ 'ਤੇ ਮੁੜ ਵਿਚਾਰ ਮੰਗਿਆ ਹੈ। ਅਪੀਲ ਨਾਲ ਕੋਈ ਫ਼ਰਕ ਨਹੀਂ ਪਿਆ, ਯੂ ਡਬਲਿਊ ਡਬਲਿਊ ਦੇ ਨਿਯਮ ਕਿਸੇ ਮੁਕਾਬਲੇਬਾਜ਼ ਜਾਂ ਕਿਸੇ ਮੁਲਕ ਲਈ ਨਰਮ ਨਹੀਂ ਕੀਤੇ ਜਾ ਸਕਦੇ, ਇਨ੍ਹਾਂ 'ਚ 10 ਗ੍ਰਾਮ ਦੀ ਛੋਟ ਦੇਣ ਦੀ ਵੀ ਗੁੰਜਾਇਸ਼ ਨਹੀਂ, 100 ਗ੍ਰਾਮ ਤਾਂ ਬਹੁਤ ਦੂਰ ਦੀ ਗੱਲ ਹੈ। ਯੂਡਬਲਿਊਡਬਲਿਊ ਦਰਅਸਲ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਅਥਲੀਟ ਆਪਣੇ ਕੁਦਰਤੀ ਭਾਰ ਵਰਗ ਵਿੱਚ ਹੀ ਘੁਲਣ ਤੇ ਹੇਠਲੇ ਵਰਗਾਂ 'ਚ ਮੁਕਾਬਲਾ ਕਰਨ ਲਈ ਗ਼ੈਰ-ਕੁਦਰਤੀ ਢੰਗਾਂ ਨਾਲ ਭਾਰ ਨਾ ਘਟਾਉਣ- ਜਿਸ ਤਰ੍ਹਾਂ ਇਸ ਸਾਲ ਵਿਨੇਸ਼ ਨੇ ਕੀਤਾ ਹੈ, 55 ਕਿਲੋ ਤੋਂ 53 ਕਿਲੋ ਤੇ ਅਖ਼ੀਰ ਵਿੱਚ ਪੈਰਿਸ ਓਲੰਪਿਕ ਲਈ 50 ਕਿਲੋ।

ਅਪਰੈਲ ਵਿੱਚ 2024 ਦੀਆਂ ਖੇਡਾਂ ਲਈ 50 ਕਿਲੋ ਭਾਰ ਵਰਗ ਵਿੱਚ ਕੁਆਲੀਫਾਈ ਕਰਨ ਤੋਂ ਬਾਅਦ ਵਿਨੇਸ਼ ਨੇ ਕਿਹਾ ਸੀ ਕਿ ਉਸ ਨੂੰ ਆਪਣੇ ਭਾਰ 'ਤੇ ਖ਼ਾਸ ਧਿਆਨ ਦੇਣਾ ਪਏਗਾ, "ਕਿਉਂਕਿ ਮਾਸਪੇਸ਼ੀਆਂ ਭਾਰੀਆਂ ਹੋਣ ਕਾਰਨ ਉਸ ਨੂੰ ਆਪਣਾ ਭਾਰ ਵਧਣ ਦਾ ਡਰ ਸੀ।" ਮੁਕਾਬਲੇ ਲਈ, ਵਿਨੇਸ਼ ਦਾ ਸਭ ਤੋਂ ਵੱਡਾ ਡਰ ਆਖਰ ਪੈਰਿਸ 'ਚ ਸੱਚ ਸਾਬਿਤ ਹੋਇਆ। ਓਲੰਪਿਕ 'ਚ ਦਿਲ ਤੋੜਨ ਵਾਲੇ ਇਸ ਘਟਨਾਕ੍ਰਮ ਤੋਂ ਬਾਅਦ ਵਿਨੇਸ਼ ਨੇ ਕੁਸ਼ਤੀ ਨੂੰ ਅਲਵਿਦਾ ਆਖ ਦਿੱਤੀ ਤੇ ਕਿਹਾ ਕਿ ਅੱਗੇ ਵਧਣ ਲਈ ਉਸ ਕੋਲ ਹੁਣ ਹਿੰਮਤ ਨਹੀਂ ਬਚੀ ਹਾਲਾਂਕਿ ਉਸ ਨੇ ਅਯੋਗ ਠਹਿਰਾਏ ਜਾਣ ਵਿਰੁੱਧ ਖੇਡ ਅਦਾਲਤ (ਸੀਏਐੱਸ) ਵਿੱਚ ਅਪੀਲ ਵੀ ਪਾਈ ਜਿਸ 'ਚ ਸਾਂਝੇ ਤੌਰ 'ਤੇ ਚਾਂਦੀ ਦਾ ਤਗ਼ਮਾ ਦੇਣ ਦੀ ਮੰਗ ਰੱਖੀ। ਆਪਣੀ ਮਾਂ ਪ੍ਰੇਮਲਤਾ ਨੂੰ ਸੰਬੋਧਨ ਕਰਦਿਆਂ ਵਿਨੇਸ਼ ਨੇ ਲਿਖਿਆ, "ਮਾਂ ਕੁਸ਼ਤੀ ਮੇਰੇ ਤੋਂ ਜਿੱਤ ਗਈ, ਮੈਂ ਹਾਰ ਗਈ, ਮੁਆਫ਼ ਕਰਨਾ ਤੁਹਾਡਾ ਸੁਫ਼ਨਾ, ਮੇਰੀ ਹਿੰਮਤ ਸਭ ਟੁੱਟ ਚੁੱਕੇ ਹਨ, ਇਸ ਤੋਂ ਜ਼ਿਆਦਾ ਤਾਕਤ ਨਹੀਂ ਰਹੀ ਹੁਣ। ਅਲਵਿਦਾ ਕੁਸ਼ਤੀ 2001-2024… ਤੁਹਾਡੀ ਸਭ ਦੀ ਸਦਾ ਕਰਜ਼ਦਾਰ ਰਹਾਂਗੀ, ਮੁਆਫ਼ੀ।"

# ਅਸਥਿਰ ਗੁਆਂਢੀਆਂ ਨਾਲ ਘਿਰਦਾ ਜਾ ਰਿਹਾ ਭਾਰਤ

ਰਿਸ਼ੀ ਗੁਪਤਾ

ਬੰਗਲਾਦੇਸ਼ ਵਿਚ ਹੋਏ ਤਖਤਾਪਲਟ ਦੇ ਮੁੱਦੇ ’ਤੇ ਭਾਰਤੀ ਸੰਸਦ ਦੇ ਦੋਵਾਂ ਸਦਨਾਂ ਵਿਚ ਵਿਦੇਸ਼ ਮੰਤਰੀ ਐਸ। ਜੈਸ਼ੰਕਰ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਪੰਜ ਅਗਸਤ ਨੂੰ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਸੁਰੱਖਿਆ ਏਜੰਸੀਆਂ ਨਾਲ ਬੈਠਕ ਤੋਂ ਬਾਅਦ ਸਪਸ਼ਟ ਤੌਰ ’ਤੇ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਅਤੇ ‘ਕੁਝ ਸਮੇਂ ਲਈ’ ਉਨ੍ਹਾਂ ਨੇ ਭਾਰਤ ਆਉਣ ਲਈ ਮਨਜ਼ੂਰੀ ਮੰਗੀ ਸੀ।

ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਹੁਣ ਭਾਰਤ ਵਿਚ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਕਿਸੇ ਤੀਜੇ ਦੇਸ਼ ਵਿਚ ਪਨਾਹ ਮਿਲਣ ਤੱਕ ਇੱਥੇ ਹੀ ਰਹਿਣਗੇ। ਜੇ ਇਸ ਹਾਲਾਤ ਨੂੰ ਭਾਰਤੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਇਹ ਇਕ ਅਸਾਧਾਰਨ ਸਥਿਤੀ ਹੈ ਜਿੱਥੇ ਭਾਰਤ ਨੂੰ ਕੁਝ ਸਖ਼ਤ ਫ਼ੈਸਲੇ ਲੈਣੇ ਪੈਣਗੇ ਜਿਸ ਵਿਚ ਗੁਆਂਢੀ ਪ੍ਰਥਮ ਨੀਤੀ ਤਹਿਤ ਮਦਦ ਵੀ ਕਰਨੀ ਹੈ।

ਬੰਗਲਾਦੇਸ਼ ਵਿਚ ਫਸੇ ਹਜ਼ਾਰਾਂ ਭਾਰਤੀਆਂ ਦੀ ਸੁਰੱਖਿਆ ਦੇ ਨਾਲ-ਨਾਲ ਇਸ ਗੱਲ ਨੂੰ ਵੀ ਯਕੀਨੀ ਬਣਾਉਣਾ ਹੈ ਕਿ ਕੋਈ ਗ਼ੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰ ਕੇ ਭਾਰਤ ਵਿਚ ਦਾਖ਼ਲ ਨਾ ਹੋ ਸਕੇ। ਇਸ ਪੂਰੇ ਘਟਨਾਚੱਕਰ ਕਾਰਨ ਦੇਸ਼ ਲਈ ਇਕ ਅਜੀਬੋ-ਗ਼ਰੀਬ ਸੁਰੱਖਿਆ ਸਥਿਤੀ ਪੈਦਾ ਹੋ ਗਈ ਹੈ। ਭਾਰਤ ਅੱਗੇ 1971 ਵਾਲੀ ਸਥਿਤੀ ਇਕ ਵਾਰ ਫਿਰ ਬਣ ਗਈ ਹੈ। ਬੰਗਲਾਦੇਸ਼ ਵਿਚ ਰਹਿ ਰਹੇ ਤਮਾਮ ਘੱਟ-ਗਿਣਤੀ ਭਾਈਚਾਰਿਆਂ ਖ਼ਾਸ ਤੌਰ ’ਤੇ ਵੱਡੀ ਤਾਦਾਦ ਵਿਚ ਹਿੰਦੂਆਂ ਵੱਲੋਂ ਭਾਰਤ ਵਿਚ ਸ਼ਰਨਾਰਥੀਆਂ ਵਜੋਂ ਆਉਣ ਦੀ ਅਰਜ਼ੋਈ ਕੀਤੀ ਜਾ ਸਕਦੀ ਹੈ। ਇਸ ਨਾਲ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗੇ ਬੰਗਾਲ ਤੇ ਤ੍ਰਿਪੁਰਾ ਜਿਹੇ ਸੂਬਿਆਂ ਵਿਚ ਚਿੰਤਾਜਨਕ ਹਾਲਾਤ ਪੈਦਾ ਹੋ ਸਕਦੇ ਹਨ। ਜੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵਿਚ ਕੱਟੜਪੰਥੀਆਂ ਦਾ ਦਬਦਬਾ ਵਧਦਾ ਹੈ ਜਿਸ ਦੀ ਪੂਰੀ ਸ਼ੰਕਾ ਹੈ ਤਾਂ ਭਾਰਤ ਦੀਆਂ ਚੁਣੌਤੀਆਂ ਹੋਰ ਜ਼ਿਆਦਾ ਵਧ ਜਾਣਗੀਆਂ ਕਿਉਂਕਿ ਇਨ੍ਹਾਂ ’ਚੋਂ ਕੁਝ ਧੜਿਆਂ ਨੂੰ ਪਾਕਿਸਤਾਨ ਦਾ ਸਮਰਥਨ ਮਿਲਦਾ ਰਿਹਾ ਹੈ। ਇਸ ਕਾਰਨ ਇਹ ਲਗਾਤਾਰ ਭਾਰਤ ਵਿਰੋਧੀ ਸਰਗਰਮੀਆਂ ਚਲਾਉਂਦੇ ਰਹੇ ਹਨ।

ਪਾਕਿਸਤਾਨ ਅੱਜ ਤੱਕ ਭਾਰਤ ਨੂੰ ਆਪਣੇ ਬਟਵਾਰੇ ਅਰਥਾਤ ਬੰਗਲਾਦੇਸ਼ ਦੇ ਨਿਰਮਾਣ ਦਾ ਕਾਰਨ ਮੰਨਦਾ ਰਿਹਾ ਹੈ ਅਤੇ ਉਹ ਕੋਸ਼ਿਸ਼ ਕਰੇਗਾ ਕਿ ਬੰਗਲਾਦੇਸ਼ ਦੇ ਇਸਲਾਮਿਕ ਕੱਟੜਪੰਥੀ ਧੜਿਆਂ ਨਾਲ ਮਿਲ ਕੇ ਭਾਰਤ ਵਿਰੁੱਧ ਅੱਤਵਾਦੀ ਅਤੇ ਗ਼ੈਰ-ਸਮਾਜੀ ਅਨਸਰਾਂ ਨੂੰ ਸਰਗਰਮ ਕੀਤਾ ਜਾਵੇ। ਬੰਗਲਾਦੇਸ਼ ਵਿਚ ਬਦਅਮਨੀ ਦੌਰਾਨ ਦੱਖਣੀ ਏਸ਼ੀਆ ਵਿਚ ਅਸਥਿਰਤਾ ਹੋਰ ਵਧ ਗਈ ਹੈ ਜੋ ਭਾਰਤ ਦੇ ਹਿੱਤ ਵਿਚ ਬਿਲਕੁਲ ਵੀ ਨਹੀਂ ਹੈ। ਭਾਰਤ ਦੀ ਸੁਰੱਖਿਆ ਲਈ ਚੁਫੇਰਿਓਂ ਚੁਣੌਤੀਆਂ ਵਧ ਰਹੀਆਂ ਹਨ। ਬੀਤੇ ਦਿਨੀਂ ਹੀ ਨੇਪਾਲ ਵਿਚ ਚੀਨ ਦੀ ਹਮਾਇਤੀ ਸਰਕਾਰ ਬਣੀ ਹੈ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਕਰ ਰਹੇ ਹਨ। ਓਲੀ ਨੂੰ ‘ਇੰਡੀਆ ਆਊਟ’ ਮੁਹਿੰਮ ਦੀ ਅਗਵਾਈ ਕਰਨ ਲਈ ਜਾਣਿਆ ਜਾਂਦਾ ਹੈ ਅਤੇ ਹਾਲੀਆ ਸਾਲਾਂ ਵਿਚ ਉਨ੍ਹਾਂ ਨੇ ਆਪਣੀ ਰਾਜਨੀਤਕ ਸਾਖ਼ ਮਜ਼ਬੂਤ ਕਰਨ ਲਈ ਭਾਰਤ ਨਾਲ ਸਰਹੱਦੀ ਵਿਵਾਦ ਦਾ ਮੁੱਦਾ ਸ਼ਾਂਤ ਨਹੀਂ ਹੋਣ ਦਿੱਤਾ ਹੈ।




ਓਲੀ ਦਾ ‘ਰਾਸ਼ਟਰਵਾਦੀ ਅਕਸ’ ਕਿਉਂਕਿ ਭਾਰਤ ਦਾ ਵਿਰੋਧ ਕਰਨ ਸਦਕਾ ਬਣਿਆ ਹੈ, ਲਿਹਾਜ਼ਾ ਭਾਰਤ ਲਈ ਜ਼ਰੂਰੀ ਹੈ ਕਿ ਉਹ ਹਾਲਾਤ ’ਤੇ ਨਜ਼ਰ ਰੱਖੇ। ਜੇ ਨੇਪਾਲੀ ਜਨਤਾ ਪੁਰਾਣੀਆਂ ਪਾਰਟੀਆਂ ਅਤੇ ਪੁਰਾਣੇ ਨੇਤਾਵਾਂ ਦੀ ਕਾਰਜਸ਼ੈਲੀ ਤੋਂ ਮੂੰਹ ਮੋੜਦੀ ਹੈ ਤਾਂ 2006 ਵਰਗਾ ਜਨ ਅੰਦੋਲਨ ਛਿੜਨਾ ਕੋਈ ਵੱਡੀ ਗੱਲ ਨਹੀਂ ਹੋਵੇਗੀ। ਇਸ ਦਾ ਸਿੱਧਾ ਅਸਰ ਖੁੱਲ੍ਹੀ ਸਰਹੱਦ ਕਾਰਨ ਭਾਰਤ ’ਤੇ ਹੋਵੇਗਾ। ਨੇਪਾਲ ਦੇ ਗੁਆਂਢ ਵਿਚ ਹੀ ਭੂਟਾਨ ਹੈ ਜੋ ਪੂਰੀ ਤਰ੍ਹਾਂ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਨੂੰ ਲੈ ਕੇ ਫ਼ਿਕਰਮੰਦ ਹੈ ਅਤੇ ਇਕ ਮਿੱਤਰਤਾਪੂਰਨ ਸਹਿਯੋਗੀ ਰਿਹਾ ਹੈ। ਹਾਲਾਂਕਿ ਹਾਲੀਆ ਸਾਲਾਂ ਵਿਚ ਚੀਨ ਨੇ ਉੱਥੇ ਵੀ ਆਪਣੀ ਪੈਂਠ ਬਣਾਉਣ ਵਿਚ ਕਸਰ ਨਹੀਂ ਛੱਡੀ ਹੈ। ਇਸ ਦੇ ਬਾਵਜੂਦ ਭਾਰਤ ਦੇ ਲਿਹਾਜ਼ ਨਾਲ ਭੂਟਾਨ ਵਿਚ ਸਥਿਤੀ ਕਾਬੂ ਹੇਠ ਹੈ। ਪੂਰਬੀ ਗੁਆਂਢੀ ਦੇਸ਼ ਮਿਆਂਮਾਰ ਵਿਚ ਵੀ ਦਬਾਅ ਨਾਲ ਭਰਪੂਰ ਤੇ ਬੇਯਕੀਨੀ ਵਾਲਾ ਸਿਆਸੀ ਘਟਨਾਚੱਕਰ ਦੇਖਣ ਨੂੰ ਮਿਲ ਰਿਹਾ ਹੈ। ਇੱਥੇ ਵੱਖ-ਵੱਖ ਬਾਗ਼ੀ ਸਮੂਹ ਫ਼ੌਜੀ ਸ਼ਾਸਨ ਨੂੰ ਕਮਜ਼ੋਰ ਕਰਨ ਵਿਚ ਕਾਮਯਾਬ ਹੋ ਗਏ ਹਨ। ਇੱਥੇ ਬਦਅਮਨੀ ਅਤੇ ਰਾਜਨੀਤਕ ਅਸਥਿਰਤਾ ਦਾ ਸਿਲਸਿਲਾ ਕਾਇਮ ਹੈ ਜਿਸ ਕਾਰਨ ਭਾਰਤ ਦੇ ਸੁਰੱਖਿਆ ਬਲ ਭਾਰਤ-ਮਿਆਂਮਾਰ ਸਰਹੱਦ ’ਤੇ ਨਜ਼ਰ ਰੱਖ ਰਹੇ ਹਨ।

ਜੇ ਬੰਗਲਾਦੇਸ਼ ਅਤੇ ਮਿਆਂਮਾਰ ਦੀਆਂ ਤਾਨਾਸ਼ਾਹ ਤਾਕਤਾਂ ਚੀਨ ਜਾਂ ਪਾਕਿਸਤਾਨ ਵਰਗੇ ਦੇਸ਼ਾਂ ਦੇ ਪ੍ਰਭਾਵ ਵਿਚ ਆ ਕੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿਚ ਹੱਥ ਮਿਲਾਉਂਦੀਆਂ ਹਨ ਤਾਂ ਭਾਰਤ ਲਈ ਇਕ ਵੱਡੀ ਚੁਣੌਤੀ ਖੜ੍ਹੀ ਹੋ ਜਾਵੇਗੀ। ਨਵੀਂ ਦਿੱਲੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਲੁੱਕ-ਈਸਟ ਅਤੇ ਐਕਟ ਈਸਟ ਨੀਤੀ ਵਿਚ ਸੁਰੱਖਿਆ ਪਹਿਲੂਆਂ ਨੂੰ ਵੀ ਸ਼ਾਮਲ ਕਰੇ। ਮਿਆਂਮਾਰ ਵਿਚ ਆਰਥਿਕ ਅਤੇ ਰਾਜਨੀਤਕ ਅਸਥਿਰਤਾ ਦੀ ਸਥਿਤੀ ਬਣੀ ਹੋਈ ਹੈ। ਇਹ ਸਹੀ ਹੈ ਕਿ ਸ੍ਰੀਲੰਕਾ ਹੌਲੀ-ਹੌਲੀ ਭਾਰਤ ਅਤੇ ਆਈ ਐੱਮ ਐੱਫ ਦੀ ਮਦਦ ਨਾਲ ਆਰਥਿਕ ਮੁਸੀਬਤਾਂ ਤੋਂ ਬਾਹਰ ਆ ਰਿਹਾ ਹੈ ਪਰ ਹਾਲੇ ਵੀ ਉੱਥੇ ਭਾਰਤ ਵਿਰੋਧੀ ਅਨਸਰ ਸਰਗਰਮ ਹਨ। ਮਾਲਦੀਵ ਵੀ ਇਸ ਮਾਮਲੇ ਵਿਚ ਅਲੱਗ ਨਹੀਂ ਜਿੱਥੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਲਗਾਤਾਰ ਭਾਰਤ ਦਾ ਵਿਰੋਧ ਕਰਨ ਵਿਚ ਲੱਗੇ ਹੋਏ ਹਨ। ਉਨ੍ਹਾਂ ਨੇ ਵੀ ਓਲੀ ਦੀ ਤਰ੍ਹਾਂ ‘ਇੰਡੀਆ ਆਊਟ’ ਮੁਹਿੰਮ ਚਲਾਈ, ਫਿਰ ਉਹ ਚਾਹੇ ਭਾਰਤੀ ਫ਼ੌਜੀ ਅਫ਼ਸਰਾਂ ਨੂੰ ਮਾਲਦੀਵ ਤੋਂ ਭਾਰਤ ਵਾਪਸ ਭੇਜਣ ਦਾ ਮੁੱਦਾ ਹੋਵੇ ਜਾਂ ਫਿਰ ਉਨ੍ਹਾਂ ਦੀ ਸਰਕਾਰ ਦੇ ਮੰਤਰੀਆਂ ਦਾ ਭਾਰਤ ਤੇ ਭਾਰਤ ਦੇ ਵੱਕਾਰੀ ਨੇਤਾਵਾਂ ਵਿਰੁੱਧ ਟੀਕਾ-ਟਿੱਪਣੀ ਕਰਨ ਦਾ ਮਾਮਲਾ।

ਪੱਛਮੀ ਖੇਤਰ ਵਿਚ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਸੁਰੱਖਿਆ ਹਾਲਾਤ ਪਹਿਲਾਂ ਹੀ ਭਾਰਤ ਲਈ ਮੁਸੀਬਤ ਬਣੇ ਹੋਏ ਹਨ। ਪਾਕਿਸਤਾਨ ਵਿਚ ਅੱਤਵਾਦੀ ਸੰਗਠਨ ਬੇਮੁਹਾਰੇ ਹੋਏ ਪਏ ਹਨ। ਉਨ੍ਹਾਂ ਨੂੰ ਉੱਥੋਂ ਦੀ ਸਰਕਾਰ ਦੀ ਪੂਰੀ ਸ਼ਹਿ ਅਤੇ ਸਮਰਥਨ ਮਿਲ ਰਿਹਾ ਹੈ। ਇਸੇ ਕਾਰਨ ਉਹ ਜੰਮੂ-ਕਸ਼ਮੀਰ ਵਿਚ ਅੱਤਵਾਦੀ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਇਹੀ ਨਹੀਂ, ਪਾਕਿਸਤਾਨ ਭਾਰਤ ਦੇ ਹਿੱਤਾਂ ਨੂੰ ਢਾਹ ਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਛੱਡ ਰਿਹਾ। ਉਹ ਭਾਰਤ ਵਿਚ ਨਸ਼ਿਆਂ ਦੀਆਂ ਖੇਪਾਂ ਭੇਜ ਕੇ ਇੱਥੋਂ ਦੀ ਨੌਜਵਾਨੀ ਦਾ ਘਾਣ ਕਰ ਰਿਹਾ ਹੈ। ਭਾਵੇਂ ਉਸ ਦੇ ਵਿੱਤੀ ਹਾਲਾਤ ਬੇਹੱਦ ਮਾੜੇ ਹਨ ਪਰ ਉਹ ਭਾਰਤ ਨੂੰ ਨੁਕਸਾਨ ਪਹੁੰਚਾਉਣ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ। ਅਫ਼ਗਾਨਿਸਤਾਨ ਵਿਚ ਵੀ ਅਸਥਿਰਤਾ ਹੈ ਤੇ ਉੱਥੋਂ ਦੀ ਤਾਲਿਬਾਨ ਹਕੂਮਤ ਤੇ ਹੋਰ ਅੱਤਵਾਦੀ ਸੰਗਠਨਾਂ ਦਾ ਟਕਰਾਅ ਭਾਰਤ ਦੇ ਹਿੱਤ ਵਿਚ ਨਹੀਂ ਹੈ।

ਹਾਲ ਹੀ ਵਿਚ ਜੰਮੂ ਵਿਚ ਹੋਏ ਅੱਤਵਾਦੀ ਹਮਲਿਆਂ ਨੇ ਭਾਰਤ ਦੀ ਚਿੰਤਾ ਵਧਾਉਣ ਦਾ ਕੰਮ ਕੀਤਾ ਹੈ। ਜੇ ਗੁਆਂਢੀ ਦੇਸ਼ਾਂ ਦੇ ਰਾਜਨੀਤਕ ਤੇ ਆਰਥਿਕ ਹਾਲਾਤ ਨੂੰ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਇਨ੍ਹਾਂ ਸਾਰੇ ਦੇਸ਼ਾਂ ਦੀਆਂ ਸਰਹੱਦਾਂ ਦੇ ਜੁੜੇ ਹੋਣ ਕਾਰਨ ਬਹੁਤ ਕਸੂਤੇ ਹਾਲਾਤ ਦਾ ਸਾਹਮਣੇ ਕਰ ਰਿਹਾ ਹੈ ਜੋ ਆਉਣ ਵਾਲੇ ਦਿਨਾਂ ਵਿਚ ਸੁਰੱਖਿਆ ਲਈ ਖ਼ਤਰਾ ਬਣ ਸਕਦੇ ਹਨ। ਦੱਖਣੀ ਏਸ਼ੀਆ ਵਿਚ ਬੜੇ ਲੰਬੇ ਸਮੇਂ ਤੋਂ ਭਾਰਤ ਦੀ ਕੇਂਦਰੀ ਭੂਮਿਕਾ ਨੂੰ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਮੰਨਿਆ ਜਾਂਦਾ ਰਿਹਾ ਹੈ ਤੇ ਭਾਰਤ ’ਤੇ ਲਗਪਗ ਸਾਰੇ ਗੁਆਂਢੀ ਦੇਸ਼ ਦਖ਼ਲਅੰਦਾਜ਼ੀ ਦਾ ਇਲਜ਼ਾਮ ਵੀ ਲਗਾਉਂਦੇ ਆਏ ਹਨ ਪਰ ਕੀ ਹੁਣ ਇਹੀ ਦੇਸ਼ ਆਪਣੀ ਅੰਦਰੂਨੀ ਹਲਚਲ ਕਾਰਨ ਭਾਰਤ ਸਾਹਮਣੇ ਮੌਜੂਦ ਸੁਰੱਖਿਆ ਸੰਕਟ ’ਤੇ ਨਵੀਂ ਦਿੱਲੀ ਨਾਲ ਖੜ੍ਹੇ ਹੋਣਗੇ? ਇਸ ਦਾ ਜਵਾਬ ਸੰਭਵ ਤੌਰ ’ਤੇ ਨਾਂਹ-ਪੱਖੀ ਹੀ ਮਿਲੇ। ਦੱਖਣੀ ਏਸ਼ੀਆ ਵਿਚ ਜਿਹੋ-ਜਿਹੇ ਅਸਾਧਾਰਨ ਹਾਲਾਤ ਪੈਦਾ ਹੋ ਰਹੇ ਹਨ, ਉਨ੍ਹਾਂ ਦਾ ਸਾਹਮਣਾ ਕਰਨ ਲਈ ਭਾਰਤ ਨੂੰ ਅਸਾਧਾਰਨ ਯਤਨ ਕਰਨ ਦੀ ਜ਼ਰੂਰਤ ਹੈ।

ਭਾਰਤ ਨੂੰ ਹਰ ਕੀਮਤ ’ਤੇ ਆਪਣੇ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਅਤੇ ਗੁਆਂਢੀ ਦੇਸ਼ਾਂ ਵਿਚ ਸਿਵਲ ਸੁਸਾਇਟੀ ਸਮੂਹਾਂ ਨਾਲ ਮਿਲ ਕੇ ਸ਼ਾਂਤੀ ਬਹਾਲੀ ਦੇ ਯਤਨਾਂ ’ਤੇ ਧਿਆਨ ਦੇਣਾ ਹੋਵੇਗਾ।

ਇਸ ਦੇ ਨਾਲ ਹੀ ਦੁਨੀਆ ਭਰ ਦੇ ਲੋਕਤੰਤਰੀ ਮੁਲਕਾਂ ਅਤੇ ਖੇਤਰਾਂ ਵਿਚ ਸਮਾਨ ਵਿਚਾਰਧਾਰਾ ਵਾਲੀਆਂ ਤਾਕਤਾਂ ਜਿਵੇਂ ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਲਈ ਵੀ ਜ਼ਰੂਰੀ ਹੈ ਕਿ ਉਹ ਭਾਰਤ ਦੀਆਂ ਚਿੰਤਾਵਾਂ ਨੂੰ ਸਮਝਣ ਅਤੇ ਆਪਣੇ ਪੱਧਰ ’ਤੇ ਪਾਕਿਸਤਾਨ ਅਤੇ ਚੀਨ ’ਤੇ ਦਬਾਅ ਪਾਉਣ ਤਾਂ ਜੋ ਇਹ ਦੋਵੇਂ ਦੇਸ਼ ਦੱਖਣੀ ਏਸ਼ੀਆ ਦੀ ਅਸਥਿਰਤਾ ਦਾ ਫ਼ਾਇਦਾ ਚੁੱਕ ਕੇ ਭਾਰਤ ਨੂੰ ਪਰੇਸ਼ਾਨ ਕਰਨ ਲਈ ਨਵੀਆਂ ਤਿਕੜਮਬਾਜ਼ੀਆਂ ਨਾ ਕਰ ਸਕਣ।

# ਪੰਜ ਦਰਿਆਵਾਂ ਦੇ ਵਾਰਿਸ ਹੁਣ ਬੀਆਬਾਨ ਦੇ ਸ਼ਾਹ ਬਣ ਗਏ

ਮਨਮੋਹਨ ਸਿੰਘ ਦਾਊਂ

ਕੋਈ ਸਮਾਂ ਸੀ ਜਦੋਂ ਪਿੰਡਾਂ ਵਿਚ ਪਾਣੀ ਦਾ ਸੋਮਾ ਖੂਹ ਜਾਂ ਟੋਭੇ ਹੀ ਹੁੰਦੇ ਸਨ। ਇਨ੍ਹਾਂ ਦੀ ਸਾਫ਼-ਸਫ਼ਾਈ ਪਿੰਡ ਵਾਸੀ ਰਲ-ਮਿਲ ਕੇ ਕਰਦੇ ਸਨ ਅਤੇ ਸਾਂਭ-ਸੰਭਾਲ ਇਕਜੁੱਟ ਹੋ ਕੇ ਕਰਦੇ ਸਨ। ਖਾਣ-ਪੀਣ, ਨਹਾਉਣ-ਧੋਣ, ਪਸ਼ੂ ਨੂੰ ਨਲ੍ਹਾਉਣ, ਪਾਣੀ ਪਿਲਾਉਣਾ, ਵਿਆਹ-ਸ਼ਾਦੀਆਂ, ਮਰਗਤਾਂ ਆਦਿ ਲਈ ਪਾਣੀ ਦੀ ਵਰਤੋਂ ਸੰਜਮ ਨਾਲ ਖੂਹਾਂ-ਟੋਭਿਆਂ ਤੋਂ ਹੀ ਕੀਤੀ ਜਾਂਦੀ ਸੀ। ਖੂਹ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਸੀ। ਜਲ-ਦੇਵਤਾ ਜਾਂ ਖੁਆਜਾ ਸ਼ਬਦਾਂ ਨਾਲ ਸ਼ਰਧਾ ਜਤਾਈ ਜਾਂਦੀ ਸੀ। ਸ਼ੁਰੂ-ਸ਼ੁਰੂ ’ਚ ਪਿੰਡਾਂ ’ਚ ਇਕ ਜਾਂ ਦੋ ਹੀ ਖੂਹ ਹੁੰਦੇ ਸਨ ਕਿਉਂਕਿ ਖੂਹ ਲੁਆਉਣਾ ਜਾਂ ਪੁੱਟਣਾ ਬਹੁਤ ਵੱਡਾ ਕਠਿਨ ਕਾਰਜ ਹੁੰਦਾ ਸੀ। ਇਸ ਦੀ ਖੁਦਾਈ, ਚਿਣਾਈ ਅਤੇ ਉਤਰਾਈ ਲਈ ਵਿਸ਼ੇਸ਼ ਕਾਰੀਗਰ, ਮਿਸਤਰੀ ਅਤੇ ਡਬੋਲੀਏ ਹੁੰਦੇ ਸਨ।

ਬੜੀ ਮਿਹਨਤ ਨਾਲ ਖੂਹ ਦਾ ਪਾਣੀ ਨਸੀਬ ਹੁੰਦਾ ਸੀ। ਖੂਹ ਦੀ ਮੌਣ ਰਾਹੀਂ ਲੱਜ ਦੇ ਨਾਲ ਡੋਲ, ਘੜਾ, ਬਾਲਟੀ ਜਾਂ ਕੋਈ ਹੋਰ ਭਾਂਡਾ ਬੰਨ੍ਹ ਕੇ ਪਾਣੀ ਕੱਢਿਆ ਜਾਂਦਾ ਸੀ। ਨਾਲ ਲੱਗਦੇ ਚਬੱਚੇ ਭਰ ਕੇ ਪਾਣੀ ਸਾਂਭਿਆ ਜਾਂਦਾ ਸੀ। ਇਸ ਨੂੰ ਬੋੜਾ ਖੂਹ ਕਿਹਾ ਜਾਂਦਾ ਸੀ। ਸਾਰੇ ਪਿੰਡ ਦਾ ਜਲ-ਦਾਤਾ ਖੂਹ ਹੀ ਹੁੰਦਾ ਸੀ। ਖੂਹ ’ਚੋਂ ਪਾਣੀ ਸੌਖਾ ਕੱਢਣ ਲਈ ਲੱਕੜ ਦੀ ਭੌਣੀ ਵਰਤੋਂ ਵਿਚ ਆਈ। ਖੂਹ ਦੇ ਨਾਲ ਲੱਕੜ ਦੇ ਦਸਾਂਗੜ ਨੂੰ ਗੱਡ ਕੇ ਲੱਕੜ ਦੀ ਭੌਣੀ ਬੰਨ੍ਹ ਲਈ ਜਾਂਦੀ ਸੀ। ਜਿਸ ਨਾਲ ਪਾਣੀ ਕੱਢਣਾ ਸੌਖਾ ਹੋ ਜਾਂਦਾ ਸੀ।

ਸੰਸਕ੍ਰਿਤ ਦੇ ਸ਼ਬਦ ਭਉਣ (ਭੌਣ) ਦਾ ਅਰਥ ਹੈ ਭ੍ਰਮਣ ਕਰਨਾ ਅਰਥਾਤ ਘੁੰਮਣਾ (ਗੇੜਾ ਦੇਣਾ)। ਇਸ ਤੋਂ ਹੀ ਭੌਣੀ ਸ਼ਬਦ ਹੋਂਦ ਵਿਚ ਆਇਆ। ਮਨੁੱਖ ਨੇ ਹੋਰ ਸੌਖ ਲਈ ਖੂਹ ਦੀ ਮੌਣ ਉੱਤੇ ਥਮਲੇ ਉਸਾਰ ਕੇ ਲੋਹੇ ਦੀ ਲੱਠ ’ਚ ਲੋਹੇ ਦੀ ਭੌਣੀ ਦੀ ਵਰਤੋਂ ਕਰਨੀ ਆਰੰਭੀ। ਖੂਹ ਦੇ ਚਾਰੇ ਪਾਸੇ ਪਾਣੀ ਦੀ ਸੰਭਾਲ ਲਈ ਚਬੱਚੇ ਹੋਂਦ ਵਿਚ ਆਏ। ਚਬੱਚੇ ਦੇ ਪਾਣੀ ਦੀ ਵਰਤੋਂ ਨਹਾਉਣ, ਕੱਪੜੇ ਧੋਣ, ਮੱਝਾਂ ਨੂੰ ਨਹਾਉਣ, ਬਲਦਾਂ ਨੂੰ ਗਰਮੀਆਂ ’ਚ ਚਬੱਚੇ ’ਚ ਸ਼ੱਕਰ ਦੀ ਮਿਠਾਸ ਵਾਲਾ ਪਾਣੀ ਪਿਲਾਉਣ ਆਦਿ ਲਈ ਨਿੱਠ ਕੇ ਕੀਤੀ ਜਾਂਦੀ ਸੀ।

ਖੂਹ ਦੇ ਪਾਣੀ ਨੂੰ ਸਵੱਛ ਤੇ ਮਿੱਟੀ-ਘੱਟੇ ਤੋਂ ਬਚਾਉਣ ਲਈ ਖੂਹ ’ਤੇ ਛੱਤ ਪਾਉਣ ਦੀ ਯੋਜਨਾ ਵੀ ਪ੍ਰਾਰੰਭ ਹੋਈ। ਲੋਹੇ ਦੀ ਭੌਣੀ ਆਉਣ ਨਾਲ ਪਾਣੀ ਕੱਢਣਾ ਸੌਖਾ ਹੋ ਗਿਆ। ਕਈ ਖੂਹਾਂ ਦਾ ਪਾਣੀ ਬਹੁਤ ਡੂੰਘਾ ਹੁੰਦਾ ਸੀ, ਉਸ ਲਈ ਲੰਮੀ ਲੱਜ ਨਾਲ ਪਾਣੀ ਕੱਢਣਾ ਪੈਂਦਾ ਸੀ। ਪਿੰਡ ਦੇ ਖੂਹ ’ਤੇ ਪੂਰੀ ਰੌਣਕ ਲੱਗ ਜਾਂਦੀ ਸੀ। ਸੁਆਣੀਆਂ ਅਤੇ ਮੁਟਿਆਰਾਂ ਘੜੇ ਤੇ ਗਾਗਰਾਂ ਲੈ ਕੇ ਪਾਣੀ ਭਰਨ ਖੂਹ ’ਤੇ ਆਉਂਦੀਆਂ ਸਨ। ਡੂੰਘੇ ਪਾਣੀ ਨੂੰ ਘੜੇ ਰਾਹੀਂ ਕੱਢਣ ਲਈ ਕਈ ਵਾਰ ਦੋ ਸਹੇਲੀਆਂ ਮਿਲ ਕੇ ਲੱਜ ਨੂੰ ਹਜਕੋਲੇ ਮਾਰ-ਮਾਰ ਘੜੇ ਨੂੰ ਬੜੇ ਧਿਆਨ ਨਾਲ ਖੂਹ ਤੋਂ ਬਾਹਰ ਕੱਢਦੀਆਂ ਸਨ। ਘੜਾ ਫੁੱਟ ਜਾਣਾ ਜਾਂ ਤਿੜ ਜਾਣਾ ਬਹੁਤ ਮਾੜਾ ਸਮਝਿਆ ਜਾਂਦਾ ਸੀ। ਜਿਹੜੀ ਮੁਟਿਆਰ ਇਕ ਘੜਾ ਸਿਰ ਉੱਤੇ ਅਤੇ ਇਕ ਘੜਾ ਢਾਕ ’ਤੇ ਰੱਖ ਕੇ ਪਾਣੀ ਲੈ ਜਾਂਦੀ ਸੀ, ਉਸ ਦੀ ਪਿੰਡ ਵਿਚ ਸ਼ੋਭਾ ਹੁੰਦੀ ਸੀ। ਘੜੇ ਥੱਲੇ ਇੰਨੂਆ ਰੱਖਣ ਨਾਲ ਘੜੇ ਦਾ ਟਿਕਾਅ ਕਾਇਮ ਰਹਿੰਦਾ ਸੀ। ਇੰਨੂਆ ਬਣਾਉਣਾ ਵੀ ਇਕ ਕਲਾ ਸੀ।



ਗਾਲੜੀ ਔਰਤ ਜਾਂ ਉੱਚੀ ਬੋਲਣ ਵਾਲੀ ਤ੍ਰੀਮਤ ਬਾਰੇ ਤਨਜ਼ ਕੱਸੀ ਜਾਂਦੀ। “ਵੇਖ ਕਿਵੇਂ ਭੌਣੀ ਵਾਂਗ ਚੀਕਦੀ ਐ”। ਖੂਹ ਉੱਤੇ ਪਿੰਡ ਦਾ ਖੁੱਲ੍ਹਾ-ਡੁੱਲ੍ਹਾ ਵਰਤਾਰਾ ਝਲਕਦਾ ਹੁੰਦਾ ਸੀ। ਮਿਲਣ-ਗਿਲਣ ਅਤੇ ਗੱਲਾਂ-ਬਾਤਾਂ ਲਈ ਖੂਹ ਵੱਡਾ ਸਾਧਨ ਬਣਦਾ ਸੀ। ਚੌਕੀਦਾਰ ਦੀ ਹਾਕ ਰਾਤ ਨੂੰ ਜਾਗਦੇ ਰਹਿਣ ਦਾ ਹੋਕਾ ਦੇਂਦੀ ਸੀ ਅਤੇ ਪ੍ਰਭਾਤ ਵੇਲੇ ਖੂਹ ਦੀਆਂ ਭੌਣੀਆਂ ਦੀ ਚੀਕ ਪਿੰਡ ਨੂੰ ਜਾਗਣ ਲਈ ਕਹਿੰਦੀ ਸੀ। “ਹੁਣ ਤਾਂ ਖੂਹ ਦੀਆਂ ਭੌਣੀਆਂ ਵੀ ਚੀਕਣ ਲੱਗ ਪਈਆਂ, ਉੱਠਣਾ ਹੀ ਪੈਣਾ,” ਬਜ਼ੁਰਗ ਆਪਣੇ ਪਰਿਵਾਰ ਨੂੰ ਕਹਿਣ ਲੱਗਦਾ।

ਜਲ ਮਿਲੇ ਪ੍ਰਮੇਸ਼ਰ ਮਿਲੇ, ਅਰਜੋਈ ਹੁੰਦੀ। ਸਿੱਖ ਗੁਰੂ ਸਾਹਿਬਾਨ ਨੇ ਪਾਣੀ ਦੀ ਪ੍ਰਮੁੱਖਤਾ ਨੂੰ ਸਰਬੋਤਮ ਸਮਝਦੇ ਹੋਏ ਬੌਲੀਆਂ ਤੇ ਸਰੋਵਰਾਂ ਦਾ ਨਿਰਮਾਣ ਕੀਤਾ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਲੋਕਾਈ ਦੀ ਪਾਣੀ ਦੀ ਮੰਗ ਦੀ ਪੂਰਤੀ ਕੀਤੀ। ਜਿੱਥੇ ਬਾਣੀ ਨਾਲ ਹਿਰਦੇ ਠਾਰੇ, ਉੱਥੇ ਪਾਣੀ ਨਾਲ ਨਿਹਾਲ ਕੀਤਾ। ਸਮਾਂ ਬਦਲਿਆ। ਖੂਹਾਂ ਦੀ ਥਾਂ ਘਰ-ਘਰ ਨਲਕੇ ਲੱਗਣੇ ਸ਼ੁਰੂ ਹੋ ਗਏ। ਬੋਲੀ ਬਣੀ “ਖੂਹਾਂ, ਟੋਭਿਆਂ ਤੋਂ ਮਿਲਣੇ ਰਹਿ ਗਏ, ਚੰਦਰੇ ਲੁਆ ਲਏ ਨਲਕੇ।” ਜੀਵਨ-ਸ਼ੈਲੀ ਹੀ ਬਦਲ ਗਈ।

ਪਾਣੀ ਡੂੰਘਾ ਚਲੇ ਗਿਆ। ਕਈਆਂ ਨੇ ਸਬਮਰਸੀਬਲ ਮੋਟਰਾਂ ਲੁਆ ਕੇ ਘਰ ਵਿਚ ਪਾਣੀ ਦੀਆਂ ਲਹਿਰਾਂ-ਬਹਿਰਾਂ ਕਰ ਲਈਆਂ। ਜਲ ਸਪਲਾਈ ਵਿਭਾਗ ਹੋਂਦ ਵਿਚ ਆਇਆ ਅਤੇ ਲੋਕਾਂ ਨੂੰ ਪਾਣੀ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਘਰ-ਘਰ ਪਾਣੀ ਦੀ ਟੂਟੀ ਦਾ ਪ੍ਰਯੋਜਨ ਹੋਂਦ ਵਿਚ ਆਇਆ। ਪਾਣੀ ਦੀ ਕਿੱਲਤ ਵਧਦੀ ਗਈ। ਵਸੋਂ ਵਧਣ ਨਾਲ ਪਾਣੀ ਦੀ ਵਰਤੋਂ ਅਥਾਹ ਹੋਣ ਲੱਗੀ। ਇਮਾਰਤਾਂ ਉਸਰ ਗਈਆਂ। ਥੱਲਿਓਂ ਪਾਣੀ ਉਤਾਂਹ ਚੁੱਕ ਕੇ ਉੱਚੀਆਂ (ਟਾਵਰੀ) ਪਾਣੀ ਦੀਆਂ ਟੈਂਕੀਆਂ ਵਿਚ ਸਾਂਭਣਾ ਪੈ ਗਿਆ। ਇਸ ਕਾਰਜ ਲਈ ਕਿੰਨਾ ਕੁਝ ਕਰਨਾ ਪੈਂਦਾ ਹੈ। ਪਾਣੀ ਦੀ ਦਿਨ-ਬ-ਦਿਨ ਮੰਗ ਵਧਣ ਲੱਗੀ। ਪਾਣੀ ਬੋਤਲਾਂ ਵਿਚ ਵਿਕਣ ਲੱਗਿਆ। ਉਹ ਸਮਾਂ ਦੂਰ ਨਹੀਂ ਜਦੋਂ ਹੋਰ ਤਰਲ ਪਦਾਰਥ ਸਸਤੇ ਭਾਅ ਵਿਕਣਗੇ ਪਰ ਪਾਣੀ ਮਹਿੰਗਾ ਹੋ ਜਾਵੇਗਾ। ਪਾਣੀ ਦਾ ਕੋਈ ਹੋਰ ਬਦਲ ਹੀ ਨਹੀਂ। ਇਸੇ ਕਰਕੇ ਸਾਡੇ ਬਜ਼ੁਰਗ ਆਪਣੀ ਸਿਆਣਪ ਤੋਂ ਕੰਮ ਲੈਂਦੇ ਸਨ।

ਪਾਣੀ ਦੀ ਸੁਚੱਜੀ ਸਾਂਭ-ਸੰਭਾਲ ਲਈ ਤਲਾਅ, ਸਰੋਵਰ ਤੇ ਡਿੱਗੀਆਂ ਬਣਾਉਣ ਨੂੰ ਲੋਕ-ਭਲਾਈ ਅਤੇ ਪਵਿੱਤਰ ਕਾਰਜ ਮੰਨਦੇ ਸਨ। ਜੇਕਰ ਸਥਿਤੀ ਵਿਚ ਅਕਲਮੰਦੀ ਨਾਲ ਤਬਦੀਲੀ ਨਾ ਲਿਆਂਦੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪਾਣੀ ਲਈ ਜੰਗ ਲੜੀ ਜਾਵੇਗੀ। ਲਿੰਕ ਨਹਿਰਾਂ ਦੇ ਮਸਲੇ ਸਾਡੇ ਸਾਹਮਣੇ ਹਨ।

ਸ਼ਹਿਰਾਂ ’ਚ ਪਾਣੀ ਦੀ ਘਾਟ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਪੰਜ ਆਬਾਂ ਦੀ ਧਰਤੀ ਪੰਜਾਬ ਦੀ ਵਿਡੰਬਣਾ ਸਾਡੇ ਨਾਲ ਹੋਈ ਵੰਡ-ਵੰਡਾਈ ਦਾ ਨਤੀਜਾ ਹੈ। ਕੰਕਰੀਟ ਦੇ ਜੰਗਲ ਉਸਰ ਰਹੇ ਹਨ, ਧਰਤੀ ਦੀ ਹਰਿਆਵਲ ਖ਼ਤਮ ਕੀਤੀ ਜਾ ਰਹੀ ਹੈ। ਵਰਖਾ ਦੇ ਪਾਣੀ ਨੂੰ ਧਰਤੀ ਦੇ ਥੱਲੇ ਰਿਸਣ ਲਈ ਥਾਵਾਂ ਨਹੀਂ ਲੱਭ ਰਹੀਆਂ।

ਬੇਮੁਹਾਰਾ ਹੋਇਆ ਪਾਣੀ ਤਬਾਹੀ ਦਾ ਰੂਪ ਧਾਰ ਰਿਹਾ। ਸਿਆਣੇ ਕਹਿੰਦੇ ਹੁੰਦੇ ਸਨ : ਪਰਲੋ ਆਉਣ ਵਾਲੀ ਹੈ। ਖ਼ਬਰਦਾਰ ਰਹੋ। ਲੋੜ ਹੈ ਛੱਪੜਾਂ (ਟੋਭਿਆਂ), ਤਾਲਾਬਾਂ, ਸਰੋਵਰਾਂ ਤੇ ਡਿੱਗੀਆਂ ਦਾ ਨਿਰਮਾਣ ਕਰਨ ਦੀ। ਖੂਹਾਂ ਨੂੰ ਮੁੜ ਜਗਾਇਆ ਜਾਵੇ। ਖੂਹ ਦੀਆਂ ਭੌਣੀਆਂ ਦੀ ਚੀਕ ਮੁੜ ਪਿੰਡ ਨੂੰ ਜਾਗਣ ਦਾ ਸੁਨੇਹਾ ਦੇਵੇ। ਜਲ ਹੀ ਜੀਵਨ ਹੈ। ਪ੍ਰਵਚਨ ਹੈ: ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥


ਪੰਜ ਨਦੀਆਂ ਦੇ ਵਾਰਿਸ ਹੁਣ ਬੀਆਬਾਨ ਦੇ ਸ਼ਾਹ ਬਣ ਗਏ ਹਨ। ਵਰਖਾ ਦੇ ਪਾਣੀ ਨੂੰ ਵੱਧ ਤੋਂ ਵੱਧ ਸੰਭਾਲਣ ਲਈ ਯੋਜਨਾਵਾਂ ਬਣਾਉਣ ਦੀ ਲੋੜ ਹੈ। ਪਾਣੀ ਦੀ ਬੂੰਦ-ਬੂੰਦ ਦੀ ਮਹੱਤਤਾ ਸਮਝਣ ਦੀ ਲੋੜ ਹੈ। ਤਿਹਾਏ ਨੂੰ ਪਾਣੀ, ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਜਣ ਤੇ ਨਿਰਾਸੇ ਨੂੰ ਸਹਾਰਾ ਦੇਣਾ ਸਭ ਤੋਂ ਵੱਡੀ ਮਨੁੱਖੀ ਸੇਵਾ ਹੈ। ਇੱਥੇ ਉੱਘੇ ਲੇਖਕ ਅਨੁਪਮ ਮਿਸ਼ਰ ਦੀ ਪਾਣੀ ਦੀ ਸੰਭਾਲ ਤੇ ਮਹੱਤਤਾ ਬਾਰੇ ਲਿਖੀ ਪੁਸਤਕ ‘ਅੱਜ ਵੀ ਖ਼ਰੇ ਹਨ ਤਾਲਾਬ’ (ਪੰਜਾਬੀ ਅਨੁਵਾਦਕ: ਸੁਰਿੰਦਰ ਬਾਂਸਲ) ਪੜ੍ਹਨ ਯੋਗ ਹੈ। ਆਓ ਕੁਝ ਕਰਨ ਲਈ ਸੋਚੀਏ :

ਸੱਥ ਸੁੰਨੀ, ਭੌਣੀ ਚੁੱਪ ਹੈ,ਪਾਣੀ ਦੀ ਰਹੇ ਨਾ ਤੋਟ,
ਐ ਖੁਦਾਇਆ ਮੇਰਿਆ ਸੁਖੀ ਵਸਣ ਲੋਕ।

# ਪੰਜਾਬ 'ਚ ਨੈਸ਼ਨਲ ਹਾਈਵੇ ਪ੍ਰਾਜੈਕਟ

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੂਬੇ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਮਾਮਲਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਾਹਮਣੇ ਚੁੱਕਿਆ ਹੈ। ਇਸ ਨੂੰ ਲੈ ਕੇ ਜਿੱਥੇ ਇਕ ਪਾਸੇ ਸਿਆਸਤ ਸ਼ੁਰੂ ਹੋ ਗਈ ਹੈ ਤਾਂ ਦੂਜੇ ਪਾਸੇ ਨੈਸ਼ਨਲ ਹਾਈਵੇ ਪ੍ਰਾਜੈਕਟ ਖ਼ਤਰੇ 'ਚ ਪੈਂਦੇ ਦਿਖਾਈ ਦੇ ਰਹੇ ਹਨ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਨਿਤਿਨ ਗਡਕਰੀ ਦੇ ਪੱਤਰ ਨੂੰ ਨਫ਼ਰਤ ਫੈਲਾਉਣ ਵਾਲਾ ਦੱਸਦੇ ਹੋਏ ਕਿਹਾ ਕਿ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਚੰਗੀ ਹੈ, ਭਾਜਪਾ ਨਫ਼ਰਤ ਦੀ ਸਿਆਸਤ ਨਾ ਕਰੇ। ਤਾਂ ਦੂਜੇ ਪਾਸੇ ਭਾਜਪਾ ਨੇਤਾਵਾਂ ਨੇ ਪੰਜਾਬ ਦੀ 'ਆਪ' ਸਰਕਾਰ ਨੂੰ ਲੰਮੇ ਹੱਥੀਂ ਲਿਆ ਹੈ। ਬਿਨਾਂ ਸ਼ੱਕ ਇਹ ਗੰਭੀਰ ਮਾਮਲਾ ਹੈ ਕਿਉਂਕਿ ਇਕ ਪਾਸੇ ਜਿੱਥੇ ਇਹ ਪ੍ਰਾਜੈਕਟ ਪੰਜਾਬ ਦੇ ਵਿਕਾਸ ਲਈ ਜ਼ਰੂਰੀ ਹਨ ਉੱਥੇ ਸਰਹੱਦੀ ਸੂਬਾ ਹੋਣ ਕਾਰਨ ਦੇਸ਼ ਦੀ ਸੁਰੱਖਿਆ ਲਈ ਵੀ ਅਹਿਮ ਹਨ। ਕਾਨੂੰਨ-ਵਿਵਸਥਾ ਦੀ ਹਾਲਤ 'ਤੇ ਤਾਂ ਪਹਿਲਾਂ ਤੋਂ ਹੀ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ ਕਿਉਂਕਿ ਪੰਜਾਬ ਵਿਚ ਰੋਜ਼ਾਨਾ ਕਤਲ, ਲੁੱਟਾਂ-ਖੋਹਾਂ ਤੇ ਫਿਰੌਤੀ ਮੰਗਣ ਆਦਿ ਦੀਆਂ ਵਾਰਦਾਤਾਂ ਨੇ ਜੀਣਾ ਮੁਹਾਲ ਕੀਤਾ ਹੋਇਆ। ਗਡਕਰੀ ਨੇ ਸੀਐੱਮ ਨੂੰ ਲਿਖੇ ਪੱਤਰ 'ਚ ਕਿਹਾ ਕਿ ਪਹਿਲਾਂ ਤਾਂ ਜ਼ਮੀਨ ਐਕਵਾਇਰ ਨਾ ਹੋਣ ਕਾਰਨ ਪ੍ਰਾਜੈਕਟ ਲਟਕ ਰਹੇ ਸਨ ਪਰ ਹੁਣ ਜਿਸ ਤਰ੍ਹਾਂ



ਅਮਨ-ਕਾਨੂੰਨ ਦੇ ਹਾਲਾਤ ਹਨ, ਉਸ ਨਾਲ ਅਜਿਹਾ ਲਗਦਾ ਹੈ ਕਿ ਜੇ ਸਥਿਤੀ ਅਜਿਹੀ ਹੀ ਚੱਲਦੀ ਰਹੀ ਤਾਂ 14,288 ਕਰੋੜ ਰੁਪਏ ਦੇ ਚੱਲ ਰਹੇ ਪ੍ਰਾਜੈਕਟਾਂ ਨੂੰ ਬੰਦ ਕਰਨਾ ਪੈ ਸਕਦਾ ਹੈ।

ਅਸਲ ਵਿਚ ਨੈਸ਼ਨਲ ਹਾਈਵੇ ਪ੍ਰਾਜੈਕਟਾਂ ਲਈ ਕੰਮ ਕਰ ਰਹੇ ਠੇਕੇਦਾਰਾਂ ਤੇ ਉਪ-ਠੇਕੇਦਾਰਾਂ 'ਤੇ ਹਮਲਿਆਂ ਤੇ ਧਮਕੀਆਂ ਦੀਆਂ ਘਟਨਾਵਾਂ ਵੱਧ ਗਈਆਂ ਹਨ, ਜਿਸ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਦੀ ਢਿੱਲ-ਮੱਠ ਦੀ ਕਾਰਵਾਈ ਕਾਰਨ ਇਨ੍ਹਾਂ ਪ੍ਰਾਜੈਕਟਾਂ ਵਿਚ ਲੱਗੇ ਹੋਏ ਲੋਕ ਨਾਰਾਜ਼ ਚੱਲ ਰਹੇ ਹਨ। ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਦਾ ਨਿਰਮਾਣ ਕਰ ਰਹੇ ਠੇਕੇਦਾਰਾਂ ਨਾਲ 20 ਜੁਲਾਈ ਨੂੰ ਕੁੱਟਮਾਰ ਕੀਤੀ ਗਈ ਤੇ ਉਨ੍ਹਾਂ ਨੂੰ ਜ਼ਿੰਦਾ ਸਾੜਨ ਦੀ ਧਮਕੀ ਦਿੱਤੀ ਗਈ। ਸਥਾਨਕ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ ਐੱਨਐੱਚਏਆਈ ਨੇ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਘਟਨਾ ਦੀ ਸ਼ਿਕਾਇਤ ਕੀਤੀ। ਮੁੱਖ ਸਕੱਤਰ ਨੇ ਡੀਜੀਪੀ ਨੂੰ ਮਾਮਲੇ 'ਚ ਐੱਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਤਾਂ ਥਾਣਾ ਦਾਖਾ ਦੀ ਪੁਲਿਸ ਨੇ ਕੇਸ ਤਾਂ ਦਰਜ ਕਰ ਲਿਆ ਪਰ ਕਿਸੇ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਇਸ ਤੋਂ ਬਾਅਦ ਹੀ ਗਡਕਰੀ ਨੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ। ਹਾਲਾਂਕਿ ਇਸ ਤੋਂ ਪਹਿਲਾਂ ਵੀ ਅਥਾਰਟੀ ਦੇ ਚੇਅਰਮੈਨ ਨੇ ਸੂਬੇ ਦੇ ਸੱਤ ਪ੍ਰਾਜੈਕਟਾਂ ਲਈ ਜ਼ਮੀਨ ਐਕਵਾਇਰ ਕਰਨ ਦਾ ਕੰਮ ਕਾਫ਼ੀ ਹੌਲੀ ਚੱਲਣ ਕਾਰਨ ਇਨ੍ਹਾਂ ਨੂੰ ਰੱਦ ਕਰਨ ਦੀ ਚਿਤਾਵਨੀ ਦਿੱਤੀ ਸੀ। ਅਜਿਹਾ ਵੀ ਨਹੀਂ ਹੈ ਕਿ ਪੰਜਾਬ ਇਨ੍ਹਾਂ ਪ੍ਰਾਜੈਕਟਾਂ ਲਈ ਗੰਭੀਰ ਨਹੀਂ ਹੈ। ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਹਾਲੇ ਕੁਝ ਦਿਨ ਪਹਿਲਾਂ ਹੀ ਸੂਬੇ ਵਿਚ ਇਨ੍ਹਾਂ ਮਾਰਗਾਂ ਦੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ ਸੀ।

ਇਸ ਵਿਚ ਮੰਤਰੀ ਨੇ ਗ੍ਰੀਨਫੀਲਡ ਐਕਸਪ੍ਰੈਸਵੇਅ ਦੇ ਨਿਰਮਾਣ, ਮੌਜੂਦਾ ਸੜਕਾਂ ਦੇ ਨਵੀਨੀਕਰਨ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਵੱਖ-ਵੱਖ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ ਸੀ। ਅਜਿਹੇ ਹਾਲਾਤ ਦੇ ਮੱਦੇਨਜ਼ਰ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਸਰਕਾਰ ਸੂਬੇ ਦੀ ਆਰਥਿਕਤਾ ਤੇ ਵਿਕਾਸ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਪਾਸੇ ਹੋਰ ਗੰਭੀਰਤਾ ਨਾਲ ਕਦਮ ਪੁੱਟੇ ਅਤੇ ਇਕ ਵੀ ਪ੍ਰਾਜੈਕਟ ਨੂੰ ਪੰਜਾਬ ਦੇ ਹੱਥੋਂ ਜਾਣ ਨਾ ਦੇਵੇ।

# ਦੇਸ਼ ਦੀ ਵੰਡ, ਪੁਣਛ ਤੇ ਬ੍ਰਿਗੇਡੀਅਰ ਪ੍ਰੀਤਮ ਸਿੰਘ

**ਡਾ. ਪਰਮਜੀਤ ਸਿੰਘ ਕੱਟੂ**

ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਪਹਾੜੀ ਪਗਡੰਡੀ ਦੀ ਤਰ੍ਹਾਂ ਹੈ ਜਿਸ ਵਿਚ ਕਈ ਵਲ-ਵਲੇਵੇ ਹਨ। ਇਕ ਪਾਸਾ ਪਹਾੜੀ ਚੋਟੀ ਵਾਂਗ ਸਿਖ਼ਰ ਤਾਂ ਦੂਜਾ ਡੂੰਘੀ ਖਾਈ ਵਾਂਗ। ਜਿਵੇਂ ਵੀਹਵੀਂ ਸਦੀ ਮਨੁੱਖੀ ਇਤਿਹਾਸ ਵਿਚ ਅਦਭੁਤ ਪ੍ਰਾਪਤੀਆਂ ਤੇ ਤਬਾਹਕੁੰਨ ਘਟਨਾਵਾਂ ਨਾਲ ਭਰਪੂਰ ਹੈ ਉਸੇ ਤਰ੍ਹਾਂ ਹੀ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਹੈ ਜੋ ਹੈਰਾਨ ਕਰਦਾ ਜਾਂਦਾ ਹੈ। ਜਿਹੜੇ ਉਸ ਨੂੰ ਜਾਣਦੇ ਹਨ, ਉਨ੍ਹਾਂ ਲਈ ਉਹ ਰੱਬ ਦੇ ਸਮਾਨ ਹੈ ਪਰ ਜਿਹੜੇ ਨਹੀਂ ਜਾਣਦੇ ਉਨ੍ਹਾਂ ਲਈ ਕੋਈ ਗੁਮਨਾਮ ਵਿਅਕਤੀ ਹੈ।

ਪ੍ਰੀਤਮ ਸਿੰਘ ਦਾ ਜਨਮ ਪੰਜ ਅਕਤੂਬਰ 1911 ਨੂੰ ਦੀਨਾ ਸਾਹਿਬ ਵਿਖੇ ਹੋਇਆ ਸੀ ਜਿੱਥੇ ਦਸਮ ਗੁਰੂ ਨੇ ਜ਼ਫ਼ਰਨਾਮਾ ਰਚਿਆ ਸੀ। ਉਨ੍ਹਾਂ ਦੀ ਸ਼ਖ਼ਸੀਅਤ 'ਤੇ ਦਸਮ ਗੁਰੂ ਦਾ ਬਹੁਤ ਅਸਰ ਸੀ। ਸੰਨ 1937 ਦੇ ਵਰ੍ਹੇ ਚੜ੍ਹਦੀ ਜਵਾਨੀ ਵਿਚ ਪ੍ਰੀਤਮ ਸਿੰਘ ਪੰਜਾਬ ਰੈਜੀਮੈਂਟ ਦੀ 5/6 ਬਟਾਲੀਅਨ ਵਿਚ ਕੈਪਟਨ ਦੇ ਅਹੁਦੇ 'ਤੇ ਬਰਤਾਨਵੀ-ਭਾਰਤੀ ਫ਼ੌਜ ਦਾ ਹਿੱਸਾ ਬਣਿਆ। ਉਹ ਦੂਜੇ ਵਿਸ਼ਵ ਯੁੱਧ ਵਿਚ ਸਿੰਗਾਪੁਰ ਦੇ ਮੋਰਚੇ 'ਤੇ ਜਾਪਾਨੀ ਫ਼ੌਜ ਦੇ ਖ਼ਿਲਾਫ਼ ਲੜ ਰਿਹਾ ਸੀ ਪਰ ਜੰਗ ਦੌਰਾਨ ਦੁਸ਼ਮਣ ਦੇ ਕੈਂਪ ਵਿਚ ਫੜੇ ਗਏ।

ਚਾਰ ਮਈ 1942 ਨੂੰ ਆਪਣੇ ਦੋ ਸਾਥੀਆਂ ਕੈਪਟਨ ਬਲਵੀਰ ਸਿੰਘ ਤੇ ਕੈਪਟਨ ਜੀ।ਆਰ। ਪ੍ਰਭ ਨਾਲ ਉੱਥੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋਏ। ਜੰਗੀ ਕੈਦੀਆਂ ਦੇ ਕੈਦਖਾਨੇ 'ਚੋਂ ਭੱਜਣ ਤੇ ਫੜੇ ਜਾਣ ਦਾ ਅਰਥ ਸੀ-ਮੌਤ। ਵਿਸ਼ਵ ਯੁੱਧ ਦੇ ਮਾਹੌਲ ਕਾਰਨ ਹਰ ਪਾਸੇ ਫ਼ੌਜ ਹੀ ਫ਼ੌਜ ਸੀ। ਲਗਪਗ ਛੇ ਮਹੀਨਿਆਂ 'ਚ ਤਿੰਨ ਹਜ਼ਾਰ ਮੀਲ ਦਾ ਇਹ ਸਫ਼ਰ ਬਹੁਤ ਹੀ ਬਿਖੜਾ ਤੇ ਮੁਸ਼ਕਲਾਂ ਭਰਿਆ ਸੀ।

ਪਰ ਉਨ੍ਹਾਂ ਹੌਸਲਾ ਨਾ ਹਾਰਿਆ ਅਤੇ ਕਈ ਦਿਨਾਂ ਦੀ ਯੋਜਨਾ ਤੋਂ ਬਾਅਦ ਉਹ ਕੈਦ ਵਿੱਚੋਂ ਨਿਕਲਣ ਵਿਚ ਕਾਮਯਾਬ ਹੋ ਗਏ। ਇਹ ਤਿੰਨੇ ਜਣੇ ਜਾਅਲੀ ਪਛਾਣ-ਪੱਤਰਾਂ ਦੇ ਆਸਰੇ ਸਿੰਗਾਪੁਰ ਤੋਂ ਰੇਲ ਰਾਹੀਂ ਮਲਾਇਆ ਦੇ ਬਾਰਡਰ 'ਤੇ ਪਹੁੰਚੇ। ਬਾਰਡਰ 'ਤੇ ਕਿੰਨੇ ਦਿਨ ਛੁਪ ਕੇ ਰਹਿਣਾ ਪਿਆ। ਉੱਥੋਂ ਇਕ ਬੈਲਗੱਡੀ ਰਾਹੀਂ ਸਰਹੱਦ ਪਾਰ ਕੀਤੀ। ਮਲਾਇਆ, ਥਾਈਲੈਂਡ ਤੇ ਬਰਮਾ ਦੇ ਜੰਗਲਾਂ, ਪਹਾੜਾਂ, ਨਦੀਆਂ ਦਾ ਸਫ਼ਰ ਤੈਅ ਕਰਦਿਆਂ ਛੇ ਮਹੀਨਿਆਂ ਬਾਅਦ ਆਖ਼ਰ ਭਾਰਤ ਪਹੁੰਚ ਗਏ। ਜਾਪਾਨੀ ਫ਼ੌਜ ਨੇ ਇਨ੍ਹਾਂ ਦੇ ਪਰਿਵਾਰਾਂ ਨੂੰ ਇਨ੍ਹਾਂ ਦੇ ਮਾਰੇ ਜਾਣ ਦੀਆਂ ਚਿੱਠੀਆਂ ਵੀ ਪਾ ਦਿੱਤੀਆਂ ਸਨ।

ਇਸ ਹੌਸਲੇ ਤੇ ਦਲੇਰਾਨਾ ਕਾਰਜ ਲਈ ਪ੍ਰੀਤਮ ਸਿੰਘ ਤੇ ਸਾਥੀਆਂ ਨੂੰ ਬਰਤਾਨਵੀ ਫ਼ੌਜ ਦੇ ਵੱਕਾਰੀ ਮੈਡਲ 'ਮਿਲਟਰੀ ਕਰਾਸ' ਨਾਲ ਸਨਮਾਨਿਆ ਗਿਆ ਸੀ। ਸੰਨ 1947 ਵਿਚ ਭਾਰਤ ਦੀ ਵੰਡ ਦੌਰਾਨ ਹਾਲਾਤ ਬਦ ਤੋਂ ਬਦਤਰ ਹੋ ਗਏ। ਪ੍ਰੀਤਮ ਸਿੰਘ ਨੇ ਦਿੱਲੀ ਵਿਖੇ ਫ਼ੌਜ ਦੇ ਹੈੱਡਕੁਆਰਟਰ ਵਿਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਵੰਡ ਦੇ ਨਾਜ਼ੁਕ ਮਾਹੌਲ ਵਿਚ ਗੁੜਗਾਓਂ ਦੇ ਖਿੱਤੇ ਵਿਚ ਸ਼ਾਂਤੀ ਬਹਾਲੀ ਤੇ ਉੱਜੜ ਕੇ ਆਏ ਲੋਕਾਂ ਦੇ ਮੁੜ-ਵਸੇਬੇ ਲਈ ਸੇਵਾਵਾਂ ਦਿੱਤੀਆਂ। ਦੇਸ਼ ਦੀ ਵੰਡ ਸਮੇਂ ਕਸ਼ਮੀਰ ਦੇ ਹਾਲਾਤ ਬਹੁਤ ਨਾਜ਼ੁਕ ਬਣ ਗਏ ਸਨ। ਉਸ ਖਿੱਤੇ 'ਚ ਕਬਾਇਲੀਆਂ ਤੇ ਪਾਕਿਸਤਾਨੀ ਫ਼ੌਜ ਨੇ ਬਹੁਤ ਜ਼ਿਆਦਾ ਕਤਲੇਆਮ ਕੀਤਾ ਤੇ ਲੁੱਟ-ਖੋਹ ਕੀਤੀ। ਇਸ ਕਿੱਤੇ 'ਚ ਜੋ ਸਭ ਤੋਂ ਵੱਡੀ ਲੜਾਈ ਲੜੀ ਗਈ, ਉਸ ਦਾ ਨਾਂ ਹੈ ਬੈਟਲ ਆਫ ਸ਼ਿਲਟਾਂਗ। ਇਹ ਲੜਾਈ ਪ੍ਰੀਤਮ ਸਿੰਘ ਦੀ ਕਮਾਂਡ ਵਿਚ ਲੜੀ ਗਈ ਸੀ। ਇਹ ਇੰਨੀ ਮਹੱਤਵਪੂਰਨ ਸੀ ਕਿ ਇਸ ਨੂੰ ਟਰਨਿੰਗ ਪੁਆਇੰਟ ਕਸ਼ਮੀਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।



ਜੇ ਭਾਰਤੀ ਫ਼ੌਜ ਲੜਾਈ ਹਾਰ ਜਾਂਦੀ ਤਾਂ ਸ਼ਾਇਦ ਅੱਜ ਭਾਰਤ ਦਾ ਨਕਸ਼ਾ ਕੁਝ ਹੋਰ ਹੋਣਾ ਸੀ। ਇਤਿਹਾਸਕਾਰ ਸ਼ਿਵ ਕੁਨਾਲ ਵਰਮਾ ਇਸ ਲੜਾਈ ਨੂੰ ਜਿੱਤਣ ਦਾ ਸਿਹਰਾ ਪ੍ਰੀਤਮ ਸਿੰਘ ਨੂੰ ਦਿੰਦਾ ਹੈ। ਭਾਰਤੀ ਫ਼ੌਜ ਦੀ ਫ਼ੈਸਲਾਕੁੰਨ ਸ਼ਾਲਟੈਂਗ ਦੀ ਲੜਾਈ ਤੋਂ ਬਾਅਦ ਪਾਕਿਸਤਾਨੀ ਫ਼ੌਜ ਨੂੰ ਉੜੀ ਤੋਂ ਵੀ ਪਿੱਛੇ ਧੱਕ ਦਿੱਤਾ।

ਓਧਰ ਪੁਣਛ ਦੇ ਖਿੱਤੇ ਵਿਚ ਚਾਲੀ ਕੁ ਹਜ਼ਾਰ ਸ਼ਰਨਾਰਥੀ ਜਮ੍ਹਾ ਹੋ ਗਏ। ਤਿੰਨ ਪਾਸਿਓਂ ਪਹਾੜੀਆਂ ਨਾਲ ਘਿਰੇ ਇਸ ਛੋਟੇ ਜਿਹੇ ਇਲਾਕੇ ਵਿਚ ਏਨੀ ਵਸੋਂ ਦਾ ਜਿਊਂਦੇ ਰਹਿਣਾ ਬਹੁਤ ਮੁਸ਼ਕਲ ਸੀ ਤੇ ਤਿੰਨੇ ਪਾਸੇ ਪਹਾੜੀਆਂ 'ਤੇ ਦੁਸ਼ਮਣ ਕਾਬਜ਼ ਸਨ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਆਦੇਸ਼ ਦਿੱਤਾ ਕਿ ਹਰ ਹਾਲਤ 'ਚ ਪੁਣਛ ਨੂੰ ਬਚਾਇਆ ਜਾਵੇ। ਇਤਿਹਾਸਕਾਰ ਸ਼ਿਵ ਕੁਨਾਲ ਵਰਮਾ ਦੱਸਦੇ ਹਨ ਕਿ ਅਜਿਹੀਆਂ ਹਾਲਤਾਂ 'ਚ ਪਹੁੰਚ ਜਾਣ ਲਈ ਕੋਈ ਤਿਆਰ ਨਹੀਂ ਸੀ ਤੇ ਉਸ ਵੇਲੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ ਹਿੰਮਤ ਦਿਖਾਈ ਤੇ 20 ਨਵੰਬਰ 1947 ਨੂੰ ਪੁਣਛ ਪਹੁੰਚੇ।

ਜਦੋਂ ਬ੍ਰਿਗੇਡੀਅਰ ਸਾਹਿਬ ਫ਼ੌਜ ਸਮੇਤ ਪੁਣਛ ਵਿਚ ਦਾਖ਼ਲ ਹੋ ਰਹੇ ਸਨ ਤਾਂ ਉੱਥੋਂ ਦੀ ਸਥਾਨਕ ਡੋਗਰਾ ਫ਼ੌਜ ਨੂੰ ਲੱਗਿਆ ਕਿ ਪਾਕਿਸਤਾਨੀ ਫ਼ੌਜ ਆ ਗਈ ਹੈ ਤੇ ਉਨ੍ਹਾਂ ਨੇ ਜਿਸ ਲੱਕੜ ਦੇ ਪੁਲ ਉੱਪਰੋਂ ਦੀ ਫ਼ੌਜ ਆ ਰਹੀ ਸੀ, ਉਸ ਪੁਲ ਨੂੰ ਅੱਗ ਲਾ ਦਿੱਤੀ। ਬ੍ਰਿਗੇਡੀਅਰ ਪ੍ਰੀਤਮ ਸਿੰਘ 419 ਫ਼ੌਜੀਆਂ ਤੇ ਇਕ ਜੀਪ ਸਮੇਤ ਦਰਿਆ ਪਾਰ ਕਰਨ ਵਿਚ ਸਫਲ ਰਹੇ। ਬਾਕੀ ਫ਼ੌਜ ਵਾਪਸ ਪਰਤ ਗਈ।

ਹੁਣ ਪ੍ਰੀਤਮ ਸਿੰਘ ਦੇ ਸਾਹਮਣੇ ਚੁਣੌਤੀਆਂ ਦੇ ਪਹਾੜ ਹੀ ਪਹਾੜ ਸਨ। ਚਾਲੀ ਹਜ਼ਾਰ ਲੋਕ, ਭੁੱਖਮਰੀ ਦਾ ਮਾਹੌਲ, ਆਲੇ-ਦੁਆਲੇ ਦੁਸ਼ਮਣ ਦੀ ਘੇਰਾਬੰਦੀ, ਹਥਿਆਰਾਂ ਦੀ ਕਮੀ, ਦੰਗਿਆਂ ਦਾ ਸੰਕਟ ਤੇ ਅਜਿਹੇ ਮਾਹੌਲ ਵਿਚ ਇੱਕੋ ਇੱਕ ਆਸ ਦੀ ਕਿਰਨ ਸੀ ਬ੍ਰਿਗੇਡੀਅਰ ਪ੍ਰੀਤਮ ਸਿੰਘ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਮ ਲੋਕਾਂ ਨੂੰ ਫ਼ੌਜ 'ਚ ਭਰਤੀ ਹੋਣ ਲਈ ਪ੍ਰੇਰਿਆ ਤੇ ਦੋ ਬਟਾਲੀਅਨਾਂ ਬਣਾਈਆਂ। ਉਨ੍ਹਾਂ ਨੂੰ ਯਾਦ ਕਰਦਿਆਂ ਹੌਲਦਾਰ ਅਬਦੁਲ ਰਸ਼ੀਦ ਦੀਆਂ ਅੱਖਾਂ ਨਮ ਸਨ। ਅਬਦੁਲ ਰਸ਼ੀਦ ਯਾਦ ਕਰਦਾ ਹੈ ਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਇਕ ਜਲਸੇ ਨੂੰ ਸੰਬੋਧਨ ਕਰ ਰਹੇ ਸਨ ਤੇ ਮੈਨੂੰ ਦੇਖ ਕੇ ਕਹਿੰਦੇ, ''ਕਿਉਂ ਬਈ, ਤੂੰ ਭਰਤੀ ਕਿਉਂ ਨਹੀਂ ਹੋਇਆ?'' ਅਬਦੂਲ ਰਸ਼ੀਦ ਕਹਿੰਦਾ, ''ਜਨਾਬ ਮੈਂ ਮੁਸਲਮਾਨ ਆਂ ਤੇ ਫ਼ੌਜ ਗ਼ੈਰ-ਮੁਸਲਮਾਨਾਂ ਦੀ ਏ।'' ਬ੍ਰਿਗੇਡੀਅਰ ਸਾਹਿਬ ਕਹਿੰਦੇ, ''ਤੈਨੂੰ ਕੌਣ ਹੱਥ ਲਗਾਏਗਾ?'' ਤੇ ਉਨ੍ਹਾਂ ਉਸੇ ਵੇਲੇ ਕਰਨਲ ਪਚਨੰਦਾ ਨੂੰ ਬੁਲਾਇਆ ਤੇ ਕਿਹਾ ਕਿ ਇਹ ਮੇਰਾ ਪੁੱਤਰ ਏ, ਇਸ ਨੂੰ ਕੁਝ ਹੋ ਗਿਆ ਤਾਂ ਮੈਂ ਤੈਨੂੰ ਨਹੀਂ ਛੱਡਾਂਗਾ।

ਫਿਰ ਏਅਰ ਫੀਲਡ ਤਿਆਰ ਕਰਵਾਉਣਾ ਸ਼ੁਰੂ ਕੀਤਾ ਤਾਂ ਕਿ ਜਹਾਜ਼ਾਂ ਰਾਹੀਂ ਹਥਿਆਰਾਂ ਤੇ ਖਾਣੇ ਦੀ ਸਪਲਾਈ ਕੀਤੀ ਜਾ ਸਕੇ ਪਰ ਜਿਸ ਥਾਂ ਏਅਰ ਫੀਲਡ ਬਣਾਉਣਾ ਸੀ, ਉਹ ਥਾਂ ਤਾਂ ਦੁਸ਼ਮਣਾਂ ਦੇ ਨਿਸ਼ਾਨੇ 'ਤੇ ਸੀ। ਉੱਥੇ ਦਿਨੇ ਕੰਮ ਕਰਨਾ ਸੰਭਵ ਨਹੀਂ ਸੀ ਤੇ ਰਾਤਾਂ ਜਾਗ-ਜਾਗ ਕੇ ਹਫ਼ਤੇ ਵਿਚ ਉਹ ਏਅਰ ਫੀਲਡ ਤਿਆਰ ਕੀਤਾ ਗਿਆ।

ਬ੍ਰਿਗੇਡੀਅਰ ਜਗਬੀਰ ਸਿੰਘ ਦੱਸਦੇ ਨੇ ਕਿ ਇਕ ਵਾਰ ਆਰਮੀ ਹੈੱਡਕੁਆਰਟਰ ਵੱਲੋਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਇਹ ਆਦੇਸ਼ ਹੋਇਆ ਇਹ ਪੁਣਛ ਛੱਡ ਕੇ ਵਾਪਸ ਆ ਜਾਣ।

ਇਹ ਆਦੇਸ਼ ਬ੍ਰਿਗੇਡੀਅਰ ਨੇ ਨਿਹੱਥੇ ਮਾਸੂਮ ਚਾਲੀ ਹਜ਼ਾਰ ਰਫਿਊਜੀਆਂ ਨੂੰ ਦਿਖਾਇਆ ਤਾਂ ਲੋਕਾਂ ਨੇ ਬੇਨਤੀ ਕੀਤੀ ਕਿ ਉਹ ਕਿਸੇ ਵੀ ਹਾਲਤ ਵਿਚ ਛੱਡ ਕੇ ਨਾ ਜਾਣ, ਨਹੀਂ ਤਾਂ ਉਹ ਮਾਰੇ ਜਾਣਗੇ ਤੇ ਬ੍ਰਿਗੇਡੀਅਰ ਨੇ ਲੋਕਾਂ ਦੀ ਗੱਲ ਮੰਨਦਿਆਂ ਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਦਿਆਂ ਇਸ ਹੁਕਮ ਨੂੰ ਨਾ ਮਨਜ਼ੂਰ ਕਰ ਦਿੱਤਾ। ਫਿਰ ਇਕ ਅਜਿਹਾ ਵੇਲਾ ਵੀ ਆਇਆ ਕਿ ਕੁਝ ਨਿਰਾਧਾਰ ਇਲਜ਼ਾਮਾਂ ਕਰਕੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਵੀ ਕਰਨਾ ਪਿਆ।


ਛੇ ਜੁਲਾਈ 1975 ਨੂੰ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਭਾਰਤ ਸਰਕਾਰ ਕੋਲ ਆਰਮੀ ਐਕਟ ਸੈਕਸ਼ਨ 165 ਅਨੁਸਾਰ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਕੋਰਟ ਮਾਰਸ਼ਲ ਖ਼ਾਰਜ ਕੀਤਾ ਜਾ ਸਕਦਾ ਹੈ। ਬ੍ਰਿਗੇਡੀਅਰ ਪ੍ਰੀਤਮ ਸਿੰਘ ਦੇ ਮਾਣ-ਸਨਮਾਣ ਦੀ ਬਹਾਲੀ ਲਈ ਪੁਣਛ ਦੇ ਲੋਕ ਵੀ ਯਤਨਸ਼ੀਲ ਹਨ ਕਿਉਂਕਿ ਪੁਣਛ ਵਿਚ ਉਨ੍ਹਾਂ ਦੀ ਹੋਰ ਕਿਸੇ ਵੀ ਹਸਤੀ ਤੋਂ ਵਧੇਰੇ ਮਾਨਤਾ ਹੈ।

# ਦਿੱਲੀ ਦੇ ਸ਼ੈਲਟਰ ਹੋਮ ਬਦਹਾਲ ਕਿਉਂ?



ਦਿੱਲੀ ਦੇ ਰੋਹਿਣੀ ਇਲਾਕੇ ਵਿਚ ਸਥਿਤ ਆਸ਼ਾ ਕਿਰਨ ਨਾਂ ਦੇ ਆਸਰਾ ਗ੍ਰਹਿ (ਸ਼ੈਲਟਰ ਹੋਮ) ਵਿਚ ਬੀਤੇ ਦਿਨੀਂ 14 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ 'ਚ ਅੱਠ ਔਰਤਾਂ ਤੇ ਪੰਜ ਪੁਰਸ਼ ਸਨ। ਇਸ ਆਸਰਾ ਗ੍ਰਹਿ ਵਿਚ ਕੁਝ ਮ੍ਰਿਤਕ ਪੰਜ ਸਾਲ ਅਤੇ ਕੁਝ ਬੀਤੇ ਦੋ ਦਹਾਕਿਆਂ ਤੋਂ ਰਹਿ ਰਹੇ ਸਨ। ਇਹ ਆਸਰਾ ਗ੍ਰਹਿ ਦਿੱਲੀ ਸਰਕਾਰ ਦੇ ਸਮਾਜਿਕ ਸੁਰੱਖਿਆ ਵਿਭਾਗ ਦੁਆਰਾ ਮਾਨਸਿਕ ਤੌਰ 'ਤੇ ਅਪਾਹਜ ਵਿਅਕਤੀਆਂ ਲਈ ਸੰਚਾਲਿਤ ਹੁੰਦਾ ਹੈ। ਇਸ ਵਿਚ ਕੁੱਲ ਰਹਿਣ ਦੀ ਸਮਰੱਥਾ 250 ਲੋਕਾਂ ਦੀ ਹੈ ਪਰ 980 ਲੋਕ ਰਹਿ ਰਹੇ ਸਨ। ਕੌਮੀ ਮਹਿਲਾ ਕਮਿਸ਼ਨ ਦੀ ਮੁਖੀ ਰੇਖਾ ਸ਼ਰਮਾ ਨੇ ਦੱਸਿਆ ਕਿ ਇਸ ਆਸਰਾ ਗ੍ਰਹਿ ਵਿਚ ਆਸਰਾ ਲੈਣ ਵਾਲੇ ਅਨੇਕ ਲੋਕ ਬਿਨਾਂ ਉੱਚਿਤ ਭੋਜਨ ਅਤੇ ਪਾਣੀ ਦੇ ਰਹਿ ਰਹੇ ਸਨ। ਹਾਲਾਂਕਿ ਦਿੱਲੀ ਪ੍ਰਸ਼ਾਸਨ ਨੇ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ ਪਰ ਅਜਿਹੇ ਮਾਮਲਿਆਂ ਵਿਚ ਅਤੀਤ ਦੀ ਜਾਂਚ ਦੱਸਦੀ ਹੈ ਕਿ ਉਨ੍ਹਾਂ ਦਾ ਨਤੀਜਾ ਕੁਝ ਸੁਖਾਵਾਂ ਨਹੀਂ ਰਹਿੰਦਾ। ਦਿੱਲੀ ਵਿਚ ਅਜਿਹੇ ਲਗਪਗ 200 ਸ਼ੈਲਟਰ ਹੋਮ ਸੰਚਾਲਿਤ ਹੋ ਰਹੇ ਹਨ ਜੋ ਬੇਘਰ ਪਰਿਵਾਰਾਂ, ਲਾਚਾਰ ਮਹਿਲਾਵਾਂ-ਪੁਰਸ਼ਾਂ ਅਤੇ ਨਸ਼ੇ ਦੇ ਸ਼ਿਕਾਰ ਲੋਕਾਂ ਲਈ ਰਾਖਵੇਂ ਹਨ। ਦੇਸ਼ ਵਿਚ ਆਸਰਾ ਗ੍ਰਹਿਆਂ ਦੀ ਗਿਣਤੀ 2500 ਦੇ ਆਸਪਾਸ ਹੈ। ਇਨ੍ਹਾਂ 'ਚੋਂ ਲਗਪਗ 1500 ਸਰਕਾਰੀ ਪੱਧਰ 'ਤੇ ਪ੍ਰਵਾਨਤ ਹਨ। ਬਾਕੀ ਸਮਾਜਿਕ, ਧਾਰਮਿਕ ਤੇ ਚੈਰੀਟੇਬਲ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਹਨ। ਹੈਰਤ ਦੀ ਗੱਲ ਹੈ ਕਿ ਇਨ੍ਹਾਂ ਆਸਰਾ ਗ੍ਰਹਿਆਂ ਵਿਚ ਲੱਖਾਂ ਲੋਕ ਰਹਿੰਦੇ ਤਾਂ ਹਨ ਪਰ ਜਿਨ੍ਹਾਂ ਮਕਸਦਾਂ ਨੂੰ ਲੈ ਕੇ ਇਨ੍ਹਾਂ ਦੀ ਸਥਾਪਨਾ ਕੀਤੀ ਗਈ ਸੀ, ਉਨ੍ਹਾਂ 'ਤੇ ਜ਼ਿਆਦਾਤਰ ਆਸਰਾ ਗ੍ਰਹਿ ਖ਼ਰੇ ਨਹੀਂ ਉਤਰ ਪਾ ਰਹੇ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਯਤਨਾਂ ਤੋਂ ਬਾਅਦ ਵੀ ਹਜ਼ਾਰਾਂ ਅਨਾਥ ਅਤੇ ਬੇਸਹਾਰਾ ਲੋਕ ਅੱਜ ਵੀ ਸੜਕਾਂ ਜਾਂ ਰੇਲਵੇ ਸਟੇਸ਼ਨਾਂ ਦੇ ਆਲੇ-ਦੁਆਲੇ ਘੁੰਮਦੇ ਦਿਖਾਈ ਦਿੰਦੇ ਹਨ ਜਿਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਇਨ੍ਹਾਂ ਆਸਰਾ ਗ੍ਰਹਿਆਂ ਦੀ ਸਥਾਪਨਾ ਇਸ ਲਈ ਕੀਤੀ ਗਈ ਸੀ ਤਾਂ ਜੋ ਬੇਘਰ ਹੋਏ ਪਰਿਵਾਰਾਂ, ਲਾਚਾਰ ਤੇ ਛੱਡੇ ਹੋਏ ਪੁਰਸ਼ਾਂ-ਮਹਿਲਾਵਾਂ, ਅਨਾਥ ਬੱਚਿਆਂ ਅਤੇ ਨੌਜਵਾਨਾਂ ਤੇ ਬਿਰਧਾਂ ਨੂੰ ਹੰਗਾਮੀ ਹਾਲਤ ਵਿਚ ਉੱਥੇ ਰਹਿਣ ਲਈ ਇਕ ਅਸਥਾਈ ਘਰ ਤੇ ਜ਼ਰੂਰਤ ਦਾ ਸਾਮਾਨ ਅਤੇ ਇਕ ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਉਪਲਬਧ ਕਰਵਾਇਆ ਜਾ ਸਕੇ। ਦੇਸ਼ ਵਿਚ ਬੱਚਿਆਂ ਤੋਂ ਲੈ ਕੇ ਬਿਰਧਾਂ ਤੱਕ ਉਨ੍ਹਾਂ ਦੀ ਪ੍ਰਕਿਰਤੀ ਮੁਤਾਬਕ ਅਲੱਗ-ਅਲੱਗ ਤਰ੍ਹਾਂ ਦੇ ਆਸਰਾ ਗ੍ਰਹਿ ਹਨ। ਇਨ੍ਹਾਂ ਵਿਚ ਅਨਾਥ ਜਾਂ ਸੜਕ ਤੇ ਝਾੜੀਆਂ ਵਿਚ ਸੁੱਟੇ ਗਏ ਨਵਜੰਮੇ ਬੱਚਿਆਂ ਲਈ ਸ਼ਿਸ਼ੂ ਸਦਨ, ਅਨਾਥ ਅਤੇ ਬੇਸਹਾਰਾ ਜਾਂ ਘਰੋਂ ਪਲਾਇਨ ਕੀਤੇ ਹੋਏ ਦਸ ਸਾਲ ਤੋਂ ਵੱਧ ਉਮਰ ਦੇ ਮੁੰਡੇ-ਕੁੜੀਆਂ ਲਈ ਕਿਸ਼ੋਰ ਤੇ ਕਿਸ਼ੋਰੀ ਗ੍ਰਹਿ, ਬੇਸਹਾਰਾ ਜਾਂ ਪਰਿਵਾਰਕ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਲਈ ਨਾਰੀ ਨਿਕੇਤਨ ਤੇ ਬਿਰਧਾਂ ਲਈ ਸੀਨੀਅਰ ਸਿਟੀਜ਼ਨ ਹੋਮ ਆਦਿ ਪ੍ਰਮੁੱਖ ਹਨ। ਇਸ ਤੋਂ ਇਲਾਵਾ ਦੇਸ਼ 'ਚ ਪ੍ਰਚਲਿਤ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਕਿਸ਼ੋਰਾਂ ਲਈ ਕਿਸ਼ੋਰ ਬੰਦੀ ਗ੍ਰਹਿ ਹਨ। ਇਨ੍ਹਾਂ ਤੋਂ ਬਿਨਾਂ ਮੰਦਬੁੱਧੀ ਅਤੇ ਦਿਵਿਆਂਗਾਂ ਨਾ ਜੁੜੇ ਕੁਝ ਆਸਰਾ ਗ੍ਰਹਿ ਵੀ ਸਰਕਾਰੀ ਗ੍ਰਾਂਟ ਨਾਲ ਸੰਚਾਲਿਤ ਕੀਤੇ ਜਾਂਦੇ ਹਨ। ਤ੍ਰਾਸਦੀ ਇਹ ਹੈ ਕਿ ਸਰਕਾਰਾਂ ਤੋਂ ਗ੍ਰਾਂਟਾਂ ਮਿਲਣ ਦੇ ਬਾਵਜੂਦ ਕਈ ਵਾਰ ਇਨ੍ਹਾਂ ਦੇ ਸੰਚਾਲਕਾਂ ਦੀ ਲਾਪਰਵਾਹੀ ਇਨ੍ਹਾਂ ਆਸਰਾ ਗ੍ਰਹਿਆਂ ਨੂੰ ਬਦਹਾਲ ਕਰ ਦਿੰਦੀ ਹੈ ਜਿਸ ਕਾਰਨ ਇਨ੍ਹਾਂ ਵਿਚ ਰਹਿਣ ਵਾਲੇ ਲੋਕ ਅਣਦੇਖੀ, ਬਦਇੰਤਜ਼ਾਮੀ ਤੇ ਬਿਮਾਰੀਆਂ ਸਹਿਣ ਲਈ ਮਜਬੂਰ ਹੁੰਦੇ ਹਨ। **-ਡਾ. ਵਿਸ਼ੇਸ਼ ਗੁਪਤਾ**

# ਬੰਗਲਾਦੇਸ਼ ’ਚ ਲੋਕਤੰਤਰ ਦਾ ਪਤਨ ਕਿਵੇਂ ਹੋਇਆ



ਗੁਰਬਚਨ ਜਗਤ

‘ਵੀਸੀਜ਼ ਫਾਰ ਕਮਲਾ’ ਨਾਂ ਦੇ ਇੱਕ ਗਰੁੱਪ ਜਿਸ ਵਿੱਚ ਲਿੰਕੇਡਿਨ ਦੇ ਬਾਨੀ ਰੀਡ ਹੌਫਮੈਨ, ਐਪਲ ਦੇ ਸਹਿ-ਬਾਨੀ ਸਟੀਵ ਵੋਜ਼ਨਿਆਕ ਅਤੇ ਸੰਨ ਮਾਈਕਰੋਸਿਸਟਮਜ਼ ਦੇ ਸਹਿ-ਬਾਨੀ ਵਿਨੋਦ ਖੋਸਲਾ ਜਿਹੇ ਟੈੱਕ ਸਨਅਤ ਦੇ ਕੁਝ ਮੋਹਰੀਆਂ ਨੇ ਬਿਆਨ ਵਿੱਚ ਕਿਹਾ ਹੈ ਕਿ ਉਹ ਇਸ ਮਹੱਤਵਪੂਰਨ ਮੌਕੇ ’ਤੇ ਕਮਲਾ ਹੈਰਿਸ ਦੇ ਹੱਕ ਵਿੱਚ ਇਕਜੁੱਟ ਹੋ ਕੇ ਖੜ੍ਹੇ ਹਨ। ਇਸ ਬਿਆਨ ’ਤੇ ਟੈੱਕ ਸਨਅਤ ਦੇ 700 ਤੋਂ ਜ਼ਿਆਦਾ ਮੋਹਰੀਆਂ ਦੇ ਦਸਤਖ਼ਤ ਹਨ ਜਿਸ ਵਿੱਚ ਕਿਹਾ ਗਿਆ ਹੈ, “ਅਸੀਂ ਕਾਰੋਬਾਰ ਪੱਖੀ, ਅਮਰੀਕੀ ਸੁਫਨੇ ਪੱਖੀ, ਉਦਮੀ ਪੱਖੀ ਅਤੇ ਤਕਨੀਕੀ ਪ੍ਰਗਤੀ ਪੱਖੀ ਹਾਂ। ਅਸੀਂ ਇਸ ਗੱਲ ਵਿੱਚ ਵਿਸ਼ਵਾਸ ਕਰਦੇ ਹਾਂ ਕਿ ਲੋਕਤੰਤਰ ਸਾਡੇ ਰਾਸ਼ਟਰ ਦੀ ਰੀੜ ਦੀ ਹੱਡੀ ਹੈ। ਸਾਡਾ ਇਹ ਵਿਸ਼ਵਾਸ ਹੈ ਕਿ ਮਜ਼ਬੂਤ ਅਤੇ ਭਰੋਸੇਮੰਦ ਸੰਸਥਾਵਾਂ ਕੋਈ ਛੂਤ ਦਾ ਰੋਗ ਨਹੀਂ ਸਗੋਂ ਸਾਡੀ ਵਿਸ਼ੇਸ਼ਤਾ ਹੈ ਅਤੇ ਇਹ ਕਿ ਇਨ੍ਹਾਂ ਤੋਂ ਬਗ਼ੈਰ ਸਾਡੀ ਸਨਅਤ ਅਤੇ ਦੂਜੀ ਹਰੇਕ ਸਨਅਤ ਢਹਿ-ਢੇਰੀ ਹੋ ਜਾਵੇਗੀ।” ਇਸ ਵਿੱਚ ਲੋਕਤੰਤਰ ਅਤੇ ਸੰਸਥਾਵਾਂ ਦੇ ਰੂਪ ਵਿੱਚ ਦੋ ਮੂਲ ਅਸੂਲਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਦੇ ਆਸਰੇ ਵਿਕਸਤ ਦੇਸ਼ਾਂ ਨੇ ਤਰੱਕੀ ਕੀਤੀ ਹੈ। ਇਨ੍ਹਾਂ ਦੋ ਅਸੂਲਾਂ ਨੂੰ ਨਿਰੰਕੁਸ਼ਤਾ, ਅਰਾਜਕਤਾ, ਫਾਸ਼ੀਵਾਦ ਅਤੇ ਹਿੰਸਾ ਦੀਆਂ ਤਾਕਤਾਂ ਨਾਲ ਲੋਹਾ ਲੈਣ ਵਾਲੇ ਦਲੇਰ ਮਰਦਾਂ ਅਤੇ ਔਰਤਾਂ ਵੱਲੋਂ ਸਖ਼ਤੀ ਨਾਲ ਅਮਲ ਵਿੱਚ ਲਿਆਂਦਾ ਜਾਂਦਾ ਹੈ। ਇਹ ਲੜਾਈ ਅਜੇ ਵੀ ਚੱਲ ਰਹੀ ਹੈ ਅਤੇ ਨਿਰੰਕੁਸ਼ਤਾ ਅਤੇ ਅਰਾਜਕਤਾ ਦੀਆਂ ਤਾਕਤਾਂ ਲੋਕਤੰਤਰ ਅਤੇ ਕਾਨੂੰਨ ਦੇ ਰਾਜ ਖ਼ਿਲਾਫ਼ ਡਟੀਆਂ ਹੋਈਆਂ ਹਨ। ਯੂਰੋਪ ਅਤੇ ਉੱਤਰੀ ਅਮਰੀਕਾ ਦੇ ਜ਼ਿਆਦਾਤਰ ਮੁਲਕਾਂ ਵਿੱਚ ਬਹੁਤੀਆਂ ਸੰਸਥਾਵਾਂ ਸੰਵਿਧਾਨ ਅਤੇ ਪਾਰਲੀਮੈਂਟ ਦੇ ਫ਼ਤਵੇ ਮੁਤਾਬਿਕ ਤਨਦੇਹੀ ਨਾਲ ਆਪਣੇ ਫਰਜ਼ ਨਿਭਾ ਰਹੀਆਂ ਹਨ ਹਾਲਾਂਕਿ ਦ੍ਰਿੜ ਤਾਕਤਾਂ ਉਨ੍ਹਾਂ ਦਾ ਤਿੱਖਾ ਵਿਰੋਧ ਕਰ ਰਹੀਆਂ ਹਨ।

‘ਮੈਗਨਾ ਕਾਰਟਾ ਲਿਬਰਟੇਟਮ’ (ਆਜ਼ਾਦੀ ਦਾ ਮਹਾਨ ਲਾਤੀਨੀ ਚਾਰਟਰ) ਵਿੱਚ ਐਲਾਨ ਕੀਤਾ ਗਿਆ ਹੈ ਕਿ ਪ੍ਰਭੂਸੱਤਾ ਪੂਰਨ (ਰਾਜ) ਕਾਨੂੰਨ ਦੇ ਰਾਜ ਅਧੀਨ ਚੱਲੇਗਾ ਅਤੇ ਆਜ਼ਾਦ ਬੰਦਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਆਜ਼ਾਦੀਆਂ ਨੂੰ ਸੂਚੀ ਦਰਜ ਕੀਤਾ ਗਿਆ ਹੈ ਜਿਸ ਸਦਕਾ ਐਂਗਲੋ ਅਮਰੀਕੀ ਨਿਆਂ ਸ਼ਾਸਤਰ ਵਿੱਚ ਵਿਅਕਤੀਗਤ ਅਧਿਕਾਰਾਂ ਦੀ ਨੀਂਹ ਰੱਖੀ ਗਈ ਸੀ। ਇਸ ਤੋਂ ਬਾਅਦ ਰਾਜਿਆਂ ਦੇ ਦੈਵੀ ਅਧਿਕਾਰ ਹੌਲੀ-ਹੌਲੀ ਖ਼ਤਮ ਕਰ ਦਿੱਤੇ ਗਏ ਸਨ ਜਿਸ ਨਾਲ ਲੋਕਤੰਤਰ ਦੀ ਸਥਾਪਨਾ ਦਾ ਰਾਹ ਪੱਧਰਾ ਹੋਇਆ। ਸਮਾਜ ਵਿੱਚ ਹੋਈ ਇਸ ਤਬਦੀਲੀ ਸਦਕਾ ਕਾਨੂੰਨ ਦਾ ਰਾਜ ਅਤੇ ਆਮ ਨਾਗਰਿਕਾਂ ਦਾ ਸ਼ਕਤੀਕਰਨ ਸਥਾਪਿਤ ਹੋਇਆ ਸੀ ਜਿਸ ਨਾਲ ਮਹਾਨ ਲੋਕਰਾਜਾਂ ਦੀ ਸਥਾਪਨਾ ਸੰਭਵ ਹੋ ਸਕੀ ਸੀ। ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਮਾਰਗ੍ਰੈਟ ਥੈਚਰ ਨੇ ਕਿਹਾ ਸੀ, “ਕੋਈ ਮੁਲਕ ਉਸ ਦੇ ਕੁਦਰਤੀ ਸਰੋਤਾਂ ਕਰ ਕੇ ਅਮੀਰ ਨਹੀਂ ਹੁੰਦਾ। ਜੇ ਇਵੇਂ ਹੁੰਦਾ ਤਾਂ ਤੁਹਾਡਾ ਮੁਲਕ (ਰੂਸ) ਕਦੋਂ ਦਾ ਦੁਨੀਆ ਦਾ ਸਭ ਤੋਂ ਅਮੀਰ ਮੁਲਕਾਂ ’ਚੋਂ ਇੱਕ ਹੋਣਾ ਸੀ ਪਰ ਦੇਸ਼ ਉੱਥੋਂ ਤੱਕ ਹੀ ਖੁਸ਼ਹਾਲ ਹੁੰਦੇ ਹਨ ਜਿੱਥੋਂ ਤੱਕ ਸ਼ਾਸਨ ਪ੍ਰਣਾਲੀ ਲੋਕਾਂ ਦੇ ਉਦਮ ਨੂੰ ਹੱਲਾਸ਼ੇਰੀ ਦਿੰਦੀ ਹੈ। ਇਸ ਲਈ ਇਹ ਉਦਮ ਹੈ ਜੋ ਦੌਲਤ ਪੈਦਾ ਕਰਦਾ ਹੈ… ਮੈਂ ਜਿਸ ਪੂੰਜੀਵਾਦ ਦੀ ਹਮਾਇਤ ਕਰਦੀ ਹਾਂ, ਉਹ ਹਰ ਕਿਸੇ ਨੂੰ ਅਜਿਹੀ ਖੁੱਲ੍ਹ ਨਹੀਂ ਦਿੰਦਾ ਕਿ ਸ਼ਕਤੀਸ਼ਾਲੀ ਲੋਕ ਵਾਜਬੀਅਤ, ਸੁਚੱਜਤਾ ਅਤੇ ਜਨਤਕ ਚੰਗਿਆਈ ਦੀ ਕੀਮਤ ’ਤੇ ਆਪਣੀ ਹੈਸੀਅਤ ਦੀ ਵਰਤੋਂ ਕਰ ਕੇ ਕਾਮਯਾਬ ਹੋ ਜਾਣ। ਪੂੰਜੀਵਾਦ ਤਦ ਹੀ ਕੰਮ ਕਰ ਸਕਦਾ ਹੈ ਜਦੋਂ ਮਜ਼ਬੂਤ ਅਤੇ ਨਿਆਂਪੂਰਨ ਕਾਨੂੰਨ



ਦਾ ਰਾਜ ਕਾਇਮ ਹੁੰਦਾ ਹੈ ਜਿਸ ਪ੍ਰਤੀ ਸਰਕਾਰ ਸਮੇਤ ਹਰ ਕੋਈ ਜਵਾਬਦੇਹ ਹੁੰਦਾ ਹੈ।”

ਇਸ ਤਰਕ ਨੂੰ ਅਗਾਂਹ ਵਧਾਉਂਦਿਆਂ ਦੇਖਿਆ ਜਾ ਸਕਦਾ ਹੈ ਕਿ ਬਹੁਤ ਸਾਰੇ ਵਿਕਸਤ ਦੇਸ਼ਾਂ ਨੇ ਸਮਾਂ ਪਾ ਕੇ ਆਪਣੇ ਸੰਵਿਧਾਨ ਅਤੇ ਪਾਰਲੀਮੈਂਟ ਦੀ ਲੋਅ ਵਿੱਚ ਮਜ਼ਬੂਤ ਸੰਸਥਾਵਾਂ ਵਿਕਸਤ ਕੀਤੀਆਂ ਹਨ। ਉਨ੍ਹਾਂ ਨੇ ਦੋ ਆਲਮੀ ਜੰਗਾਂ ਦੇ ਹਮਲੇ ਦਾ ਟਾਕਰਾ ਕੀਤਾ ਅਤੇ ਉਹ ਔਖੀਆਂ ਘੜੀਆਂ ਵਿੱਚ ਨਾ ਡੋਲੀਆਂ ਸਗੋਂ ਹੋਰ ਜ਼ਿਆਦਾ ਮਜ਼ਬੂਤ ਅਤੇ ਜੇਤੂ ਬਣ ਕੇ ਉੱਭਰੀਆਂ। ਦੂਜੇ ਪਾਸੇ ਘੱਟ ਵਿਕਸਤ ਅਤੇ ਕੁਝ ਸਮਾਂ ਪਹਿਲਾਂ ਆਜ਼ਾਦ ਹੋਏ ਦੇਸ਼ਾਂ ਨੇ ਆਪਣੀਆਂ ਸ਼ੁਭ ਇੱਛਾਵਾਂ ਅਤੇ ਸੰਸਥਾਵਾਂ ਨਾਲ ਸ਼ੁਰੂਆਤ ਕੀਤੀ ਸੀ ਪਰ ਛੇਤੀ ਹੀ ਸੱਤਾ ਅਤੇ ਧਨ ਦੀ ਹਵਸ ਭਾਰੂ ਹੋਣ ਲੱਗ ਪਈ; ਇਸ ਤੋਂ ਇਲਾਵਾ ਕੱਟੜਤਾ ਅਤੇ ਸੌਦੇਬਾਜ਼ੀ ਕਰ ਕੇ ਉਨ੍ਹਾਂ ਦੀਆਂ ਸੰਸਥਾਵਾਂ ਬਰਬਾਦ ਹੋ ਗਈਆਂ। ਲੋਕਤੰਤਰ ਦੀ ਥਾਂ ਨਿਰੰਕੁਸ਼ਤਾ ਅਤੇ ਇੱਕ ਪਾਰਟੀ ਜਾਂ ਜੁੰਡਲੀ ਜਾਂ ਇੱਕ ਸ਼ਖ਼ਸ ਦੀ ਤਾਨਾਸ਼ਾਹੀ ਕਾਇਮ ਹੋ ਗਈ। ਹਾਲਾਤ ਇਸ ਕਦਰ ਨਿੱਘਰ ਗਏ ਕਿ ਆਸ ਅਤੇ ਨਿਆਂ ਲਈ ਲੋਕਾਂ ਦੀ ਟੇਕ ਹਥਿਆਰਬੰਦ ਦਸਤਿਆਂ ’ਤੇ ਟਿਕ ਗਈ। ਕਾਨੂੰਨ ਦੇ ਰਾਜ ਅਤੇ ਗ਼ਰੀਬਾਂ ਤੇ ਮਹਿਰੂਮਾਂ ਦੇ ਵਿਕਾਸ ਤੇ ਲੋਕਰਾਜ ਵਿਰੋਧੀ ਅਤੇ ਸੱਤਾਧਾਰੀ ਪਾਰਟੀ, ਜੁੰਡਲੀ ਜਾਂ ਖ਼ਾਸ ਸ਼ਖ਼ਸਾ ਦੇ ਹਿੱਤਾਂ ਦੀ ਪੈਰਵੀ ਕਰਨ ਵਾਲੀਆਂ ਤਾਕਤਾਂ ਦੇ ਹਮਲੇ ਦੇ ਸਾਹਵੇਂ ਨਿਆਂਪਾਲਿਕਾ, ਚੁਣੀਆਂ ਹੋਈਆਂ ਸੰਸਥਾਵਾਂ, ਸਿਆਸੀ ਪਾਰਟੀਆਂ ਆਦਿ ਸਭ ਨੇ ਗੋਡੇ ਟੇਕ ਦਿੱਤੇ।

ਹੁਣ ਉਸ ਮੁਲਕ ’ਤੇ ਆਉਂਦੇ ਹਾਂ ਜਿਸ ਦੇ ਪ੍ਰਸੰਗ ’ਚ ਉੱਪਰਲਾ ਹਿੱਸਾ ਲਿਖਿਆ ਗਿਆ ਹੈ, ਬੰਗਲਾਦੇਸ਼ ਜਾਂ ਪੂਰਬੀ ਪਾਕਿਸਤਾਨ (ਜਿਸ ਨਾਂ ਤੋਂ ਇਸ ਨੂੰ ਉਦੋਂ ਜਾਣਿਆ ਜਾਂਦਾ ਸੀ) ਕੋਲ ਖ਼ੁਦਮੁਖ਼ਤਾਰ ਮੁਲਕ ਬਣਨ ਦਾ ਸਾਰਾ ਸਾਜ਼ੋ-ਸਾਮਾਨ ਸੀ। ਰਾਜਨੀਤਕ, ਸੱਭਿਆਚਾਰਕ ਤੇ ਇਤਿਹਾਸਕ ਪੱਖ ਤੋਂ ਇਸ ਦਾ ਪਾਕਿਸਤਾਨ ਨਾਲ ਕੁਝ ਵੀ ਸਾਂਝਾ ਨਹੀਂ ਸੀ, ਧਰਮ ਤੋਂ ਸਿਵਾਇ (ਉਹ ਵੀ ਪੂਰੀ ਤਰ੍ਹਾਂ ਨਹੀਂ)। ਫਿਰ ਵੀ, ਇਹ ਲਗਾਤਾਰ ਪਾਕਿਸਤਾਨੀ ਫ਼ੌਜ ਦੇ ਪੈਰਾਂ ਹੇਠ ਕੁਚਲਿਆ ਜਾਂਦਾ ਰਿਹਾ ਜਿਸ ਨੇ ਅਤਿਵਾਦ ਤੇ ਕਤਲੇਆਮਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਫ਼ੌਜ ਹੀ ‘ਪਹਿਲਾ ਤੇ ਆਖ਼ਰੀ ਕਾਨੂੰਨੀ ਉਪਾਅ’ ਸੀ; ਬਾਕੀ ਸਾਰੀਆਂ ਸੰਸਥਾਵਾਂ ਪ੍ਰਭਾਵਹੀਣ ਹੋ ਗਈਆਂ ਸਨ। ਲੋਕ ਖੜ੍ਹੇ ਹੋਏ ਤੇ ਮੁਕਤੀ ਬਾਹਿਨੀ ਦੀ ਸਥਾਪਨਾ ਕੀਤੀ ਅਤੇ ਸ਼ੇਖ਼ ਮੁਜੀਬੁਰ ਰਹਿਮਾਨ ਦੇ ਰੂਪ ਵਿੱਚ ਭਰੋਸੇਯੋਗ ਨੇਤਾ ਉੱਭਰਿਆ। ਇੰਦਰਾ ਗਾਂਧੀ ਦੀ ਦਲੇਰ ਤੇ ਦਾਨਿਸ਼ਮੰਦ ਲੀਡਰਸ਼ਿਪ ਦੀ ਹਮਾਇਤ ਨਾਲ ਬੰਗਲਾਦੇਸ਼ ਦਾ ਜਨਮ ਹੋਇਆ। ਸ਼ੁਰੂਆਤ ਵਿੱਚ ਹੀ ਤ੍ਰਾਸਦੀ ਵਾਪਰ ਗਈ ਜਦ ਸ਼ੇਖ਼ ਤੇ ਉਸ ਦੇ ਜ਼ਿਆਦਾਤਰ ਪਰਿਵਾਰਕ ਮੈਂਬਰਾਂ ਦਾ 1975 ਵਿੱਚ ਕਤਲ ਕਰ ਦਿੱਤਾ ਗਿਆ। ਸੈਨਾ ਤੇ ਤਾਨਾਸ਼ਾਹ ਤਾਕਤਾਂ ਨੇ ਮੁੜ ਤੋਂ ਹੁਕਮ ਚਲਾਉਣਾ ਸ਼ੁਰੂ ਕਰ ਦਿੱਤਾ। ਬੰਗਲਾਦੇਸ਼ ਮੁੜ ਉੱਥੇ ਹੀ ਪਹੁੰਚ ਗਿਆ ਹਾਲਾਂਕਿ ਸ਼ੇਖ਼ ਹਸੀਨਾ, ਆਪਣੇ ਲੋਕਾਂ ਦੇ ਸਮਰਥਨ ਨਾਲ ਬੰਗਲਾਦੇਸ਼ ਦੀ ਹਰਮਨਪਿਆਰੀ ਨੇਤਾ ਬਣ ਗਈ। ਚੋਣਾਂ ਹੋਈਆਂ, ਸੰਸਦ ਹੋਂਦ ਵਿੱਚ ਆਈ, ਚੁਣੀ ਹੋਈ ਸਰਕਾਰ ਬਣੀ ਤੇ ਇਸ ਦੇ ਨਾਲ ਅਤੇ ਲੋਕਤੰਤਰੀ ਸੰਸਥਾਵਾਂ ਦੀ ਸਥਾਪਨਾ ਦੇ ਨਾਲ, ਉੱਦਮੀ ਤੇ ਅਭਿਲਾਸ਼ੀ ਜਿੰਨ ਚਿਰਾਗ ’ਚੋਂ ਬਾਹਰ ਨਿਕਲਿਆ। ਬੰਗਲਾਦੇਸ਼ ਵਿੱਤੀ ਪੱਖ ਤੋਂ ਤਰੱਕੀ ਕਰਨ ਲੱਗਾ ਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ ਲੱਗਾ। ਮੁਲਕ ਵਿਕਾਸ ਦੇ ਬਹੁਤੇ ਮਾਨਵੀ ਤੇ ਵਿੱਤੀ ਮਾਪਦੰਡਾਂ ਵਿੱਚ ਬਿਹਤਰੀ ਦਰਜ ਕਰਨ ਲੱਗਾ। ਇਸੇ ਸਮੇਂ ਅਸਥਿਰਤਾ ਪੈਦਾ ਕਰਨ ਵਾਲੀਆਂ ਬਾਹਰੀ ਤੇ ਅੰਦੂਰਨੀ ਤਾਕਤਾਂ ਪਾਕਿਸਤਾਨੀ ਖ਼ੁਫੀਆ ਏਜੰਸੀਆਂ ਅਤੇ ਕੱਟੜਵਾਦੀ ਇਸਲਾਮਿਕ ਸੰਗਠਨਾਂ ਦੀ ਸੇਧ ’ਚ ਆਪਣੇ ਕੰਮ ’ਤੇ ਲੱਗੀਆਂ ਹੋਈਆਂ ਸਨ। ਇਨ੍ਹਾਂ ਤਾਕਤਾਂ ਦੀ ਚੜ੍ਹਾਈ ਦਾ ਟਾਕਰਾ ਕਰਨ ਲਈ ਸੱਤਾਧਾਰੀ ਪਾਰਟੀ ਦੇ ਕਾਡਰ ਤੇ ਪ੍ਰਸ਼ਾਸਨ ਨੇ ਵੀ ਗ਼ੈਰ-ਕਾਨੂੰਨੀ ਤੌਰ-ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਰਾਜਨੀਤਕ ਅਸਹਿਣਸ਼ੀਲਤਾ, ਭ੍ਰਿਸ਼ਟਾਚਾਰ, ਵਿਰੋਧੀਆਂ ਖ਼ਿਲਾਫ਼ ਹਿੰਸਾ ਦਾ ਰੋਗ ਫੈਲਣਾ ਸ਼ੁਰੂ ਹੋ ਗਿਆ। ਵੱਧ ਤੋਂ ਵੱਧ ਵਿਰੋਧੀ ਨੇਤਾਵਾਂ ਤੇ ਕਾਰਕੁਨਾਂ ਨੂੰ ਜੇਲ੍ਹਾਂ ’ਚ ਸੁੱਟਿਆ ਗਿਆ। ਸੱਤਾਧਾਰੀ ਪਾਰਟੀ ’ਤੇ ਚੋਣਾਂ ਵਿੱਚ ਹੇਰ-ਫੇਰ ਦੇ ਦੋਸ਼ ਲੱਗੇ ਅਤੇ ਵਿਰੋਧੀ ਪਾਰਟੀਆਂ ਨੂੰ ਆਜ਼ਾਦੀ ਨਾਲ ਕੰਮ ਕਰਨ ਤੋਂ ਰੋਕਿਆ ਗਿਆ। ਜਮਹੂਰੀ ਸੰਸਥਾਵਾਂ ਨੂੰ ਸ਼ਕਤੀਹੀਣ ਕਰ ਦਿੱਤਾ ਗਿਆ ਤੇ ਉਹ ਆਪਣੇ ਫ਼ਰਜ਼ ਅਦਾ ਕਰਨ ਦੇ ਯੋਗ ਨਹੀਂ ਰਹੀਆਂ। ਸੜਕਾਂ ’ਤੇ ਸੱਤਾਧਾਰੀ ਪਾਰਟੀ ਦੇ ਕਾਡਰ ਦਾ ਦਬਦਬਾ ਹੋ ਗਿਆ ਸੀ।

ਜਦ ਸੰਕਟ ਆਇਆ, ਉਦੋਂ ਬੰਗਲਾਦੇਸ਼ ਖ਼ੁਦਮੁਖ਼ਤਾਰ ਤੇ ਮਜ਼ਬੂਤ ਸੰਸਥਾਵਾਂ ਤੋਂ ਮਹਿਰੂਮ ਤਾਨਾਸ਼ਾਹੀ ਬਣ ਚੁੱਕਾ ਸੀ। ਵਿਦਿਆਰਥੀ ਸੰਘਰਸ਼ ਵਜੋਂ ਸ਼ੁਰੂ ਹੋਈ ਹਲਚਲ ਨਾਲ ਰਾਜਨੀਤਕ ਤੇ ਪ੍ਰਸ਼ਾਸਕੀ ਪੱਖ ਤੋਂ ਸਹੀ ਢੰਗ ਨਾਲ ਨਹੀਂ ਨਜਿੱਠਿਆ ਗਿਆ। ਅਖ਼ੀਰ ਵਿੱਚ ਸ਼ੇਖ਼ ਹਸੀਨਾ ਨੇ ਪੁਲੀਸ ਤੇ ਸੈਨਾ ਨੂੰ ਆਪਣੇ ਹੀ ਨਾਗਰਿਕਾਂ ’ਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ; ਸੈਂਕੜੇ ਲੋਕ ਮਾਰੇ ਗਏ ਤੇ ਖ਼ੂਨ ਦੇ ਦਾਗ਼ ਉਸ ਦੇ ਹੱਥਾਂ ’ਤੇ ਹਮੇਸ਼ਾ ਰਹਿਣਗੇ। ਉਸ ਨੂੰ ਉਹੀ ਦੇਸ਼ ਛੱਡ ਕੇ ਭੱਜਣਾ ਪਿਆ ਜਿਹੜਾ ਉਸ ਦੇ ਪਿਤਾ ਨੂੰ ਆਜ਼ਾਦ ਬੰਗਲਾਦੇਸ਼ ’ਚ ਵਾਪਸ ਲਿਆਇਆ ਸੀ ਤੇ ਹੁਣ ਉਹ ਦਿੱਲੀ ਦੇ ਕਿਸੇ ਗੁਮਨਾਮ ਕੋਨੇ ’ਚ ਇਕੱਲੀ ਬੈਠੀ ਕਿਤੇ ਸ਼ਰਨ ਮਿਲਣ ਦੀ ਉਡੀਕ ਕਰ ਰਹੀ ਹੈ। ਸ਼ੁਰੂਆਤੀ ਕਥਨ ’ਤੇ ਮੁੜ ਆਉਂਦੇ ਹਾਂ, “ਅਸੀਂ ਆਪਣੇ ਦੇਸ਼ ਦੀ ਰੀੜ੍ਹ ਦੀ ਹੱਡੀ ਵਜੋਂ ਲੋਕਤੰਤਰ ਵਿਚ ਯਕੀਨ ਰੱਖਦੇ ਹਾਂ। ਅਸੀਂ ਮੰਨਦੇ ਹਾਂ ਕਿ ਮਜ਼ਬੂਤ, ਭਰੋਸੇਯੋਗ ਸੰਸਥਾਵਾਂ ਵਿਸ਼ੇਸ਼ਤਾ ਹਨ, ਨਾ ਕਿ ਕੋਈ ਅੜਿੱਕਾ ਤੇ ਇਹ ਕਿ ਸਾਡੀ ਸਨਅਤ –ਤੇ ਹਰੇਕ ਹੋਰ ਸਨਅਤ– ਇਨ੍ਹਾਂ ਬਿਨਾਂ ਢਹਿ-ਢੇਰੀ ਹੋ ਜਾਣਗੀਆਂ… ।” ਇਹ ਵੀ ਕਿਹਾ ਜਾ ਸਕਦਾ ਕਿ ਸਿਰਫ਼ ਉਦਯੋਗ ਹੀ ਨਹੀਂ ਬਲਕਿ ਪੂਰਾ ਦੇਸ਼ ਢਹਿ-ਢੇਰੀ ਹੋ ਜਾਵੇਗਾ।

# ਖੇਤੀ ਨੀਤੀ ਬਾਰੇ ਸਰਕਾਰਾਂ ਦੀ ਬੇਰੁਖ਼ੀ

ਅਮਰਜੀਤ ਸਿੰਘ ਵੜੈਚ

ਹੁਣ ਤੱਕ ਜਿੰਨੀਆਂ ਵੀ ਪਾਰਟੀਆਂ ਨੇ ਪੰਜਾਬ ’ਚ ਸਰਕਾਰਾਂ ਬਣਾਈਆਂ ਹਨ, ਉਨ੍ਹਾਂ ਨੇ ਰਾਜ ਲਈ ਨਵੀਂ ਖੇਤੀ ਨੀਤੀ ਬਣਾਉਣ ਦੇ ਨਾਂ ’ਤੇ ਵੋਟਾਂ ਲੈ ਕੇ ਸਰਕਾਰਾਂ ਤਾਂ ਬਣਾ ਲਈਆਂ ਪਰ ਕਿਸੇ ਵੀ ਸਰਕਾਰ ਨੇ ਖੇਤੀ ਨੀਤੀ ਬਣਾਉਣ ਦੀ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਚੁੱਕਿਆ। ਸਾਰੀਆਂ ਸਰਕਾਰਾਂ ਮਾਹਿਰਾਂ ਤੋਂ ਖੇਤੀ ਨੀਤੀ ਦੇ ਖਰੜੇ ਬਣਵਾਉਂਦੀਆਂ ਰਹੀਆਂ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੁਝ ਨਹੀਂ ਕੀਤਾ ਅਤੇ ਪੰਜ ਸਾਲ ਪੂਰੇ ਹੋਣ ਦੀ ਉਡੀਕ ਕਰਦੀਆਂ ਰਹੀਆਂ। ਮੌਜੂਦਾ ਪੰਜਾਬ ਸਰਕਾਰ ਵੀ ਇਸ ਮੁੱਦੇ ’ਤੇ ਬਹੁਤ ਧੀਮੀ ਗਤੀ ਨਾਲ ਤੁਰ ਰਹੀ ਹੈ।

ਗਿਆਰਾਂ ਮੈਂਬਰੀ ਸਰਕਾਰੀ ਪੈਨਲ ਨੇ ਪਿਛਲੇ ਸਾਲ 15 ਅਕਤੂਬਰ ਨੂੰ ਖੇਤੀ ਨੀਤੀ ਦੀਆਂ ਸਿਫ਼ਾਰਸ਼ਾਂ ਦੇ ਖਰੜੇ ਦੀਆਂ ਪੰਜ ਕਾਪੀਆਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸੌਂਪ ਦਿੱਤੀਆਂ ਸਨ ਪਰ ਅਜੇ ਤੱਕ ਉਸ ਰਿਪੋਰਟ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ। ਪਿਛਲੇ ਵਰ੍ਹੇ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਨ ’ਤੇ 17 ਅਕਤੂਬਰ ਨੂੰ ਖੇਤੀ ਨੀਤੀ ਜਾਰੀ ਕਰਨਾ ਚਾਹੁੰਦੀ ਸੀ ਤਾਂ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਲਾਹਾ ਲਿਆ ਜਾ ਸਕੇ। ਫਿਰ ਪਤਾ ਨਹੀਂ ਕੀ ਹੋਇਆ, ਉਸ ਰਿਪੋਰਟ ਦੀ ਕਿਧਰੇ ਕੋਈ ਗੱਲ ਨਹੀਂ ਹੋਈ।

ਸਰਕਾਰ ਨੇ ਖੇਤੀ ਨੀਤੀ ਬਣਾਉਣ ਲਈ ਜਨਵਰੀ 2023 ਵਿਚ 11 ਮੈਂਬਰੀ ਪੈਨਲ ਦਾ ਐਲਾਨ ਕੀਤਾ ਸੀ ਜਿਸ ਦੇ ਕਨਵੀਨਰ ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ। ਸੁਖਪਾਲ ਸਿੰਘ ਸਨ ਪਰ ਜੂਨ 2023 ਨੂੰ ਸਰਕਾਰ ਨੇ ਪੰਜਾਬ ਵਿੱਚ ਫ਼ਸਲੀ ਵੰਨ-ਸਵੰਨਤਾ ਦੀ ਸਕੀਮ ਤਿਆਰ ਕਰਨ ਲਈ ਅਮਰੀਕਾ ਦੇ ਸ਼ਹਿਰ ਬੋਸਟਨ ’ਚ ਸਥਿਤ ‘ਬੋਸਟਨ ਕੰਸਲਟਿੰਗ ਗਰੁੱਪ’ ਨੂੰ 5।65 ਕਰੋੜ ਰੁਪਏ ਦਾ ਠੇਕਾ ਦੇ ਦਿੱਤਾ। ਸਰਕਾਰ ਨੇ ਜਦੋਂ 11 ਮੈਂਬਰੀ ਪੈਨਲ ਜਿਸ ਵਿੱਚ ਕੌਮਾਂਤਰੀ ਪੱਧਰ ਦੇ ਖੇਤੀ ਤੇ ਆਰਥਿਕ ਮਾਹਿਰ ਸ਼ਾਮਿਲ ਸਨ, ਕਾਇਮ ਕਰ ਦਿੱਤਾ ਸੀ ਤਾਂ ਫ਼ਸਲੀ ਵੰਨ-ਸਵੰਨਤਾ ਲਈ ‘ਬੋਸਟਨ ਕੰਸਲਟਿੰਗ ਗਰੁੱਪ’ ਨੂੰ ਠੇਕਾ ਦੇਣ ਦੀ ਗੱਲ ਸਮਝ ਨਹੀਂ ਆਉਂਦੀ। ਡਾ. ਐੱਸਐੱਸ ਜੌਹਲ ਨੇ ਮਈ 1986 ਵਿੱਚ ਰਿਪੋਰਟ ਬਣਾ ਕੇ ਸਰਕਾਰ ਨੂੰ ਦਿੱਤੀ ਸੀ। ਉਸ ਰਿਪੋਰਟ ’ਚ ਸਭ ਤੋਂ ਮਹੱਤਵਪੂਰਨ ਸਿਫ਼ਾਰਿਸ਼ ਇਹ ਸੀ ਕਿ ਪੰਜਾਬ ਨੂੰ 20



ਫ਼ੀਸਦੀ ਧਰਤੀ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਹੋਰਨਾਂ ਫ਼ਸਲਾਂ ਹੇਠ ਲਿਆਉਣੀ ਚਾਹੀਦੀ ਹੈ। ਉਹ ਰਿਪੋਰਟ ਕਿੱਥੇ ਹੈ? ਮਈ 1986 ’ਚ ਪੰਜਾਬ ਵਿੱਚ ਬਰਨਾਲਾ ਸਰਕਾਰ ਸੀ। ਡਾ. ਜੌਹਲ ਨੇ 2002 ਵਿੱਚ ਫਿਰ ਰਿਪੋਰਟ ਦਿੱਤੀ ਜਿਸ ਵਿੱਚ ਉਨ੍ਹਾਂ 95 ਸਿਫ਼ਾਰਸ਼ਾਂ ਕੀਤੀਆਂ ਸਨ। ਉਸ ਵਕਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਹ ਰਿਪੋਰਟ ਵੀ ਗਾਇਬ ਹੈ। ਮਾਰਚ 2013 ਵਿੱਚ ਡਾ. ਜੀਐੱਸ ਕਾਲਕਟ (ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਪਹਿਲੇ ਚੇਅਰਮੈਨ ਤੇ ਸਾਬਕਾ ਵੀਸੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਨੇ ਖੇਤੀ ਬਾਰੇ ਲੰਮੀ ਚੌੜੀ ਰਿਪੋਰਟ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ। ਉਹ ਰਿਪੋਰਟ ਵੀ ਸਕੱਤਰੇਤ ’ਚ ਦਫ਼ਨ ਕਰ ਦਿੱਤੀ ਗਈ।

ਹੁਣ ਖੇਤੀ ਸੰਕਟ ਹੋਰ ਗੰਭੀਰ ਹੋ ਗਿਆ ਹੈ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਖੇਤੀ ਲਈ ਖਾਦਾਂ, ਬੀਜਾਂ, ਮਸ਼ੀਨਰੀ, ਦਵਾਈਆਂ ਤੇ ਦਿਹਾੜੀ ਦੀਆਂ ਵਧ ਰਹੀਆਂ ਦਰਾਂ, ਬਿਮਾਰੀਆਂ ਤੇ ਕੁਦਰਤੀ ਆਫ਼ਤਾਂ, ਨਕਲੀ ਬੀਜਾਂ ਤੇ ਦਵਾਈਆਂ ’ਚ ਕਿਸਾਨਾਂ ਨੂੰ ਪੈਂਦੀ ਮਾਰ, ਫ਼ਸਲਾਂ ਦੇ ਵਾਜਿਬ ਮੁੱਲ ਨਾ ਮਿਲਣਾ, ਸਬਜ਼ੀਆਂ ਤੇ ਫ਼ਲ ਭੰਡਾਰ ਨਾ ਕਰ ਸਕਣ ਕਰ ਕੇ ਵਪਾਰੀਆਂ ਦੇ ਰਹਿਮੋ-ਕਰਮ ’ਤੇ ਜਿਊਣਾ, ਫ਼ਸਲਾਂ ਦਾ ਬੀਮਾ ਨਾ ਹੋਣਾ, ਵਧ ਰਹੀ ਮਹਿੰਗਾਈ, ਪੇਂਡੂ ਨੌਜਵਾਨਾਂ ਵਿੱਚ ਵਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦਾ ਰੁਝਾਨ ਤੇ ਸਮਾਜਿਕ ਰੀਸ-ਘੜੀਸ ਵਰਗੀਆਂ ਜ਼ਹਿਮਤਾਂ ਕਾਰਨ ਕਿਸਾਨ ਕਰਜ਼ੇ ਲੈਣ ਲਈ ਮਜਬੂਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ ਕਿਸਾਨ ਖ਼ੁਦਕੁਸ਼ੀਆਂ ਵਿੱਚੋਂ 88 ਫ਼ੀਸਦੀ ਕਿਸਾਨ ਉਹ ਹਨ ਜੋ ਕਰਜ਼ੇ ਦਾ ਬੋਝ ਨਾ ਸਹਾਰਦੇ ਹੋਏ ਮੌਤ ਦੇ ਖੂਹ ਵਿੱਚ ਡਿੱਗ ਰਹੇ ਹਨ। ਇਨ੍ਹਾਂ ਵਿੱਚ ਵੀ 77 ਫ਼ੀਸਦੀ ਕਿਸਾਨ ਛੋਟੇ ਅਤੇ ਹਾਸ਼ੀਏ ’ਤੇ ਧੱਕੇ ਹੋਏ ਸਨ।

ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੇ ਸਰਵੇਖਣ ਮੁਤਾਬਿਕ, ਸਭ ਤੋਂ ਵੱਧ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ (16606) ਸਾਲ 2000 ਤੋਂ 2015 ਦਰਮਿਆਨ ਹੋਈਆਂ। ਇਨ੍ਹਾਂ ਵਿੱਚ 9007 ਕਿਸਾਨ ਅਤੇ 7234 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ; ਭਾਵ, ਹਰ ਦੋ ਦਿਨ ਮਗਰੋਂ ਤਿੰਨ-ਚਾਰ ਪੰਜਾਬੀ ਕਿਸਾਨਾਂ ਅਤੇ ਹਰ ਦੋ ਦਿਨ ਮਗਰੋਂ ਤਿੰਨ ਖੇਤੀ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਮਗਰੋਂ ਇਸੇ ਵਰ੍ਹੇ 20 ਜੁਲਾਈ ਨੂੰ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਕਿ ਝੋਨਾ ਨਾ ਬੀਜ ਕੇ ਕੋਈ ਹੋਰ ਫ਼ਸਲ ਬੀਜਣ ਵਾਲ਼ੇ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪੰਜਾਬ ਸਰਕਾਰ ਮਦਦ ਕਰੇਗੀ। ਪਹਿਲੀ ਗੱਲ ਤਾਂ ਇਹ ਕਿ ਐਲਾਨ ਕਰਨ ਤੱਕ ਪੰਜਾਬ ਵਿੱਚ 90 ਪ੍ਰਤੀਸ਼ਤ ਝੋਨਾ ਲੱਗ ਚੁੱਕਿਆ ਸੀ; ਦੂਜੀ ਗੱਲ, ਇਸ ਰਾਸ਼ੀ ਵਿੱਚ 60:40 ਦੇ ਅਨੁਪਾਤ ਨਾਲ਼ ਕ੍ਰਮਵਾਰ ਕੇਂਦਰ ਤੇ ਪੰਜਾਬ ਹਿੱਸਾ ਪਾਉਣਗੇ।

ਕੀ ਕਰਜ਼ ਮਾਰਿਆ ਪੰਜਾਬ ਇਸ ਹਾਲਤ ਵਿੱਚ ਹੈ ਕਿ ਆਪਣਾ ਬਣਦਾ 40 ਫ਼ੀਸਦੀ (ਸੱਤ ਹਜ਼ਾਰ ਪ੍ਰਤੀ ਹੈਕਟੇਅਰ) ਹਿੱਸਾ ਪਾ ਸਕੇਗਾ? ਕੇਂਦਰ ਨੇ ਪੰਜਾਬ ਦੇ 10 ਹਜ਼ਾਰ ਕਰੋੜ ਤੋਂ ਵੱਧ ਦੇ ਫੰਡ ਰੋਕੇ ਹੋਏ ਹਨ। ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਦੀ ਬਿਜਾਈ ਵਾਲੇ ਕਿਸਾਨ ਵੀ ਸ਼ਿਕਾਇਤਾਂ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੀ ਮਦਦ ਦਾ

(ਬਾਕੀ ਅਗਲੇ ਸਫੇ ‘ਤੇ)

# ਆਪਣੇ ਟੀਚੇ ਪ੍ਰਤੀ ਸਮਰਪਿਤ ਨਰਿੰਦਰ ਮੋਦੀ



ਸੰਜੇ ਗੁਪਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਤੋਂ ਲਗਾਤਾਰ 11ਵੀਂ ਵਾਰ ਦੇਸ਼ ਨੂੰ ਜਿਸ ਤਰ੍ਹਾਂ ਸੰਬੋਧਨ ਕੀਤਾ, ਉਸ ਤੋਂ ਇਹ ਭੋਰਾ ਵੀ ਨਹੀਂ ਪ੍ਰਤੀਤ ਹੋਇਆ ਕਿ ਉਹ ਆਪਣੇ ਇਸ ਤੀਜੇ ਕਾਰਜਕਾਲ ਵਿਚ ਗੱਠਜੋੜ ਸਰਕਾਰ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੇ ਸੰਬੋਧਨ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਟੀਚਿਆਂ ਵਿਚ ਕੋਈ ਬਦਲਾਅ ਨਹੀਂ ਆਇਆ ਹੈ। ਇਸ ਦੀ ਪੁਸ਼ਟੀ ਇਸ ਤੋਂ ਹੁੰਦੀ ਹੈ ਕਿ ਉਨ੍ਹਾਂ ਨੇ ਸੈਕੂਲਰ ਸਿਵਲ ਕੋਡ ਯਾਨੀ ਧਰਮ-ਨਿਰਪੱਖ ਨਾਗਰਿਕਤਾ ਜ਼ਾਬਤਾ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਅਨੇਕ ਵਾਰ ਸੁਪਰੀਮ ਕੋਰਟ ਵੀ ਨਾਗਰਿਕ ਜ਼ਾਬਤੇ ਦੀ ਜ਼ਰੂਰਤ ਜ਼ਾਹਰ ਕਰ ਚੁੱਕਾ ਹੈ। ਜਦ ਉਹ ਇਹ ਕਹਿ ਰਹੇ ਸਨ ਤਦ ਮਹਿਮਾਨਾਂ ਵਿਚ ਸੁਪਰੀਮ ਕੋਰਟ ਦੇ ਮੁੱਖ ਜੱਜ ਵੀ ਬੈਠੇ ਹੋਏ ਸਨ। ਇਹ ਚੰਗਾ ਹੋਇਆ ਕਿ ਇਸੇ ਮੌਕੇ 'ਤੇ ਉਨ੍ਹਾਂ ਨੇ ਨਿਆਂ ਵਿਚ ਦੇਰੀ 'ਤੇ ਵੀ ਆਪਣੀ ਚਿੰਤਾ ਜ਼ਾਹਰ ਕਰ ਦਿੱਤੀ।

ਭਾਜਪਾ ਸਮਾਨ ਨਾਗਰਿਕ ਜ਼ਾਬਤੇ ਦੀ ਪੈਰਵੀ ਇਕ ਲੰਬੇ ਸਮੇਂ ਤੋਂ ਕਰਦੀ ਚਲੀ ਆ ਰਹੀ ਹੈ। ਉਤਰਾਖੰਡ ਦੀ ਭਾਜਪਾ ਸਰਕਾਰ ਤਾਂ ਅਕਤੂਬਰ ਤੋਂ ਇਸ ਨੂੰ ਲਾਗੂ ਕਰਨ ਵੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਜਿਸ ਤਰ੍ਹਾਂ ਧਰਮ-ਨਿਰਪੱਖ ਨਾਗਰਿਕ ਜ਼ਾਬਤੇ ਅਤੇ ਇਕੱਠੀਆਂ ਚੋਣਾਂ ਕਰਵਾਉਣ 'ਤੇ ਜ਼ੋਰ ਦਿੱਤਾ, ਉਸ ਤੋਂ ਇਹ ਵੀ ਸਪਸ਼ਟ ਹੋਇਆ ਕਿ ਉਹ ਕਿਸੇ ਰਾਜਨੀਤਕ ਮਜਬੂਰੀ ਵਿਚ ਨਹੀਂ ਬੱਝੇ ਹੋਏ ਹਨ ਅਤੇ ਉਨ੍ਹਾਂ ਨੂੰ ਇਹ ਭਰੋਸਾ ਹੈ ਕਿ ਸਹਿਯੋਗੀ ਪਾਰਟੀਆਂ ਅਤੇ ਖ਼ਾਸ ਤੌਰ 'ਤੇ ਜਨਤਾ ਦਲ-ਯੂ ਅਤੇ ਤੇਲਗੂ ਦੇਸਮ ਪਾਰਟੀ ਉਨ੍ਹਾਂ ਦੇ ਏਜੰਡੇ ਨੂੰ ਅੱਗੇ ਵਧਾਉਣ ਵਿਚ ਸਹਾਇਕ ਸਿੱਧ ਹੋਣਗੀਆਂ। ਸੰਭਵ ਤੌਰ 'ਤੇ ਉਨ੍ਹਾਂ ਨੇ ਸਮਾਨ ਨਾਗਰਿਕ ਜ਼ਾਬਤੇ ਦੀ ਜਗ੍ਹਾ ਧਰਮ-ਨਿਰਪੱਖ ਨਾਗਰਿਕ ਜ਼ਾਬਤਾ ਸ਼ਬਦ ਦਾ ਇਸਤੇਮਾਲ ਇਸ ਲਈ ਕੀਤਾ ਤਾਂ ਜੋ ਵਿਰੋਧੀ ਪਾਰਟੀਆਂ ਇਸ 'ਤੇ ਗ਼ੈਰ-ਜ਼ਰੂਰੀ ਇਤਰਾਜ਼ ਜ਼ਾਹਰ ਨਾ ਕਰ ਸਕਣ। ਉਹ ਇਹ ਕਹਿਣ ਤੋਂ ਵੀ ਨਹੀਂ ਖੁੰਝੇ ਕਿ ਹਾਲੇ ਜੋ ਨਾਗਰਿਕ ਜ਼ਾਬਤਾ ਹੈ, ਉਹ ਫ਼ਿਰਕੂ ਹੈ।

ਪ੍ਰਧਾਨ ਮੰਤਰੀ ਨੇ ਸ਼ਾਸਨ ਵਿਚ ਸੁਧਾਰ ਲਿਆਉਣ ਦੀ ਗੱਲ ਕਹਿ ਕੇ ਇਹ ਵੀ ਜ਼ਾਹਰ ਕਰ ਦਿੱਤਾ ਕਿ ਉਹ ਮਿਨੀਮਮ ਗਵਰਨਮੈਂਟ, ਮੈਕਸੀਮਮ ਗਵਰਨੈਂਸ ਦੇ ਆਧਾਰ 'ਤੇ ਚੱਲਣਾ ਚਾਹ ਰਹੇ ਹਨ। ਵਿਰੋਧੀ ਪਾਰਟੀਆਂ ਭਾਵੇਂ ਹੀ ਮੋਦੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਤੋਂ ਅਸਹਿਮਤ ਹੋਣ ਪਰ ਪ੍ਰਧਾਨ ਮੰਤਰੀ ਨੇ ਇਹ ਸਾਫ਼ ਕਰ ਦਿੱਤਾ ਕਿ ਭ੍ਰਿਸ਼ਟਾਚਾਰ ਵਿਰੁੱਧ ਉਨ੍ਹਾਂ ਦੀ ਮੁਹਿੰਮ ਪੂਰੀ ਦ੍ਰਿੜ੍ਹਤਾ ਨਾਲ ਜਾਰੀ ਰਹੇਗੀ।

ਪ੍ਰਧਾਨ ਮੰਤਰੀ ਨੇ ਸੁਧਾਰ ਪ੍ਰੋਗਰਾਮਾਂ ਨੂੰ ਵਿਕਸਤ ਭਾਰਤ ਲਈ ਜ਼ਰੂਰੀ ਦੱਸਿਆ ਅਤੇ ਸਾਰੀਆਂ ਸੰਸਥਾਵਾਂ ਨੂੰ ਸੱਦਾ ਦਿੱਤਾ ਕਿ ਉਹ ਵੀ ਸੁਧਾਰ ਦੀ ਦਿਸ਼ਾ ਵਿਚ ਅੱਗੇ ਵਧਣ। ਉਨ੍ਹਾਂ ਨੇ ਦੇਸ਼ ਦੀਆਂ ਸੰਸਥਾਵਾਂ ਨੂੰ ਸੁਧਾਰ ਕਰਨ ਅਤੇ ਉਨ੍ਹਾਂ ਨੂੰ ਜ਼ਮੀਨ 'ਤੇ ਉਤਾਰਨ ਦੀ ਗੱਲ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਹੀ ਆਖੀ।

ਉਨ੍ਹਾਂ ਨੇ ਦੱਸਿਆ ਕਿ ਦੇਸ਼ ਵਿਚ ਪੰਚਾਇਤ ਤੋਂ ਲੈ ਕੇ ਸੂਬਾ ਪੱਧਰ 'ਤੇ ਲਗਪਗ ਤਿੰਨ ਲੱਖ ਸੰਸਥਾਵਾਂ ਕੰਮ ਕਰ ਰਹੀਆਂ ਹਨ ਅਤੇ ਜੇ ਸਾਰੀਆਂ ਸੰਸਥਾਵਾਂ ਹਰ ਸਾਲ ਦੋ ਸੁਧਾਰ ਕਰਨ ਤਾਂ ਹਰ ਵਰ੍ਹੇ 25-30 ਲੱਖ ਸੁਧਾਰ ਹੋ ਸਕਦੇ ਹਨ। ਸਪਸ਼ਟ ਹੈ ਕਿ ਅਜਿਹਾ ਹੋਣ ਨਾਲ ਹਰ ਪੱਧਰ 'ਤੇ ਸੁਧਾਰ ਹੋਵੇਗਾ ਅਤੇ ਕੰਮਕਾਜ ਦੀ ਗੁਣਵੱਤਾ ਵਧੇਗੀ। ਇਸ ਦਾ ਲਾਭ ਦੇਸ਼ ਦੇ ਲੋਕਾਂ ਨੂੰ ਮਿਲੇਗਾ।

ਪ੍ਰਧਾਨ ਮੰਤਰੀ ਨੇ ਇਹ ਵੀ ਸਾਫ਼ ਕੀਤਾ ਕਿ ਸੁਧਾਰ ਆਰਥਿਕ ਵਿਕਾਸ ਦੀ ਬੁਨਿਆਦ ਅਤੇ ਵਿਕਾਸ ਦੀ ਰੂਪਰੇਖਾ ਹਨ। ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਨੇ ਦੇਸ਼ ਦੇ ਸਨਅਤਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਬਿਹਤਰ ਗੁਣਵੱਤਾ ਵਾਲੇ ਉਤਪਾਦ ਬਣਾਉਣ। ਅਸਲ ਵਿਚ ਉਤਪਾਦਾਂ ਦੇ ਨਾਲ



ਸੇਵਾਵਾਂ ਦੀ ਵੀ ਗੁਣਵੱਤਾ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ। ਵਰਤਮਾਨ ਵਿਚ ਭਾਰਤੀ ਉਤਪਾਦ ਅਤੇ ਸੇਵਾਵਾਂ ਦਰਮਿਆਨੇ ਦਰਜੇ ਦੀ ਗੁਣਵੱਤਾ ਲਈ ਜਾਣੀਆਂ ਜਾਂਦੀਆਂ ਹਨ ਅਤੇ ਇਸੇ ਕਾਰਨ ਭਾਰਤ ਆਲਮੀ ਬਾਜ਼ਾਰ ਵਿਚ ਆਪਣੇ ਅਕਸ ਦਾ ਨਿਰਮਾਣ ਕਰਨ ਵਿਚ ਕਮਜ਼ੋਰ ਦਿਸਦਾ ਹੈ। ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਇਹੀ ਭਾਸਿਆ ਹੈ ਕਿ ਉਹ ਇਹ ਸਮਝ ਰਹੇ ਹਨ ਕਿ ਆਉਣ ਵਾਲੇ ਸਮੇਂ ਵਿਚ ਉਹੀ ਦੇਸ਼ ਵਿਸ਼ਵ ਵਿਚ ਆਪਣੀ ਬਿਹਤਰ ਪਛਾਣ ਬਣਾ ਸਕਣਗੇ ਜਿਨ੍ਹਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਗੁਣਵੱਤਾ ਕੌਮਾਂਤਰੀ ਪੱਧਰ ਦੀ ਹੋਵੇਗੀ।

ਭਾਵੇਂ ਹੀ ਉਨ੍ਹਾਂ ਨੇ ਚੀਨ ਦਾ ਨਾਂ ਨਹੀਂ ਲਿਆ ਹੋਵੇ ਪਰ ਸਭ ਜਾਣਦੇ ਹਨ ਕਿ ਚੀਨੀ ਕਾਰੋਬਾਰੀ ਘੱਟ ਗੁਣਵੱਤਾ ਦੇ ਨਾਲ ਹੀ ਬਿਹਤਰ ਗੁਣਵੱਤਾ ਵਾਲੇ ਉਤਪਾਦ ਵੀ ਬਣਾਉਂਦੇ ਹਨ ਅਤੇ ਇਸੇ ਲਈ ਯੂਰਪ, ਅਮਰੀਕਾ ਸਮੇਤ ਵਿਸ਼ਵ ਭਰ ਵਿਚ ਉਨ੍ਹਾਂ ਦੇ ਉਤਪਾਦਾਂ ਦਾ ਬੋਲਬਾਲਾ ਹੈ। ਭਾਰਤੀ ਕਾਰੋਬਾਰੀਆਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੇ ਉਤਪਾਦਾਂ ਅਤੇ ਸੇਵਾਵਾਂ ਦੇ ਮਾਪਦੰਡ ਕੌਮਾਂਤਰੀ ਪੱਧਰ ਦੇ ਬਣਾਉਣ।

ਭਾਰਤੀ ਕਾਰੋਬਾਰੀਆਂ ਨੂੰ ਇਸ ਲਈ ਪ੍ਰੇਰਿਤ ਹੋਣਾ ਚਾਹੀਦਾ ਹੈ ਕਿਉਂਕਿ ਬਿਹਤਰ ਗੁਣਵੱਤਾ ਦੇ ਉਤਪਾਦ ਉਨ੍ਹਾਂ ਦੀ ਸਾਖ਼ ਨੂੰ ਹੀ ਵਧਾਉਣ ਦਾ ਕੰਮ ਕਰਨਗੇ। ਜਦ ਅਜਿਹਾ ਹੋਵੇਗਾ ਤਾਂ ਭਾਰਤੀ ਉਤਪਾਦ ਵਿਸ਼ਵ ਬਾਜ਼ਾਰ ਵਿਚ ਆਸਾਨੀ ਨਾਲ ਆਪਣੀ ਜਗ੍ਹਾ ਬਣਾਉਣ ਦੇ ਨਾਲ ਦੇਸ਼ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਵਿਚ ਵੀ ਮਦਦਗਾਰ ਸਿੱਧ ਹੋਣਗੇ। ਪ੍ਰਧਾਨ ਮੰਤਰੀ ਵਿਕਸਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਲਈ ਸੂਬਿਆਂ ਦਾ ਸਹਿਯੋਗ ਚਾਹੁੰਦੇ ਹਨ, ਇਹ ਇਸ ਤੋਂ ਸਪਸ਼ਟ ਹੋਇਆ ਕਿ ਉਨ੍ਹਾਂ ਨੇ ਸੂਬਾ ਸਰਕਾਰਾਂ ਨੂੰ ਵਿਸ਼ਵ ਪੱਧਰੀ ਕੰਪਨੀਆਂ ਨੂੰ ਨਿਵੇਸ਼ ਲਈ ਆਕਰਸ਼ਿਤ ਕਰਨ ਲਈ ਕਿਹਾ। ਚੰਗਾ ਹੋਵੇਗਾ ਕਿ ਸੂਬਾ ਸਰਕਾਰਾਂ ਇਸ ਨੂੰ ਲੈ ਕੇ ਸਿਹਤਮੰਦ ਮੁਕਾਬਲੇਬਾਜ਼ੀ ਕਰਨ। ਉਹ ਪ੍ਰਧਾਨ ਮੰਤਰੀ ਦੇ ਇਸ ਕਥਨ ਨਾਲ ਅਸਹਿਮਤ ਨਹੀਂ ਹੋ ਸਕਦੀਆਂ ਕਿ ਨਿਵੇਸ਼ ਲਿਆਉਣ ਲਈ ਜੋ ਕੁਝ ਜ਼ਰੂਰੀ ਹੈ, ਉਹ ਸਭ ਇਕੱਲੀ ਕੇਂਦਰ ਸਰਕਾਰ ਨਹੀਂ ਕਰ ਸਕਦੀ। ਸੂਬਿਆਂ ਨੂੰ ਵੀ ਨਿਵੇਸ਼ ਲਿਆਉਣ ਵਿਚ ਆਪਣੇ ਪੱਧਰ 'ਤੇ ਜ਼ੋਰਦਾਰ ਹੰਭਲੇ ਮਾਰਨੇ ਪੈਣਗੇ।

ਜੇ ਉਹ ਇੰਜ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਬੇਰੁਜ਼ਗਾਰੀ ਦੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਜਾਵੇਗੀ ਅਤੇ ਨਾਲ ਹੀ ਆਰਥਿਕ ਵਿਕਾਸ ਵਿਚ ਵੀ ਤੇਜ਼ੀ ਆਵੇਗੀ। ਆਪਣੇ ਲੰਬੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨੇ ਕਈ ਵਿਸ਼ਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਇਸੇ ਲੜੀ ਵਿਚ ਉਨ੍ਹਾਂ ਨੇ ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਦੀ ਟਰੇਨੀ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਹੱਤਿਆ ਦੇ ਲੂ-ਕੰਡੇ ਖੜ੍ਹੇ ਕਰਨ ਵਾਲੇ ਮਾਮਲੇ ਦਾ ਜ਼ਿਕਰ ਕੀਤੇ ਬਿਨਾਂ ਮਹਿਲਾਵਾਂ ਵਿਰੁੱਧ ਹੋਣ ਵਾਲੇ ਅਪਰਾਧਾਂ ਦੀ ਰੋਕਥਾਮ 'ਤੇ ਜ਼ੋਰ ਦਿੱਤਾ। ਇਹ ਇਕ ਅਜਿਹੀ ਜ਼ਰੂਰਤ ਹੈ ਜਿਸ ਦੀ ਪੂਰਤੀ ਹਰ ਹਾਲਤ ਵਿਚ ਕੀਤੀ ਜਾਣੀ ਚਾਹੀਦੀ ਹੈ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਔਰਤਾਂ ਵਿਰੁੱਧ ਅਪਰਾਧਾਂ ਨੂੰ ਅੰਜਾਮ ਦੇਣ ਵਾਲਿਆਂ ਦੇ ਮਨ ਵਿਚ ਖ਼ੌਫ਼ ਦਾ ਪਸਾਰਾ ਹੋਵੇ। ਇਹ ਉਦੋਂ ਹੀ ਹੋ ਸਕਦਾ ਹੈ ਜਦ ਅਜਿਹੇ ਲੋਕਾਂ ਨੂੰ ਸਮਾਂ ਰਹਿੰਦੇ ਸਖ਼ਤ ਸਜ਼ਾ ਮਿਲੇ। ਹਾਲੇ ਅਜਿਹਾ ਨਹੀਂ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਹ ਸਹੀ ਕਿਹਾ ਕਿ ਔਰਤਾਂ ਵਿਰੁੱਧ ਅਪਰਾਧਾਂ ਦੀ ਤਾਂ ਖ਼ੂਬ ਚਰਚਾ ਹੁੰਦੀ ਹੈ ਪਰ ਜਦ ਅਪਰਾਧੀਆਂ ਨੂੰ ਸਜ਼ਾ ਮਿਲਦੀ ਹੈ ਤਾਂ ਉਸ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ।

ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਇਹ ਵੀ ਸਪਸ਼ਟ ਹੋਇਆ ਕਿ ਉਹ ਆਪਣੀ ਸਰਕਾਰ ਦੇ ਭਾਵੀ ਏਜੰਡੇ ਨੂੰ ਅੱਗੇ ਵਧਾਉਣ ਦੇ ਨਾਲ ਦੇਸ਼ ਵਾਸੀਆਂ ਨੂੰ ਵਿਕਸਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਲਈ ਪ੍ਰੇਰਿਤ ਕਰਨਾ ਚਾਹੁੰਦੇ ਹਨ। ਵਿਕਸਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਦੇਸ਼ ਵਾਸੀ ਵੀ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਦਾ ਨਿਰਬਾਹ ਕਰਨ। ਉਨ੍ਹਾਂ ਦੇ ਸਹਿਯੋਗ ਤੋਂ ਬਨਾਂ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੂੰ ਬੂਰ ਨਹੀਂ ਪਵੇਗਾ। ਅਵਾਮ ਨੂੰ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਆਪਣਾ ਵੱਡਮੁੱਲਾ ਯੋਗਦਾਨ ਦੇਣਾ ਚਾਹੀਦਾ ਹੈ।

ਇਹ ਚੰਗਾ ਹੋਇਆ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਪਾਰਟੀਆਂ ਦੀ ਸੌੜੀ ਸਿਆਸਤ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਨੂੰ ਨਸੀਹਤ ਦਿੱਤੀ। ਕਹਿਣਾ ਮੁਸ਼ਕਲ ਹੈ ਕਿ ਵਿਰੋਧੀ ਧਿਰ ਆਪਣੇ ਅੜੀਅਲ ਵਤੀਰੇ ਨੂੰ ਤਿਆਗਣ ਲਈ ਤਿਆਰ ਹੁੰਦੀ ਹੈ ਜਾਂ ਨਹੀਂ ਪਰ ਇੰਨਾ ਜ਼ਰੂਰ ਹੈ ਕਿ ਕੌਮੀ ਅਹਿਮੀਅਤ ਦੇ ਮੁੱਦਿਆਂ 'ਤੇ ਹੁਕਮਰਾਨ ਅਤੇ ਵਿਰੋਧੀ ਧਿਰ ਨੂੰ ਪਾਰਟੀਬਾਜ਼ੀ 'ਤੇ ਆਧਾਰਤ ਰਾਜਨੀਤਕ ਹਿੱਤਾਂ ਤੋਂ ਉੱਪਰ ਉੱਠਣ ਦੀ ਜ਼ਰੂਰਤ ਹੈ। ਤਾਂ ਹੀ ਮੁਲਕ ਤੇਜ਼ੀ ਨਾਲ ਤਰੱਕੀ ਕਰਨ ਦੇ ਸਮਰੱਥ ਹੋ ਸਕੇਗਾ। ਦੇਸ਼ ਨੂੰ ਤੇਜ਼ੀ ਨਾਲ ਅੱਗੇ ਲੈ ਕੇ ਜਾਣ ਦਾ ਕੰਮ ਉਦੋਂ ਹੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ ਜਦ ਪਾਰਟੀਬਾਜ਼ੀ 'ਤੇ ਆਧਾਰਤ ਰਾਜਨੀਤਕ ਹਿੱਤਾਂ ਦੀ ਜਗ੍ਹਾ ਕੌਮੀ ਹਿੱਤਾਂ ਨੂੰ ਸਰਬਉੱਚ ਤਰਜੀਹ ਦਿੱਤੀ ਜਾਵੇ। ਹਾਲੇ ਅਜਿਹਾ ਨਹੀਂ ਹੈ। ਕਈ ਵਿਰੋਧੀ ਪਾਰਟੀਆਂ ਹਾਲੇ ਵੀ ਚੁਣਾਵੀ ਮੁਦਰਾ ਵਿਚ ਹੀ ਦਿਖਾਈ ਦੇ ਰਹੀਆਂ ਹਨ।

# ਖੇਤੀ ਨੀਤੀ ਬਾਰੇ ਸਰਕਾਰਾਂ ਦੀ ਬੇਰੁਖ਼ੀ

**(ਸਫਾ 10 ਦੀ ਬਾਕੀ)**

ਐਲਾਨ ਤਾਂ ਕਰਦੀ ਹੈ ਪਰ ਐਲਾਨ ਅਨੁਸਾਰ ਖ਼ਰੀ ਨਹੀਂ ਉੱਤਰਦੀ। ਮੌਜੂਦਾ ਸਰਕਾਰ ਦਾ ਅੱਧਾ ਸਮਾਂ ਇਸੇ ਸਾਲ 16 ਸਤੰਬਰ ਨੂੰ ਪੂਰਾ ਹੋ ਜਾਵੇਗਾ। ਤਤਕਾਲੀ ਖੇਤੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਈ ਵਾਰ ਐਲਾਨ ਕੀਤਾ ਕਿ 31 ਮਾਰਚ 2023 ਤੱਕ ਖੇਤੀ ਨੀਤੀ ਜਾਰੀ ਕਰ ਦਿੱਤੀ ਜਾਵੇਗੀ ਪਰ ਇਹ ਨੀਤੀ ਨਹੀਂ ਆਈ ਤੇ ਪਹਿਲੀ ਜੂਨ 2023 ਨੂੰ ਧਾਲੀਵਾਲ ਦੀ ਥਾਂ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀ ਵਿਭਾਗ ਦੇ ਦਿੱਤਾ ਗਿਆ।

ਕੇਂਦਰ ਨੇ 2024-25 ਦੇ ਬਜਟ ਲਈ ਪੰਜਾਬ ਵਾਸਤੇ, ਖ਼ਾਸਕਰ ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਕੋਈ ਐਲਾਨ ਨਹੀਂ ਕੀਤਾ। ਇਸ ਕਰ ਕੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਉਦਾਸੀਨਤਾ ਵਧੇਗੀ। ਇਸ ਹਾਲਤ ਵਿੱਚ ਜੇ ਪੰਜਾਬ ਸਰਕਾਰ ਵੀ ਕਿਸਾਨਾਂ ਲਈ ਕੁਝ ਨਹੀਂ ਕਰਦੀ ਤਾਂ ਫਿਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਕਟ ਵਿੱਚੋਂ ਕੌਣ ਕੱਢੇਗਾ? ਪੰਜਾਬ ਸਰਕਾਰ ਨੇ ਭਾਵੇਂ ਵਿੱਤ ਕਮਿਸ਼ਨ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਦੇ ਦਿੱਤੀ ਹੈ ਪਰ ਹੁਣ ਸਰਕਾਰ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਹਿੱਸਾ ਹੀ ਨਹੀਂ ਲਿਆ ਜਿੱਥੇ ਰਾਜਾਂ ਨੇ ਆਪੋ-ਆਪਣੇ ਰਾਜਾਂ ਦੇ ਵਿਕਾਸ ਲਈ ਤਜਵੀਜ਼ਾਂ ਰੱਖਣੀਆਂ ਹੁੰਦੀਆਂ ਹਨ। ਸਿਧਾਂਤਕ ਤੌਰ 'ਤੇ ਇਹ ਮੀਟਿੰਗ ਰਾਜਨੀਤਕ ਨਹੀਂ ਹੁੰਦੀ ਸਗੋਂ ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੀ ਹੁੰਦੀ ਹੈ ਪਰ ਭਾਜਪਾ ਸਰਕਾਰ 'ਤੇ ਇਸ ਮੀਟਿੰਗ 'ਚ ਵੀ ਰਾਜਨੀਤੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਇਸ ਵਾਰ ਵੀ ਪੰਜਾਬ ਸਮੇਤ ਗ਼ੈਰ-ਭਾਜਪਾ ਸਰਕਾਰਾਂ ਨੇ ਇਸੇ ਤਰ੍ਹਾਂ ਦੇ ਦੋਸ਼ ਲਾਏ ਹਨ। ਮੀਟਿੰਗ 'ਚ ਹਿੱਸਾ ਨਾ ਲੈਣ ਕਾਰਨ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਭਾਜਪਾ ਨੂੰ ਇਹ ਮੁੱਦਾ ਮਿਲ ਜਾਵੇਗਾ ਕਿ ਪੰਜਾਬ ਸਰਕਾਰ ਸੂਬੇ ਦੇ ਮੁੱਦਿਆਂ ਬਾਰੇ ਕੇਂਦਰ ਕੋਲ ਆਪਣਾ ਪੱਖ ਹੀ ਨਹੀਂ ਰੱਖਦੀ ਤਾਂ ਫਿਰ ਮਦਦ ਦੀ ਆਸ ਕਿਉਂ ਰੱਖਦੀ ਹੈ। ਹੁਣ ਪੰਜਾਬ ਸਰਕਾਰ ਆਪਣਾ ਧਿਆਨ ਮਾਲਵਾ ਨਹਿਰ 'ਤੇ ਕੇਂਦਰਿਤ ਕਰ ਰਹੀ ਹੈ ਜਿਸ ਹੇਠ 1328 ਏਕੜ ਖੇਤੀਯੋਗ ਜ਼ਮੀਨ ਆ ਜਾਵੇਗੀ ਜਿਸ ਤੋਂ ਉਸ ਇਲਾਕੇ ਦੇ ਕਿਸਾਨ ਬਿਲਕੁਲ ਵੀ ਖੁਸ਼ ਨਹੀਂ।

ਅੱਜ ਪੰਜਾਬ ਵਿੱਚ ਖੇਤੀ ਵਾਲੀ ਜ਼ਮੀਨ ਦਾ ਰੇਟ ਕਿਤੇ ਵੀ 30 ਲੱਖ ਰੁਪਏ ਫ਼ੀ ਏਕੜ ਤੋਂ ਘੱਟ ਨਹੀਂ ਹੈ। 'ਭਾਰਤਮਾਲਾ' ਲਈ ਤਾਂ ਜ਼ਮੀਨ ਇਸ ਤੋਂ ਵੀ ਕਈ ਗੁਣਾ ਮਹਿੰਗੀ ਖ਼ਰੀਦੀ ਜਾ ਰਹੀ ਹੈ। ਕਰਜ਼ੇ ਦੇ ਭਾਰ ਹੇਠ ਤੜਫ ਰਹੀ ਪੰਜਾਬ ਸਰਕਾਰ ਇਸ ਨਹਿਰ ਦੀ ਜ਼ਮੀਨ ਲਈ 4000 ਕਰੋੜ ਦਾ ਖਰਚਾ ਕਿੱਥੋਂ ਕਰੇਗੀ? ਖੇਤੀ ਵੰਨ-ਸਵੰਨਤਾ ਲਈ ਕੇਂਦਰ ਕੋਲੋਂ ਇਸੇ ਸਾਲ 10 ਜੂਨ ਨੂੰ ਪੰਜਾਬ ਲਈ ਆਇਆ ਤਕਰੀਬਨ 290 ਕਰੋੜ ਰੁਪਏ ਦਾ ਫੰਡ ਅਫਸਰਸ਼ਾਹੀ ਦੀ ਬੇਰੁਖੀ ਦੀ ਭੇਂਟ ਚੜ੍ਹ ਗਿਆ। ਪਤਾ ਲੱਗਾ ਹੈ ਕਿ ਅਫਸਰਸ਼ਾਹੀ 40 ਦਿਨ ਇਸ ਸਕੀਮ 'ਤੇ ਬੈਠੀ ਰਹੀ ਤੇ 20 ਜੁਲਾਈ ਨੂੰ ਇਸ ਦਾ ਐਲਾਨ ਕੀਤਾ ਗਿਆ ਜਦੋਂ 90 ਫ਼ੀਸਦੀ ਤੋਂ ਵੱਧ ਝੋਨੇ ਦੀ ਫ਼ਸਲ ਲਾਈ ਜਾ ਚੁੱਕੀ ਸੀ। ਇਹ ਸਕੀਮ ਬਾਸਮਤੀ ਲਈ ਨਹੀਂ ਹੈ। ਹੁਣ ਚਾਰ ਹੋਰ ਵਿਧਾਨ ਸਭਾ ਹਲਕਿਆਂ (ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ) ਵਿੱਚ ਅਗਲੇ ਪੰਜ ਮਹੀਨਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ। ਇਹ ਚਾਰੇ ਹਲਕੇ ਪੇਂਡੂ ਖੇਤਰ ਵਿੱਚ ਹਨ ਜਿਥੇ ਸਭ ਤੋਂ ਵੱਧ ਵੋਟਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹਨ। ਹੁਣ ਸਵਾਲ ਹੈ: ਕੀ ਪੰਜਾਬ ਸਰਕਾਰ ਅਗਲੇ ਦਿਨਾਂ ਵਿੱਚ ਖੇਤੀ ਨੀਤੀ ਬਾਰੇ ਕੁਝ ਕਰੇਗੀ ਜਾਂ ਫਿਰ ਜ਼ਿਮਨੀ ਚੋਣਾਂ ਵਿੱਚ ਇਸ ਨੀਤੀ ਨੂੰ ਵੋਟਾਂ ਬਟੋਰਨ ਦਾ 'ਝੁਰਲੂ' ਬਣਾ ਕੇ ਵਰਤੇਗੀ?

# ਸੰਪਾਦਕ ਦੀ ਡਾਕ

ਸਤਿਕਾਰਿਤ ਐਡੀਟਰ ਪਰਦੇਸ ਟਾਈਮਜ਼,
ਸਰਦਾਰ ਬਲਬੀਰ ਸਿੰਘ ਐਮ. ਏ. ਜੀਓ,

ਆਪ ਜੀ ਦੇ ਅਖ਼ਬਾਰ ਅੰਕ 451/16 ਮਿਤੀ 26 ਜੂਨ 2024, ਦੇ ਸਫ਼ਾ 7 ਤੇ ਅਤੇ ਸਫ਼ਾ 14 ਤੇ ਕ੍ਰਮਵਾਰ ਛਪੇ ਦੋ ਬਹੁਤ ਹੀ ਵਧੀਆ ਲਿਖਤਾਂ, ਆਪ ਜੀ ਦੀ ਲਿਖੀ ਕਿਤਾਬ ਦੇ ਕੱਢਣ ਸਮੇਂ ਸਮਾਗਮ ਅਤੇ ਮਾਂ ਬੋਲੀ ਦੀ ਸੇਵਾ ਪੂਰਬਕ ਲੇਖ ਦੀ ਸਲਾਹੁਤਾ ਕਰਨੀ ਚਾਹੁੰਦਾ ਹਾਂ।

ਅਕਸਰ ਪਰਦੇਸ ਟਾਈਮਜ਼ ਦੇ ਅਗਲੇ ਨਵੇਂ ਅੰਕ ਦੀ ਉਡੀਕ ਤਾਂ ਹਮੇਸ਼ਾਂ ਹੀ ਰਹਿੰਦੀ ਹੈ ਪਰ ਉਪਰੋਕਤ ਦੋਵਾਂ ਵਾਰੇ ਲਿਖਣ ਨੂੰ ਜੀਅ ਕੀਤਾ।

ਸੂਝਵਾਨ ਤੇ ਨਿਰਪੱਖ ਪੱਤਰਕਾਰੀ ਹਰ ਸੰਪਾਦਕ ਦਾ ਸੁਪਨਾ ਤੇ ਮਨੋਰਥ ਭਾਵੇਂ ਹੋਵੇ ਪਰ ਉਸ ਤੇ ਲਗਾਤਾਰ ਅਮਲ ਕਰਨਾ ਤੇ ਮਾਂ ਬੋਲੀ ਤੇ ਕੌਮ ਦੀ ਸੇਵਾ ਕਰਨਾ ਆਪ ਜੀ ਦੇ ਹਿੱਸੇ ਹੀ ਆਇਆ ਹੈ। ਵਧਾਈ ਦੇ ਪਾਤਰ ਹੋ। ਉਪਰੋਕਤ ਵਿਸ਼ੇ ਵਾਲੀਆਂ ਦੋਵੇਂ ਬਹੁਤ ਹੀ ਵਧੀਆ, ਜਾਣਕਾਰੀ ਭਰਪੂਰ ਅਤੇ ਰੌਚਿਕ ਲਿਖਤਾਂ ਹਨ। ਕਿਤਾਬ ਪ੍ਰਕਾਸ਼ਿਤ ਹੋਣ ਦੀਆਂ ਬਹੁਤ ਬਹੁਤ ਮੁਬਾਰਕਾਂ। ਕਾਪੀ ਦਾ ਅਭਿਲਾਸ਼ੀ ਹਾਂ।

'ਕੌਣ ਕਰ ਰਿਹਾ ਹੈ ਮਾਂ ਬੋਲੀ ਪੰਜਾਬੀ ਦੀ ਸੇਵਾ' ਵਾਲੇ ਲੇਖਕ ਵੀਰ ਦੀ ਫ਼ੋਟੋ ਤਾਂ ਛਪੀ ਹੈ ਪਰ ਸ਼ਾਇਦ ਨਾਮ ਲਿਖਣੋਂ ਰਹਿ ਗਿਆ ਜਾਪਦਾ ਹੈ। ਬਹੁਤ ਹੀ ਵਧੀਆ ਤੇ ਅਮਲੀ ਲੇਖ ਸੀ।

ਅੱਜ ਕੱਲ੍ਹ ਮਾਂ ਬੋਲੀ ਦੀ ਸੇਵਾ ਦੇ ਝੰਡੇ ਚੁੱਕਣ ਵਾਲ਼ੇ ਸਵਾਰਥੀ ਅਤੇ ਫ਼ੋਟੋ ਖਿਚਵਾਊ ਜਾਂ ਬੱਲੇ ਬੱਲੇ ਕਰਵਾਉਣ ਦੀ ਲਾਲਸਾ ਵਾਲ਼ੇ ਟੋਲੇ ਵਿੱਚ, ਗਾਉਣ ਵਾਲ਼ੇ, ਲਿਖਣ ਵਾਲ਼ੇ, ਲਿਖਾਰੀ, ਕਵੀ, ਸਭਾਵਾਂ ਅਤੇ ਅਹੁਦੇਦਾਰ ਵੀ ਸ਼ਾਮਲ ਹਨ। ਕਈ ਸਭਾਵਾਂ ਦੀਆਂ ਚੋਣਾਂ ਸਰਪੰਚੀ ਭਰਪੂਰ ਤੇ ਸਿਆਸੀ ਹੋ ਚੱਲੀਆਂ ਹਨ। ਕੁਝ ਲਿਖਾਰੀ ਤੇ ਨਾਮਵਰ ਕਵੀ ਆਪਣੇ ਆਪ ਨੂੰ ਸਰਬੋਤਮ ਦਿਖਾਉਣ ਲਈ ਘਿਰਾਨਾਤਮਿਕ ਤੇ ਹੰਕਾਰੀ ਵਤੀਰਾ ਵੀ ਰੱਖਦੇ ਹਨ। ਉਹਨਾਂ ਜਾਚੇ ਸਿਹਰੇ ਦਾ ਸਾਰਾ ਹੱਕ ਕੇਵਲ ਉਹਨਾਂ ਨੂੰ ਹੀ ਮਿਲਣਾ ਚਾਹੀਦਾ ਹੈ। ਸਮਾਗਮਾਂ ਤੇ ਮਾਈਕ ਫੜਨ ਤੇ ਮਾਈਕ ਨਾ ਛੱਡਣ ਪਿੱਛੇ ਲੜਾਈਆਂ ਬੰਦ ਕਰ ਦੇਣ!

ਕਾਸ਼, ਮਾਂ ਬੋਲੀ ਦੇ ਸੇਵਾਦਾਰ ਅਤੇ ਰੱਖਵਾਲੇ ਸੱਚ ਮੁੱਚ ਨਿਸ਼ਕਾਮ ਸੇਵਾਦਾਰ ਅਤੇ ਨਿਰਪੱਖ ਹੋਣ! ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਆਯੋਜਿਤ ਇੱਕ ਬਹੁਤ ਹੀ ਵਧੀਆ ਸਮਾਗਮ 16 ਤੋਂ 18 ਅਗਸਤ ਨੂੰ ਬਰੈਂਪਟਨ ਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸੰਸਾਰ ਭਰ ਦੀਆਂ ਸੂਝਵਾਨ, ਬੁੱਧੀ-ਜੀਵੀ, ਲਿਖਾਰੀ, ਕਵੀ, ਕਹਾਣੀਕਾਰ, ਗਿਆਨੀ ਅਤੇ ਚਿੰਤਿਤ ਸਖਸ਼ੀਅਤਾਂ ਹਿੱਸਾ ਲੈਣਗੀਆਂ।

ਦੁਨੀਆਂ ਭਰ ਦੀ ਇਸ ਤੀਜੀ ਪੰਜਾਬੀ ਕਾਨਫਰੰਸ ਦੀ ਕਾਰਜਕਾਰੀ ਦਾ ਧੁਰਾ ਅਣਥੱਕ ਸੇਵਾਦਾਰ ਬਲਬੀਰ ਕੌਰ ਰਾਏਕੋਟੀ (ਪ੍ਰਧਾਨ) ਅਤੇ ਡਾ। ਦਲਬੀਰ ਸਿੰਘ ਕਥੂਰੀਆ (ਚੇਅਰਮੈਨ) ਜੀ ਦੀ ਟੀਮ ਹੈ। ਹੋਰ ਜਾਣਕਾਰੀ ਲਈ ਬਲਬੀਰ ਕੌਰ ਜੀ ਰਾਏਕੋਟੀ ਨਾ਼ਲ ਟੈਲੀਫ਼ੋਨ ਤੇ ਸੰਪਰਕ ਕੀਤਾ ਜਾ ਸਕਦਾ ਹੈ: +91 98144 12610



**ਮਨਮੋਹਣ ਸਿੰਘ ਗਰੇਵਾਲ**
**ਯੂਟਾ, ਅਮਰੀਕਾ**


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com


# TASTE OF INDIA

**specialist- Gurh Dee Barfee, Gurh Diyaan Jalebian**

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

ਇਸ਼ਤਿਹਾਰ ਲਈ ਥਾਂ ਖਾਲੀ ਹੈ

Space for Advertisement

ਸੰਪਰਕ ਕਰੋ

510-938-7771


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111



# CALIFORNIA

IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net



# AAA

AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# ਆਸਟ੍ਰੇਲੀਆ 'ਚ ਲੋਕ ਕਾਰਾਂ ਤੇ ਸੜਕਾਂ ਉੱਤੇ ਰਾਤਾਂ ਕੱਟਣ ਨੂੰ ਮਜਬੂਰ

ਇਹ ਉਹੋ ਜਿਹੀ ਰਿਟਾਇਰਮੈਂਟ ਨਹੀਂ ਸੀ ਜਿਸ ਦਾ ਸੁਪਨਾ ਮੈਰੀ ਨੇ ਦੇਖਿਆ ਸੀ।ਆਸਟ੍ਰੇਲੀਆ ਦੇ ਉੱਤਰੀ-ਪੱਛਮੀ ਇਲਾਕੇ ਵਿੱਚ ਦਾਈ ਵਜੋਂ ਕੰਮ ਕਰਨ ਵਾਲੀ ਮੈਰੀ ਨੇ ਜ਼ਿੰਦਗੀ ਦੇ ਕਈ ਸਾਲ ਆਪਣੇ ਪਤੀ ਦੇ ਨਾਲ ਖੇਤਾਂ ਵਿੱਚ ਬਣੇ ਘਰ ਵਿੱਚ ਬਿਤਾਏ । ਜਿੱਥੋਂ ਉਨ੍ਹਾਂ ਦੀ ਖਿੜਕੀ ਵਿੱਚੋਂ ਖੁੱਲ੍ਹਾ ਅਤੇ ਸੋਹਣਾ ਕੰਬਰਲੇ ਦਾ ਇਲਾਕਾ ਦਿਸਦਾ ਸੀ। ਹਾਲਾਂਕਿ ਹੁਣ ਕਮਜ਼ੋਰ ਹੋ ਚੁੱਕੇ 71 ਸਾਲ ਦੇ ਬਜ਼ੁਰਗ ਮੈਰੀ ਆਪਣੇ ਦਿਨ ਅਤੇ ਰਾਤਾਂ ਦਾ ਜ਼ਿਆਦਾਤਰ ਸਮਾਂ ਆਪਣੀ ਖ਼ਰਾਬ ਕਾਰ ਵਿੱਚ ਲੰਘਾਉਂਦੇ ਹਨ। ਹੁਣ ਉਨ੍ਹਾਂ ਦੇ ਸਾਹਮਣੇ ਪਰਥ ਦੇ ਸ਼ਾਪਿੰਗ ਸੈਂਟਰ ਦੇ ਜਨਤਕ ਪਖਾਨਾਘਰ ਦਾ ਬਲਾਕ ਹੈ । ਮੈਰੀ ਉਨ੍ਹਾਂ ਦਾ ਅਸਲੀ ਨਾਮ ਨਹੀਂ ਹੈ। ਉਹ ਨਹੀਂ ਚਾਹੁੰਦੇ ਕਿ ਜਿਨ੍ਹਾਂ ਲੋਕਾਂ ਨੂੰ ਉਹ ਜਾਣਦੇ ਹਨ ਉਹ ਇਸ ਬਾਰੇ ਜਾਨਣ ਕੇ ਮੈਰੀ ਇਸ ਤਰ੍ਹਾਂ ਜਿਉਂ ਰਹੇ ਹਨ।

ਦੇਸ਼ ਦੇ ਬਿਊਰੋ ਆਫ ਸਟੈਟਿਕਸ ਦੇ ਅੰਕੜਿਆਂ ਅਨੁਸਾਰ, ਮੈਰੀ ਆਸਟ੍ਰੇਲੀਆ ਦੇ ਉਨ੍ਹਾਂ 122,000 ਲੋਕਾਂ ਵਿੱਚੋਂ ਹਨ ਜੋ ਕਿਸੇ ਵੀ ਰਾਤ ਬੇਘਰ ਹੁੰਦੇ ਹਨ। ਹਾਲ ਹੀ ਵਿੱਚ ਆਈ ਸਰਕਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਘੱਟ ਆਮਦਨੀ ਵਾਲੇ 40% ਕਿਰਾਏਦਾਰ ਹੁਣ ਉਸ ਬੇਘਰ ਸਮੂਹ ਵਿੱਚ ਸ਼ਾਮਲ ਹੋਣ ਦੇ ਜੋਖ਼ਮ ਹੇਠ ਹਨ। ਮੈਰੀ ਦੇ ਨਾਲ ਵੀ ਇਹੋ ਹੋਇਆ ਹੈ। ਪਿਛਲੇ ਸਾਲ ਜਦੋਂ ਉਨ੍ਹਾਂ ਦੇ ਮਕਾਨ ਮਾਲਕ ਨੇ ਇਸ ਨੂੰ ਥੋੜ੍ਹੇ ਸਮੇਂ ਲਈ ਰਹਿਣ ਲਈ ਲੀਜ਼ 'ਤੇ ਦੇਣ ਦਾ ਫੈਸਲਾ ਕੀਤਾ ਅਤੇ ਫਿਰ ਉਨ੍ਹਾਂ ਨੂੰ ਆਪਣੇ ਫਲੈਟ ਤੋਂ ਬਾਹਰ ਕੱਢ ਦਿੱਤਾ ਗਿਆ,ਉਹ ਆਪਣੀ ਪੈਨਸ਼ਨ ਨਾਲ ਕਿਫਾਇਤੀ ਜਗ੍ਹਾ ਨਹੀਂ ਮਿਲੀ। ਮੈਰੀ ਦੇ ਪਤੀ ਵੀ ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ ਕਿਉਂਕਿ ਉਹ ਅਲਜ਼ਾਈਮਰ ਰੋਗ ਕਰਕੇ ਸਿਹਤ ਸੰਭਾਲ ਘਰ ਵਿੱਚ ਹਨ। ਉਹ ਕਹਿੰਦੇ ਹਨ,"ਉਹ ਡਰ ਜਾਂਦੇ, ਜੇ ਉਨ੍ਹਾਂ ਨੂੰ ਪਤਾ ਹੁੰਦਾ, ਬਿਲਕੁਲ ਡਰ ਜਾਂਦੀ"। ਇਸ ਲਈ ਹੁਣ ਮੈਰੀ ਦੀ 4ਣ4 ਦੀ ਕਾਰ ਉਨ੍ਹਾਂ ਦੇ ਸਮਾਨ ਨਾਲ ਭਰੀ ਹੋਈ ਹੈ। ਇੱਕ ਪਾਸੇ ਕੱਪੜਿਆਂ ਦਾ ਢੇਰ ਹੈ ਜੋ ਪਿਛਲੇ ਪਾਸੇ ਪਿਆ ਹੈ। ਮੁਸਾਫਰ ਵਾਲੀ ਸੀਟ 'ਤੇ ਚੌਲਾਂ ਦਾ ਟੀਨ ਦਾ ਡੱਬਾ ਪਿਆ ਹੈ ਹੈ। ਕੰਬਦੇ ਹੱਥਾਂ ਨਾਲ ਚੌਲਾਂ ਦਾ ਡੱਬਾ ਚੁੱਕਦੇ ਹੋਏ ਕਹਿੰਦੇ ਹਨ,"ਇਹ ਮੇਰਾ ਸ਼ਾਮ ਦਾ ਖਾਣਾ ਹੈ, ਹਰ ਰਾਤ ਮੈਂ ਇਹੋ ਖਾਂਦੀ ਹਾਂ" ਉਨ੍ਹਾਂ ਨੂੰ ਕਦੇ-ਕਦਾਈਂ ਇੱਕ ਸ਼ੈਲਟਰ ਵਿੱਚ ਬੈੱਡ ਮਿਲ ਜਾਂਦੀ ਹੈ,ਪਰ ਜ਼ਿਆਦਾਤਰ ਰਾਤਾਂ, ਮੈਰੀ ਸ਼ਹਿਰ ਦੇ ਉਹ ਹਿੱਸੇ ਵਿੱਚ ਪਹੁੰਚ ਜਾਂਦੇ ਹਨ ਜਿੱਥੇ ਵੱਧ ਪੁਲਿਸ ਹੁੰਦੀ ਹੈ ਕਿਉਂਕਿ ਉਹ ਕੋਈ ਜੋਖ਼ਮ ਨਹੀਂ ਲੈਣਾ ਚਾਹੁੰਦੇ। ਅਕਸਰ ਹੀ ਮੈਰੀ ਨੂੰ ਖੰਘ ਲੱਗ ਜਾਂਦੀ ਹੈ ਜੋ ਉਨ੍ਹਾਂ ਨੂੰ ਇੱਕ ਵਾਰ ਮੀਂਹ ਅਤੇ ਤੂਫਾਨ ਵਿੱਚ ਫਸਣ ਤੋਂ ਬਾਅਦ ਹੋਈ ਨਮੂਨੀਆ ਬਿਮਾਰੀ ਦਾ ਅਸਰ ਹੈ। ਉਸ ਵੇਲੇ ਕਾਰ ਦੀ ਬੈਟਰੀ ਮੁੱਕ ਗਈ ਸੀ, ਕਾਰ ਦੀਆਂ ਖਿੜਕੀਆਂ ਵੀ ਬੰਦ ਸਨ । ਉਨ੍ਹਾਂ ਠੀਕ ਕਰਵਾਉਣ ਲਈ ਮੈਰੀ ਕੋਲ ਪੈਸੇ ਵੀ ਨਹੀਂ ਸਨ। ਮੈਰੀ ਕਹਿੰਦੇ ਹਨ, "ਇਓਂ ਲੱਗਦਾ ਹੈ ਕਿ ਜਿਸ ਪਲ ਲੋਕਾਂ ਨੂੰ ਪਤਾ ਲੱਗ ਜਾਏ ਕਿ ਤੁਸੀਂ ਬੇਘਰ ਹੋ, ਤੁਹਾਨੂੰ ਇਨਸਾਨ ਨਹੀਂ ਸਮਝਿਆ ਜਾਂਦਾ।" "ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਤੁਹਾਡੀ ਹੁਣ ਕੋਈ ਕੀਮਤ ਨਹੀਂ ਹੈ।" ਆਸਟ੍ਰੇਲੀਆ ਦੇ ਆਲੇ-ਦੁਆਲੇ ਬੇਘਰਿਆਂ ਨੂੰ ਸੇਵਾਵਾਂ ਦੇਣ ਵਾਲਿਆਂ ਨੇ ਰਾਸ਼ਟਰੀ ਰਿਹਾਇਸ਼ੀ ਸੰਕਟ ਦੇ ਦੌਰਾਨ ਵਧੀਆਂ ਮੰਗਾਂ ਦੀ ਰਿਪੋਰਟ ਦਿੱਤੀ ਹੈ । ਜੋ ਔਰਤਾਂ ਅਤੇ ਬੱਚਿਆਂ ਦੇ ਨਾਲ ਹਨ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਹਾਲ ਹੀ ਦੇ ਸਾਲਾਂ ਵਿੱਚ, ਘਰਾਂ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਹੋਇਆ, ਸਮਾਜਿਕ ਰਿਹਾਇਸ਼ ਵਿੱਚ ਘੱਟ ਨਿਵੇਸ਼ ਹੋਇਆ ਅਤੇ ਘਰਾਂ ਦੀ ਘਾਟ ਕਰਕੇ ਕਿਰਾਏ ਬਹੁਤ ਜ਼ਿਆਦਾ ਵੱਧ ਗਏ ਹਨ। ਇਸ ਲਈ ਦੇਸ਼ ਦੀ ਜ਼ਿਆਦਾਤਰ ਵਧਦੀ ਅਬਾਦੀ ਰਹਿਣ ਲਈ ਥਾਂ ਲੱਭਣ ਲਈ ਸੰਘਰਸ਼ ਕਰ ਰਹੀ ਹੈ। ਇਕੱਲੇ ਪਿਛਲੇ ਸਾਲ ਹੀ ਪਰਥ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਕਿਰਾਏ ਵਧੇ ਹਨ ਅਤੇ ਇਸ ਦੀ ਔਸਤ ਦਰ 20% ਹੈ।



### ਰਿਹਾਇਸ਼ ਸਕੀਮਾਂ ਵੀ ਲੋਕਾਂ ਨੂੰ ਰਾਹਤ ਦੇਣ ਲਈ ਕਾਫੀ ਨਹੀਂ

ਕੁਝ ਦਿਨ ਅਸੀਂ ਸ਼ਹਿਰ ਵਿੱਚ ਸੀ ਅਤੇ ਉੱਥੇ ਹਰ ਕਿਸੇ ਕੋਲ ਸਾਂਝੀ ਕਰਨ ਲਈ ਕਹਾਣੀ ਸੀ। ਹੈਲੀ ਹਾਕਿੰਸ ਮੈਨੂੰ ਦੱਸਦੇ ਹਨ ਕਿ ਉਹ ਅਤੇ ਉਨ੍ਹਾਂ ਦੀ ਧੀ ਟੈਸੀਸ਼ਾ ਲੰਘੇ ਚਾਰ ਸਾਲਾਂ ਤੋਂ ਕਦੇ ਕਿਸੇ ਰਿਸ਼ਤੇਦਾਰ ਦੇ ਘਰ ਅਤੇ ਕਦੇ ਕਿਸੇ ਦੋਸਤ ਦੇ ਘਰ ਰਹਿੰਦੇ ਹਨ ਅਤੇ ਜ਼ਿਆਦਾਤਰ ਵਕਤ ਤਾਂ ਟੈਂਟ ਵਿੱਚ ਬਿਤਾਉਂਦੇ ਹਨ। ਉਹ ਸਮਾਜਿਕ ਰਿਹਾਇਸ਼ ਸਕੀਮ ਦੇ ਯੋਗ ਹਨ ਪਰ ਲਿਸਟ ਲੰਬੀ ਹੋਣ ਕਰਕੇ ਕਈ ਸਾਲ ਇੰਤਜ਼ਾਰ ਕਰਨਾ ਪਵੇਗਾ। ਹੰਝੂ ਰੋਕਣ ਦੀ ਕੋਸ਼ਿਸ਼ ਕਰਦੇ ਹੋਏ ਉਹ ਕਹਿੰਦੇ ਹਨ,"ਇੱਕ ਹਫ਼ਤੇ, ਮੇਰੇ ਕੋਲ ਕਾਫ਼ੀ ਪੈਸੇ ਹੋਣਗੇ ਅਤੇ ਮੈਂ ਆਪਣੇ ਆਪ ਨੂੰ ਅਤੇ ਆਪਣੀ ਧੀ ਦੋਵਾਂ ਨੂੰ ਖਾਣਾ ਖਵਾਉਣ ਅਤੇ ਰਿਹਾਇਸ਼ ਹਾਸਿਲ ਕਰਨ ਦੇ ਕਾਬਿਲ ਹੋਵਾਂਗੀ"।

"ਨਹੀਂ ਤਾਂ, ਇਹ ਦੋਸਤਾਂ, ਪਰਿਵਾਰ ਜਾਂ ਕਿਸੇ ਵੀ ਵਿਅਕਤੀ ਤੋਂ ਪੈਸੇ ਮੰਗਣੇ ਪੈਂਦੇ ਹਨ, ਜਾਂ ਜੋ ਵੀ ਮਦਦ ਕਰਨ ਲਈ ਤਿਆਰ ਹੈ।" ਸੇਂਟ ਪੈਟ੍ਰਿਕ ਦੇ ਕਮਿਊਨਿਟੀ ਸਪੋਰਟ ਸੈਂਟਰ ਦੇ ਮੁਖੀ ਮਾਈਕਲ ਪੀਊ ਦਾ ਕਹਿਣਾ ਹੈ ਕਿ ਜੀਵਨ ਦੇ ਹਰ ਵਰਗ ਦੇ ਲੋਕਾਂ ਨੂੰ ਦੇਖਦੇ ਹਨ, ਇਨ੍ਹਾਂ ਵਿੱਚ ਜਵਾਨ ਅਤੇ ਬੁੱਢੇ ਵੀ ਹਨ, ਕੰਮ ਕਰਨ ਵਾਲੇ ਪਰਿਵਾਰ ਅਤੇ ਇਕੱਲੇ ਸ਼ਖ਼ਸ ਵੀ ਹਨ। ਉਹ ਕਹਿੰਦੇ ਹਨ, "ਇੱਕ ਕਾਰਨ ਵੀ ਲੋਕਾਂ ਨੂੰ ਬੇਘਰ ਹੋਣ ਵੱਲ ਧੱਕ ਸਕਦਾ ਹੈ ਅਤੇ ਉਨ੍ਹਾਂ ਲਈ ਅਸਲ ਵਿੱਚ ਬਹੁਤ ਘੱਟ ਬਦਲ ਹਨ,ਉਹ ਨਹੀਂ ਜਾਣਦੇ ਕਿ ਕਿੱਥੋਂ ਸ਼ੁਰੂ ਕਰਨਾ ਹੈ।"

### ਕੀ ਰਿਹਾਇਸ਼ ਹੋਣਾ 'ਮਨੁੱਖੀ ਹੱਕ' ਹੈ?

ਰਿਹਾਇਸ਼ੀ ਸੰਕਟ ਇੱਕ ਕੌਮੀ ਗੱਲਬਾਤ ਦਾ ਕੇਂਦਰ ਬਣਿਆ ਹੋਇਆ ਹੈ ਅਤੇ ਇਹ ਦੇਸ਼ ਦੀਆਂ ਸੰਸਦਾਂ ਦੇ ਲਈ ਵੀ ਕੋਈ ਵੱਖਰਾ ਮੁੱਦਾ ਨਹੀਂ ਹੈ। ਪੱਛਮੀ ਆਸਟ੍ਰੇਲੀਆ ਰਾਜ ਦੀ ਸੰਸਦ ਦੇ ਮੈਂਬਰ ਵਿਲਸਨ ਟਕਰ ਦੇ ਹਾਲ ਹੀ ਵਿੱਚ "ਬੇਘਰ" ਸਿਆਸਤਦਾਨ ਦੀਆਂ ਸੁਰਖੀਆਂ ਬਣੀਆਂ। ਉਨ੍ਹਾਂ ਨੂੰ ਘਰੋਂ ਕੱਢ ਦਿੱਤਾ ਗਿਆ ਸੀ,ਹਾਲਾਂਕਿ ਉਹ ਖਾਨਾਬਦੋਸ਼ ਸ਼ਬਦ ਨੂੰ ਤਰਜੀਹ ਦਿੰਦੇ ਹਨ। ਰਾਸ਼ਟਰੀ ਔਸਤ ਨਾਲੋਂ ਲਗਭਗ ਦੁੱਗਣੀ ਤਨਖ਼ਾਹ ਹੋਣ ਦੇ ਬਾਵਜੂਦ ਵੀ ਉਹ ਕਿਤੇ ਹੋਰ ਘਰ ਨਹੀਂ ਲੱਭ ਸਕੇ। ਹਾਲਾਂਕਿ ਵਿਲਸਨ ਟਕਰ ਨੇ ਸ਼ੁਰੂ ਵਿੱਚ ਜਿਸ ਗੱਲ ਦਾ ਜ਼ਿਕਰ ਨਹੀਂ ਕੀਤਾ ਉਹ ਇਹ ਸੀ ਕਿ ਉਹ ਇੱਕ ਮਕਾਨ ਮਾਲਕ ਵੀ ਹੈ।

ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਪਹਿਲਾਂ ਹੀ ਉੱਥੇ ਰਹਿ ਰਹੇ ਕਿਰਾਏਦਾਰਾਂ ਦੇ ਨਾਲ ਘਰ ਖਰੀਦਿਆ ਸੀ ਅਤੇ ਉਹ ਉਨ੍ਹਾਂ ਨੂੰ "ਰੈੱਡ ਹਾਟ" ਪ੍ਰਾਪਰਟੀ ਮਾਰਕੀਟ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਸਨ। ਇਸ ਲਈ ਹੁਣ, ਜਦੋਂ ਸੰਸਦ ਦਾ ਇਜਲਾਸ ਹੁੰਦਾ ਹੈ ਤਾਂ, ਮਿਸਟਰ ਟਕਰ ਹੋਟਲਾਂ ਵਿੱਚ ਠਹਿਰਦੇ ਹਨ। ਬਾਕੀ ਸਮਾਂ ਉਹ ਆਪਣੇ 4ਣ4 ਅਤੇ ਛੱਤ ਵਾਲੇ ਤੰਬੂ ਵਿੱਚ ਸੜਕ 'ਤੇ ਰਹਿੰਦੇ ਹਨ। ਉਨ੍ਹਾਂ ਨੇ ਬੀਬੀਸੀ ਨੂੰ ਕਿਹਾ ,"ਪਰ ਉੱਥੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਕੋਲ ਇਹ ਵਿਸ਼ੇਸ਼ ਅਧਿਕਾਰ ਨਹੀਂ ਹੈ ਅਤੇ ਇਨ੍ਹਾਂ ਨੇ ਥੋੜੀਆ ਜਾਇਦਾਦਾਂ ਲਈ ਲੜਨ ਲਈ ਅਸਤੀਫਾ ਦੇ ਦਿੱਤਾ ਹੈ।"

### ਸਾਂਸਦ ਨੂੰ ਵੀ ਰਹਿਣਾ ਪੈਂਦਾ ਟੈਂਟ ਵਿੱਚ

ਫੈਡਰਲ ਪਾਰਲੀਮੈਂਟ ਵਿੱਚ ਰਿਹਾਇਸ਼ ਦੀ ਘਾਟ ਵੀ ਏਜੰਡੇ 'ਤੇ ਰਹੀ ਹੈ, ਜਿੱਥੇ ਸੰਸਦ ਮੈਂਬਰ ਇਸ ਨੂੰ ਕਾਨੂੰਨੀ ਤੌਰ 'ਤੇ ਸੁਰੱਖਿਅਤ ਮਨੁੱਖੀ ਅਧਿਕਾਰ ਬਣਾਉਣ 'ਤੇ ਵਿਚਾਰ ਕਰ ਰਹੇ ਹਨ। ਦੋ ਆਜ਼ਾਦ ਸੰਸਦ ਮੈਂਬਰਾਂ ਨੇ ਆਸਟ੍ਰੇਲੀਅਨ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਕਾਲਤ ਕੀਤੇ ਜਾਣ ਬਾਅਦ ਇਸ ਮੁੱਦੇ 'ਤੇ ਇੱਕ ਬਿੱਲ ਪੇਸ਼ ਕੀਤਾ ਪਰ ਸਰਕਾਰੀ ਸਹਾਇਤਾ ਤੋਂ ਬਿਨਾਂ ਇਸ ਦੇ ਪਾਸ ਹੋਣ ਦੀ ਸੰਭਾਵਨਾ ਨਹੀਂ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਇਸ ਸਾਲ ਦੇ ਬਜਟ ਵਿੱਚ ਨਵੇਂ ਘਰਾਂ ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ,ਕਿਰਾਏ ਲਈ ਸਬਸਿਡੀਜ਼ ਦੇਣ ਅਤੇ ਸਮਾਜਿਕ ਅਤੇ ਕਿਫਾਇਤੀ ਰਿਹਾਇਸ਼ਾਂ ਦੇ ਪੂਲ ਨੂੰ ਵਧਾਉਣ ਲਈ ਮਾਲੀ ਮਦਦ ਦਾ ਐਲਾਨ ਕੀਤਾ ਹੈ। ਰਾਜਾਂ ਵਿੱਚ ਵੀ ਬਹੁਤ ਸਰਗਰਮੀਆਂ ਵਿੱਢੀਆ ਗਈਆਂ ਹਨ ਜਿਸ ਕਰਕੇ ਉਮੀਦ ਹੈ ਕਿ ਤਣਾਅ ਨੂੰ ਘੱਟ ਕੀਤਾ ਜਾਵੇਗਾ। ਪਰ ਬੇਘਰਿਆਂ ਦੀ ਮਦਦ ਵਾਲੀਆਂ ਸੰਸਥਾਵਾਂ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਵਾਧੂ ਮਦਦ ਦੀ ਦੁਹਾਈ ਦੇ ਰਹੀਆਂ ਹਨ। ਵਕੀਲ ਕਹਿੰਦੇ ਹਨ ਕਿ ਕਿ ਨਿਵੇਸ਼ਕਾਂ ਲਈ ਮੁਨਾਫਾ ਟੈਕਸ ਰਿਆਇਤਾਂ ਨੂੰ ਖ਼ਤਮ ਕਰਨਾ ਜਾਂ ਕਿਰਾਏਦਾਰਾਂ ਲਈ ਸੁਰੱਖਿਆ ਵਧਾਉਣਾ ਵਰਗੇ ਹੋਰ ਜ਼ਰੂਰੀ ਸੁਧਾਰਾਂ ਦੀ ਲੋੜ ਹੈ।



### ਕਿਰਾਏ ਅਤੇ ਘਰਾਂ ਦੀ ਕੀਮਤ ਵਧਣ ਪਿੱਛੇ ਕੀ ਹੈ ਕਾਰਨ

ਮਕਾਨ ਮਾਲਕਾਂ ਵੱਲੋਂ ਅਜਿਹੇ ਸਮੇਂ 'ਤੇ ਕਿਰਾਏ ਵਧਾਉਣ ਲਈ ਆਲੋਚਨਾ ਵੀ ਹੋ ਰਹੀ ਹੈ । ਜਦੋਂ ਲੋਕ ਮਾੜੇ ਹਾਲ ਵਿੱਚ ਰਹੇ ਹਨ - ਅਤੇ ਵਾਧੇ ਨੂੰ ਕਾਬੂ ਕਰਨ ਅਤੇ ਉਨ੍ਹਾਂ ਕਾਰਨਾਂ ਨੂੰ ਸੀਮਤ ਕਰਨ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਹਨ । ਜਿਨ੍ਹਾਂ ਲਈ ਮਕਾਨ ਮਾਲਕ ਕਿਰਾਏਦਾਰ ਨੂੰ ਬੇਦਖਲ ਕਰ ਸਕਦਾ ਹੈ। ਪਰ ਪ੍ਰਾਪਰਟੀ ਇੰਡਸਟਰੀ ਦਾ ਕਹਿਣਾ ਹੈ ਕਿ ਮਕਾਨ ਮਾਲਕਾਂ ਨੂੰ ਵੀ ਨੁਕਸਾਨ ਹੋ ਰਿਹਾ ਹੈ। ਆਸਟ੍ਰੇਲੀਆ ਦੇ ਇਤਿਹਾਸ ਵਿੱਚ 2022 ਦੇ ਮਈ ਮਹੀਨੇ ਵਿੱਚ ਅਜਿਹਾ ਹੋਇਆ ਕਿ ਵਿਆਜ ਦਰਾਂ ਤੇਜ਼ੀ ਨਾਲ ਵਧਣੀਆਂ ਸ਼ੁਰੂ ਹੋਈਆਂ ਅਤੇ 18 ਮਹੀਨਿਆਂ ਵਿੱਚ ਬਹੁਤ ਵਾਧਾ ਹੋਇਆ। ਪੱਛਮੀ ਆਸਟ੍ਰੇਲੀਆ ਦੇ ਰੀਅਲ ਅਸਟੇਟ ਇੰਸਟੀਚਿਊਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੈਥ ਹਾਰਟ ਨੇ ਕਿਹਾ,"ਜ਼ਿਆਦਾਤਰ ਲੋਕਾਂ ਕੋਲ ਨਿਵੇਸ਼ ਕਰਨ ਲਈ ਸਿਰਫ਼ ਇੱਕ ਜਾਇਦਾਦ ਹੈ ਅਤੇ ਉਨ੍ਹਾਂ ਨੇ ਆਪਣੇ ਕਿਰਾਏ ਦੀ ਅਦਾਇਗੀ ਵੀ 50% ਤੱਕ ਕੀਤੀ ਹੈ।"

ਉਹ ਕਹਿੰਦੇ ਹਨ ਕਿ ਹਾਲਾਤ ਪਹਿਲਾਂ ਹੀ ਕਾਫ਼ੀ ਮੁਸ਼ਕਲ ਹਨ ਅਤੇ ਮਹਾਂਮਾਰੀ ਨੇ ਦਿਖਾਇਆ ਹੈ ਕਿ ਕਿਰਾਏ ਵਿੱਚ ਵਾਧਾ ਜਾਂ ਕਿਰਾਏਦਾਰ ਨੂੰ ਘਰੋਂ ਕੱਢਣ ਵਰਗੇ ਉਪਾਅ ਮਕਾਨ ਮਾਲਕਾਂ ਨੂੰ ਕਿਰਾਏ ਦੀ ਮਾਰਕੀਟ ਤੋਂ ਬਾਹਰ ਧੱਕਦੇ ਹਨ। "ਅਸੀਂ ਕੋਵਿਡ ਦੌਰਾਨ ਕੀ ਦੇਖਿਆ,ਕਿ 20 ਹਜ਼ਾਰ ਤੋਂ ਵੀ ਘੱਟ ਘਰ ਕਿਰਾਏ ਲਈ ਉਪਲਬਧ ਸਨ ਕਿਉਂਕਿ ਨਿਵੇਸ਼ਕ ਕਹਿੰਦੇ ਸਨ- 'ਤੁਸੀਂ ਜਾਣਦੇ ਹੋ? ਇਹ ਬਹੁਤ ਔਖਾ ਹੈ।" ਇਸ ਦੌਰਾਨ ਹਰ ਰਾਤ ਵੱਖ-ਵੱਖ ਚੈਰਿਟੀਆਂ ਵਾਰੀ-ਵਾਰੀ ਉਨ੍ਹਾਂ ਨੂੰ ਮਦਦ ਦੀ ਪੇਸ਼ਕਸ਼ ਕਰਦੀਆਂ ਹਨ ਜੋ ਇਹ ਚਾਹੁੰਦੇ ਹਨ। ਜਿਵੇਂ ਹੀ ਸ਼ਾਮ ਪੈ ਜਾਂਦੀ ਹੈ ਅਤੇ ਮੁਸਾਫਰ ਪਰਥ ਦੇ ਕੇਂਦਰ ਵਿੱਚ ਆਪਣੀਆਂ ਚਮਕਦਾਰ ਦਫ਼ਤਰੀ ਇਮਾਰਤਾਂ ਤੋਂ ਬਾਹਰ ਨਿਕਲਦੇ ਹਨ। ਉਨ੍ਹਾਂ ਲੋਕਾਂ ਦੀ ਭੀੜ ਜਿਨ੍ਹਾਂ ਕੋਲ ਕਿਤੇ ਜਾਣ ਦੀ ਥਾਂ ਨਹੀਂ ਹੁੰਦੀ ਉਹ ਰੇਲਵੇ ਪਟੜੀਆਂ ਦੇ ਕੋਲ ਇੱਕ ਚੌਕ ਵਿੱਚ ਇਕੱਠੀ ਹੋ ਜਾਂਦੀ ਹੈ। ਆਸਟ੍ਰੇਲੀਅਨ ਵਿੱਚ ਹੁਣ ਠੰਡ ਸ਼ੁਰੂ ਹੋ ਰਹੀ ਹੈ,ਇਹ ਕੱਪੜੇ ਦਾਨ ਹਨ ਜੋ ਸਭ ਤੋਂ ਵੱਧ ਭੜਕਾਹਟ ਪੈਦਾ ਕਰ ਰਹੇ ਹਨ। ਸੁਪਰ ਮਾਰਕੀਟ ਖਾਣਾ ਦਾਨ ਕਰਦੇ ਹਨ, ਇੱਥੇ ਕੱਪੜੇ ਧੋਣ ਦੀ ਸੇਵਾ ਵੀ ਹੈ ਅਤੇ ਇੱਕ ਹੇਅਰ ਡ੍ਰੈਸਰ ਹੈ। ਬਾਹਰ ਧਾਰਮਿਕ ਨੇਤਾ ਵੀ ਹਨ ਜੋ ਖਾਣਾ ਮੁਹੱਈਆ ਕਰਵਾਉਂਦੇ ਹਨ ।

### ਬੇਘਰ ਹੋਣ ਦਾ ਦੁੱਖ ਝੱਲ ਚੁੱਕੇ ਲੋਕ ਲੋੜਵੰਦਾਂ ਦੀ ਮਦਦ ਵੀ ਕਰ ਰਹੇ


ਮਿਸ਼ੇਲ ਰੰਬੋਲਡ ਉਨ੍ਹਾਂ ਦੀ ਮਦਦ ਲਈ ਸ਼ਾਮਲ ਹੋਏ ਹਨ। ਕੁਝ ਮਹੀਨੇ ਪਹਿਲਾਂ ਤੱਕ ਉਹ ਮਦਦ ਹਾਸਲ ਕਰਨ ਵਾਲਿਆਂ ਵਿੱਚੋਂ ਸਨ। ਉਹ ਇੱਕ ਰਜਿਸਟਰਡ ਨਰਸ ਹਨ,ਜਿਨ੍ਹਾਂ ਨੂੰ ਜਦੋਂ ਬੇਦਖ਼ਲ ਕੀਤਾ ਗਿਆ ਤਾਂ ਉਨ੍ਹਾਂ ਕੋਲ ਕੋਈ ਹੋਰ ਚਾਰਾ ਨਾ ਬਚਿਆ ਕਿਉਂਕਿ ਉਨ੍ਹਾਂ ਦੀ ਕਾਰ ਵੀ ਭੰਨੀ ਗਈ ਸੀ। ਮਿਸ਼ੇਲ ਕਹਿੰਦੇ ਹਨ, "ਮੈਂ ਪੂਰੀ ਤਰ੍ਹਾਂ ਆਪਣੀ ਨੌਕਰੀ ਗੁਆ ਲਈ ਕਿਉਂਕਿ ਮੇਰੇ ਕੋਲ ਰਿਹਾਇਸ਼ ਨਹੀਂ ਸੀ ਅਤੇ ਮੇਰੇ ਕੋਲ ਕਾਰ ਵੀ ਨਹੀਂ ਸੀ। "ਮੈਨੂੰ ਲੱਗਦਾ ਹੈ ਕਿ ਲੋਕਾਂ ਨੂੰ ਅਸਲ ਵਿੱਚ ਇਹ ਮਹਿਸੂਸ ਕਰਨ ਵਿੱਚ ਕੁਝ ਸਮਾਂ ਲੱਗਿਆ ਕਿ ਮੈਂ ਬੇਘਰ ਹਾਂ, ਕਿਉਂਕਿ ਮੈਂ ਬੇਘਰ ਨਹੀਂ ਲੱਗ ਰਹੀ ਸੀ। "ਹੌਲੀ-ਹੌਲੀ ਸਮੇਂ ਦੇ ਨਾਲ ਤੁਸੀਂ ਸੜਕ ਦੇ ਇੰਨੇ ਆਦੀ ਹੋ ਜਾਂਦੇ ਹੋ ਕਿ ਤੁਸੀਂ ਆਪਣੇ ਆਪ ਨੂੰ ਗੁਆ ਲੈਂਦੇ ਹੋ।"


ਮਿਸ਼ੇਲ ਆਰਜ਼ੀ ਰਿਹਾਇਸ਼ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੇ ਹਨ ਅਤੇ ਉਹ ਹੁਣ ਨੂੰ ਕੰਮ ਮਿਲਣ ਦੇ ਬਾਅਦ ਆਪਣੇ ਪੈਰਾਂ 'ਤੇ ਵਾਪਸ ਖੜੇ ਹੋ ਗਏ ਹਨ । ਪਰ ਉਹ ਅਜੇ ਵੀ ਇੱਥੇ ਵਾਪਸ ਆਉਣਾ ਅਤੇ ਮਦਦ ਕਰਨਾ ਪਸੰਦ ਕਰਦੇ ਹਨ। ਉਹ ਕਹਿੰਦੇ ਹਨ,"ਇੱਕ ਵਾਰ ਜਦੋਂ ਤੁਸੀਂ ਇੱਥੇ ਆ ਜਾਂਦੇ ਹੋ ਤਾਂ ਇਸ ਥਾਂ ਨੂੰ ਛੱਡਣਾ ਔਖਾ ਹੈ ਅਤੇ ਇਹ ਕਹਿਣਾ ਬਹੁਤ ਅਜੀਬ ਗੱਲ ਹੈ ਪਰ ਇੱਥੇ ਲੋਕ ਤੁਹਾਡਾ ਪਰਿਵਾਰ ਬਣ ਜਾਂਦਾ ਹੈ।" ਮੈਰੀ ਲਈ ਇਕੱਲਤਾ ਹੈ ਜੋ ਉਸਨੂੰ ਸਭ ਤੋਂ ਵੱਧ ਪਰੇਸ਼ਾਨ ਕਰਦੀ ਹੈ। ਉਹ ਕਹਿੰਦੇ ਹਨ,"ਤੁਹਾਡੇ ਕੋਲ ਕੋਈ ਟੀਵੀ ਨਹੀਂ ਹੈ, ਨਾ ਹੀ ਕੋਈ ਗੁਆਂਢੀ ਹੈ। "ਲੋਕ ਅਕਸਰ ਤੁਹਾਨੂੰ ਟੇਢਾ ਤੱਕਦੇ ਹਨ ਅਤੇ ਸੋਚਦੇ ਹਨ,'ਹਏ ਰੱਬਾ, ਇੱਕ ਹੋਰ ਨਹੀਂ' ਅਤੇ ਫਿਰ ਚਲੇ ਜਾਂਦੇ ਹਨ।

# ਬੋਲਣ-ਸੁਣਨ ਤੋਂ ਅਸਮਰਥ ਯਸ਼ਵੀਰ ਦੀਆਂ ਪ੍ਰਾਪਤੀਆਂ ਦੀ ਚਰਚਾ ਕੈਨੇਡਾ ਦੇ ਸਿਆਸੀ ਗਲਿਆਰਿਆਂ ਤੀਕ ਪੁੱਜੀ

## ਕੈਨੇਡਾ ਦੇ ਬੀ. ਸੀ. ਸੂਬੇ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਨੇ ਜਨਮ ਦਿਨ 'ਤੇ ਦਿੱਤੀਆਂ ਸ਼ੁਭ ਕਾਮਨਾਵਾਂ!

ਵੈਨਕੂਵਰ, (ਮਲਕੀਤ ਸਿੰਘ)- ਪੰਜਾਬ ਦੇ ਮਾਲਵਾ ਖੇਤਰ ਦੇ ਬਠਿੰਡਾ ਸ਼ਹਿਰ ਨਾਲ ਸਬੰਧਿਤ ਅਤੇ ਬਚਪਨ ਤੋਂ ਹੀ ਬੋਲਣ-ਸੁਣਨ ਤੋਂ ਅਸਮਰੱਥ ਪੰਜਾਬੀ ਨੌਜਵਾਨ ਵੱਲੋਂ ਸਿੱਖਿਆ, ਖੇਡਾਂ ਅਤੇ ਹੋਰਨਾਂ ਖੇਤਰਾਂ 'ਚ ਲਗਾਤਾਰ ਹਾਸਲ ਕੀਤੀਆਂ ਜਾ ਰਹੀਆਂ ਸ਼ਲਾਘਾਯੋਗ ਪ੍ਰਾਪਤੀਆਂ ਦੀ ਚਰਚਾ ਹੁਣ ਕੈਨੇਡਾ ਜਿਹੇ ਵਿਕਸਿਤ ਦੇਸ਼ਾਂ ਦੇ ਸਿਆਸੀ ਗਲਿਆਰਿਆਂ ਤੀਕ ਵੀ ਅੱਪੜ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਜਮਾਂਦਰੂ ਤੌਰ 'ਤੇ ਬੋਲਣ ਅਤੇ ਸੁਣਨ ਦੀ ਕੁਦਰਤੀ ਪ੍ਰਾਪਤੀ ਤੋਂ ਵਾਂਝੇ ਯਸ਼ਵੀਰ ਨਾਂ ਦੇ ਇਸ ਹੋਣਹਾਰ ਨੌਜਵਾਨ ਅਤੇ ਇਸਦੇ ਮਾਪਿਆਂ ਨੇ ਸਰੀਰਿਕ ਕਮੀਆਂ ਨੂੰ ਆਪਣੇ ਮਨੋਬਲ 'ਤੇ ਕਦੀ ਹਾਵੀ ਨਹੀਂ ਹੋਣ ਦਿੱਤਾ, ਸਗੋਂ ਆਪਣੇ ਦ੍ਰਿੜ ਇਰਾਦਿਆਂ ਅਤੇ ਅਗਾਂਹਵਧੂ ਸੋਚ ਸਦਕਾ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਕੁਝ ਹੋਰ ਖੇਤਰਾਂ 'ਚ ਨਿੱਤ ਨਵੇਂ ਝੰਡੇ ਗੱਡ ਕੇ ਆਪਣੇ ਵਰਗੇ ਕੁਝ ਹੋਰ ਅਪਾਹਿਜ਼ ਇਨਸਾਨਾਂ ਲਈ ਇਕ ਵੱਖਰੇ ਹੌਂਸਲੇ ਵਾਲੀ ਪਿਰਤ ਕਾਇਮ ਕਰਨ ਦੀ ਮਿਸਾਲ ਪੈਦਾ ਕਰ ਵਿਖਾਈ ਹੈ।






ਬਚਪਨ ਤੋਂ ਆਪਣੀਆਂ ਇਨ੍ਹਾਂ ਸਰੀਰਿਕ ਕਮੀਆਂ ਦੇ ਬਾਵਜੂਦ ਤੇਜ਼-ਤਰਾਰ ਬੁੱਧੀ ਦੇ ਮਾਲਕ ਯਸ਼ਵੀਰ ਨੇ ਮੈਟ੍ਰਿਕ ਅਤੇ ਬਾਰਵੀਂ ਜਮਾਤ ਦੀ ਪ੍ਰੀਖਿਆ ਸਿਖ਼ਰਲੇ ਅੰਕਾਂ ਨਾਲ ਪਾਸ ਕਰਨ ਉਪਰੰਤ ਆਪਣੇ ਸੰਘਰਸ਼ਮਈ ਜੀਵਨ ਦੀਆਂ ਔਂਕੜਾਂ ਦੇ ਬਾਵਜੂਦ ਤਰੱਕੀ ਦੀਆਂ ਮੰਜਿਲਾਂ ਸਰ ਕਰਦਿਆਂ ਬੁਲੰਦੀਆਂ ਵੱਲ ਵੱਧਣਾ ਜਾਰੀ ਰੱਖਿਆ।

ਅਜਿਹੀਆਂ ਪ੍ਰਾਪਤੀਆਂ ਸਦਕਾ ਹੀ ਯਸ਼ਵੀਰ ਗੋਇਲ ਨੂੰ ਸਾਲ-2019 'ਚ ਤੱਤਕਾਲੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਰਾਸ਼ਟਰਪਤੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਵੱਲੋਂ ਯਸ਼ਵੀਰ ਗੋਇਲ ਨੂੰ ਉਸਦੇ ਜਨਮ ਦਿਨ 'ਤੇ ਸੂਬਾਈ ਸਰਕਾਰ ਵੱਲੋਂ ਪ੍ਰਸੰਸਾ ਪੱਤਰ ਭੇਜ ਕੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ ਹਨ।

*ਤਸਵੀਰਾਂ ਵਿਚ ਬੀ. ਸੀ. (ਕੈਨੇਡਾ) ਦੀ ਸਿੱਖਿਆ ਮੰਤਰੀ ਰਚਨਾ ਸਿੰਘ ਅਤੇ ਹੋਣਹਾਰ ਨੌਜਵਾਨ ਯਸ਼ਵੀਰ ਗੋਇਲ।*

# ਜੰਮੂ-ਕਸ਼ਮੀਰ ਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦਾ ਬਿਗਲ



ਵਰਿੰਦਰ ਸਿੰਘ ਵਾਲੀਆ

ਭਾਰਤੀ ਚੋਣ ਕਮਿਸ਼ਨ ਨੇ ਜੰਮੂ-ਕਸ਼ਮੀਰ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਜੰਮੂ-ਕਸ਼ਮੀਰ ਵਿਚ ਜਮਹੂਰੀਅਤ ਨੇ ਇਕ ਦਹਾਕੇ ਬਾਅਦ ਮੁੜ ਦਸਤਕ ਦਿੱਤੀ ਹੈ। ਪੰਜ ਅਗਸਤ 2019 ਨੂੰ ਧਾਰਾ 370 ਹਟਾਏ ਜਾਣ ਤੋਂ ਬਾਅਦ 'ਧਰਤੀ ਦਾ ਸਵਰਗ' ਮੰਨੀ ਜਾਂਦੀ ਕਸ਼ਮੀਰ ਵਾਦੀ ਵਿਚ ਇਹ ਪਹਿਲੀਆਂ ਵਿਧਾਨ ਸਭਾ ਚੋਣਾਂ ਹਨ। ਕਸ਼ਮੀਰ ਵਿਚ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਵਕ ਢੰਗ ਨਾਲ ਚੋਣਾਂ ਨੇਪਰੇ ਚੜ੍ਹਾਉਣੀਆਂ ਵੱਡੀ ਚੁਣੌਤੀ ਹੈ। ਪਿਛਲੇ ਲੰਬੇ ਸਮੇਂ ਤੋਂ ਜੰਮੂ-ਕਸ਼ਮੀਰ ਅੱਗ ਹਵਾਲੇ ਹੈ। ਖ਼ੂਨ ਵਿਚ ਲੱਥਪਥ ਇਹ ਜੰਨਤ ਸਿਆਸੀ ਅਸਥਿਰਤਾ ਦੀ ਸ਼ਿਕਾਰ ਹੈ। ਪੀੜਤਾਂ ਦੀ ਪੀੜਾ ਦੀ ਥਾਹ ਪਾਉਣੀ ਵੱਸੋਂ ਬਾਹਰ ਹੈ। ਅਜਿਹੇ ਹਾਲਾਤ ਵਿਚ ਚੋਣਾਂ ਨਾਲੋਂ ਅਵਾਮ ਦੇ ਦਿਲ ਜਿੱਤਣੇ ਵੱਧ ਅਹਿਮੀਅਤ ਰੱਖਦਾ ਹੈ। ਇਹ ਉਹ ਵਾਦੀ ਹੈ ਜਿੱਥੇ ਮੌਤ ਜਿੱਤਦੀ ਤੇ ਜ਼ਿੰਦਗੀ ਹਾਰਦੀ ਆਈ ਹੈ।

ਕਸ਼ਮੀਰ ਦੀਆਂ ਕੁਆਰੀਆਂ ਗਗਨ-ਚੁੰਬੀ ਪਹਾੜੀਆਂ 'ਤੇ ਪਹਿਲੀ ਵਾਰ ਅਸ਼ੋਕਾ ਦੇ ਸਮੇਂ ਸ਼ਾਹੀ ਰਾਜ ਦੀਆਂ ਜੜ੍ਹਾਂ ਲੱਗੀਆਂ ਸਨ। ਬਰਫ਼ ਨਾਲ ਲੱਦੀਆਂ ਟੀਸੀਆਂ 'ਤੇ ਬੋਧੀ ਭਿਕਸ਼ੂਆਂ ਨੇ ਸੰਦਲੀ ਪੈੜਾਂ ਪਾਈਆਂ। ਇਹੀ ਪੈੜਾਂ ਤਿੱਬਤ ਤੇ ਚੀਨ ਦੀਆਂ ਟੀਸੀਆਂ ਤੱਕ ਵੀ ਗਈਆਂ। ਬੁੱਧ-ਸਤੂਪਾਂ ਦੀ ਨਿਸ਼ਾਨਦੇਹੀ ਇਸ ਦੀ ਸ਼ਾਹਦੀ ਭਰਤੀ ਹੈ। ਇਸਲਾਮ ਤੋਂ ਕਿਤੇ ਪਹਿਲਾਂ ਕਸ਼ਮੀਰ ਵਿਚ ਹਿੰਦੂ ਹੁਕਮਰਾਨਾਂ ਦਾ ਰਾਜ ਰਿਹਾ। ਸ਼ੰਕਰਾਚਾਰੀਆ ਲਈ ਵੀ ਇਹ ਵਾਦੀ ਗਿਆਨ ਦਾ ਸਰੋਤ ਰਹੀ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ਾਲ ਰਾਜ ਵੀ ਕਸ਼ਮੀਰ ਤੱਕ ਫੈਲਿਆ ਹੋਇਆ ਸੀ। ਮਹਾਰਾਜੇ ਨੇ ਗੁਲਾਬ ਸਿੰਘ ਡੋਗਰਾ ਨੂੰ ਇਸ ਦੀ ਵਾਗਡੋਰ ਦਿੱਤੀ ਹੋਈ ਸੀ। ਪਹਿਲੀ ਅੰਗਰੇਜ਼-ਸਿੱਖ ਜੰਗ ਵੇਲੇ ਗੁਲਾਬ ਸਿੰਘ ਗੋਰਿਆਂ ਨਾਲ ਮਿਲ ਗਿਆ।

ਬ੍ਰਿਟਿਸ਼ ਸਰਕਾਰ ਨੇ ਜੰਗ ਜਿੱਤਣ ਤੋਂ ਬਾਅਦ ਕਸ਼ਮੀਰ ਗੁਲਾਬ ਸਿੰਘ ਨੂੰ ਤੋਹਫ਼ੇ ਵਜੋਂ ਦੇ ਦਿੱਤਾ ਸੀ। ਦੇਸ਼ ਦੀ ਵੰਡ ਵੇਲੇ ਕਸ਼ਮੀਰ ਦੀ ਹੁਸੀਨ ਵਾਦੀ 'ਚ ਸੇਹੇ ਦਾ ਤਕਲਾ ਗੱਡਿਆ ਗਿਆ। ਦੇਸ਼ ਆਜ਼ਾਦ ਹੋਣ ਦੇ ਕੁਝ ਮਹੀਨਿਆਂ ਤੋਂ ਬਾਅਦ ਨਵੇਂ ਬਣੇ ਪਾਕਿਸਤਾਨ ਦੀ ਫ਼ੌਜ ਦੇ ਇਸ਼ਾਰੇ 'ਤੇ ਕਬਾਇਲੀਆਂ ਨੇ ਵਾਦੀ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ। 'ਆਜ਼ਾਦ ਕਸ਼ਮੀਰ'(ਭਾਰਤ) ਤੇ ਮਕਬੂਜ਼ਾ ਕਸ਼ਮੀਰ ਦਰਮਿਆਨ ਅਕਸਰ ਚਾਂਦਮਾਰੀ ਹੁੰਦੀ ਹੀ ਰਹਿੰਦੀ ਹੈ। ਇਨ੍ਹਾਂ ਵਿਚਲੀ ਲਕੀਰ ਨੇ ਵਾਦੀ ਦੇ ਕਈ ਪਿੰਡਾਂ ਨੂੰ ਤਕਸੀਮ ਕੀਤਾ ਹੋਇਆ ਹੈ। ਮਨਹੂਸ ਲਕੀਰ ਨੇ ਕਈ ਖ਼ੂਨ ਦੇ ਰਿਸ਼ਤੇ ਵੀ ਤਕਸੀਮ ਕਰ ਦਿੱਤੇ ਹਨ। ਕਸ਼ਮੀਰ ਨੂੰ ਲੈ ਕੇ ਸੰਯੁਕਤ ਰਾਸ਼ਟਰ ਵਿਚ ਵੀ ਇਹ ਮੁੱਦਾ ਕਈ ਵਾਰ ਉੱਠਿਆ ਹੈ। ਵੱਖ-ਵੱਖ ਤਹਿਜ਼ੀਬਾਂ ਦਾ ਪੰਘੂੜਾ ਹੋਣ ਕਾਰਨ ਕਸ਼ਮੀਰ ਵਿਚ ਲੰਬਾ ਸਮਾਂ ਪੀਢੀ ਭਾਈਚਾਰਕ ਸਾਂਝ ਰਹੀ ਹੈ। ਮੁਸਲਮਾਨ ਘੁਮਿਆਰ ਆਪਣੇ ਚੱਕ 'ਤੇ ਸ਼ਿਵਲਿੰਗ ਆਦਿ ਬਣਾਉਂਦੇ ਸਨ। ਕੋਈ ਮੇਰ-ਤੇਰ ਨਹੀਂ ਸੀ। ਸਾਂਝੀ ਸੰਸਕ੍ਰਿਤੀ ਨੂੰ ਕਸ਼ਮੀਰੀਅਤ ਦਾ ਨਾਂ ਦਿੱਤਾ ਜਾਂਦਾ।

ਸਾਰੇ ਮਜ਼ਹਬਾਂ ਦੇ ਲੋਕ ਸਾਂਝੇ ਸਾਹ ਲੈਂਦੇ। ਡੋਗਰਾ ਰਾਜਾ ਹਰੀ ਸਿੰਘ ਆਜ਼ਾਦ ਕਸ਼ਮੀਰ ਨੂੰ 'ਪੂਰਬ ਦਾ ਸਵਿਟਜ਼ਰਲੈਂਡ' ਬਣਾਉਣ ਦੇ ਦਾਅਵੇ ਕਰਦਾ ਨਾ ਥੱਕਦਾ। ਮੁਸਲਿਮ ਬਹੁਲਤਾ ਵਾਲੇ ਕਸ਼ਮੀਰ ਵਿਚ ਜਦੋਂ ਹਰੀ ਸਿੰਘ ਮਨਮਾਨੀਆਂ 'ਤੇ ਉਤਰ ਆਇਆ ਤਾਂ ਸ਼ੇਖ ਅਬਦੁੱਲਾ ਨੇ ਉਸ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ। ਰਾਜੇ ਖ਼ਿਲਾਫ਼ ਨਾਫ਼ੁਰਮਾਨੀ ਦੀ ਲਹਿਰ ਵਿੱਢਣ ਕਰਕੇ ਉਸ ਨੂੰ ਅਵਾਮ ਨੇ ਸ਼ੇਰ-ਏ-ਕਸ਼ਮੀਰ ਦਾ ਲਕਬ ਦਿੱਤਾ।



ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਕਰਨ ਵੇਲੇ ਧਾਰਾ 307 ਤਹਿਤ ਵਾਦੀ ਨੂੰ ਵਿਸ਼ੇਸ਼ ਅਧਿਕਾਰ ਮਿਲੇ ਸਨ। ਇਨ੍ਹਾਂ 'ਚੋਂ ਇਕ ਸ਼ਰਤ ਸ਼ੇਖ ਨੂੰ ਦੂਜੇ ਰਾਜਾਂ ਦੇ ਮੁੱਖ ਮੰਤਰੀ ਦੇ ਰੁਤਬੇ ਦੀ ਬਜਾਏ ਕਸ਼ਮੀਰ ਦਾ ਵਜ਼ੀਰ-ਏ-ਆਜ਼ਮ ਮੰਨਣਾ ਸੀ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਅਤੇ ਉਨ੍ਹਾਂ ਦੀ ਬੇਟੀ ਇੰਦਿਰਾ ਗਾਂਧੀ ਦੀਆਂ ਹਕੂਮਤਾਂ ਵੇਲੇ ਧਾਰਾ 370 ਦੀਆਂ ਕਈ ਮਦਾਂ ਨੂੰ ਬਦਲਿਆ ਗਿਆ। ਫ਼ਾਰੂਕ ਦੀ ਨੈਸ਼ਨਲ ਅਸੈਂਬਲੀ ਤੋਂ ਬਾਅਦ ਵਾਦੀ ਵਿਚ ਕਈ ਹੋਰ ਤਨਜ਼ੀਮਾਂ ਬਣੀਆਂ। ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐੱਸਆਈ ਦੀ ਸ਼ਹਿ 'ਤੇ ਕੱਟੜਪੰਥੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ। ਸੰਨ 1988 ਵਿਚ ਕੱਟੜਪੰਥੀਆਂ ਨੇ ਜਦੋਂ ਤਿਰੰਗੇ ਦੀ ਬਜਾਏ ਇਮਾਰਤਾਂ 'ਤੇ ਪਾਕਿਸਤਾਨ ਦੇ ਝੰਡੇ ਲਹਿਰਾਏ ਤਾਂ ਗੱਲ ਹੱਥੋਂ ਨਿਕਲਦੀ ਦਿਸੀ। ਪਾਕਿਸਤਾਨ ਦੇ ਹੱਕ ਵਿਚ ਸ਼ਰੇਆਮ ਨਾਅਰੇਬਾਜ਼ੀ ਨੇ ਮਾਹੌਲ ਨੂੰ ਹੋਰ ਵਿਗਾੜ ਦਿੱਤਾ ਸੀ।

ਕੱਟੜਪੰਥੀਆਂ ਨੇ ਵਾਦੀ ਵਿਚ ਔਰਤਾਂ ਲਈ ਬੁਰਕਾ ਪਾਉਣਾ ਲਾਜ਼ਮੀ ਕਰ ਦਿੱਤਾ। ਬੁਰਕੇ ਤੋਂ ਬਿਨਾਂ ਔਰਤਾਂ ਦੇ ਚਿਹਰੇ ਨੋਚੇ ਜਾਂਦੇ। ਵਾਦੀ ਵਿਚ ਘੱਟ ਗਿਣਤੀਆਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਅੱਲ੍ਹੜ ਨੌਜਵਾਨਾਂ ਦੇ ਫੁੱਲਾਂ ਵਰਗੇ ਨਾਜ਼ੁਕ ਹੱਥਾਂ 'ਚ ਪੱਥਰ ਆ ਗਏ। ਆਈਐੱਸਆਈ ਪੱਥਰਬਾਜ਼ਾਂ ਨੂੰ ਮਾਇਕ ਸਹਾਇਤਾ ਦਿੰਦੀ। ਕਲਮਾਂ ਫੜਨ ਵਾਲੇ ਹੱਥਾਂ ਵਿਚ ਬੰਦੂਕਾਂ ਆ ਗਈਆਂ। ਅਗਨ-ਹਥਿਆਰਾਂ ਨੇ ਹੁਸੀਨ ਵਾਦੀ ਨੂੰ ਲਹੂ-ਲੁਹਾਨ ਕਰ ਦਿੱਤਾ। ਕਸ਼ਮੀਰੀ ਪੰਡਿਤਾਂ ਨੂੰ ਅਗਵਾ ਕਰ ਕੇ ਮੌਤ ਦੇ ਘਾਟ ਉਤਾਰਨਾ, ਉਨ੍ਹਾਂ ਦੀਆਂ ਬਹੂ-ਬੇਟੀਆਂ ਨਾਲ ਬਲਾਤਕਾਰ ਕਰਨੇ ਆਮ ਵਰਤਾਰਾ ਹੋ ਗਿਆ ਸੀ। ਸਾਲਾਂਬੱਧੀ ਇੰਟਰਨੈੱਟ ਬੰਦ ਰਹਿਣ ਕਾਰਨ ਕਸ਼ਮੀਰ ਦੁਨੀਆ ਤੋਂ ਅਲੱਗ-ਥਲੱਗ ਪੈ ਗਿਆ।

ਵਿਕਾਸ ਦਾ ਪਹੀਆ ਰੁਕ ਗਿਆ ਤੇ ਵਿਨਾਸ਼ ਦਾ ਰੱਥ ਤੇਜ਼ ਦੌੜਨ ਲੱਗਾ। ਭਾਰਤੀ ਫ਼ੌਜੀ ਜਵਾਨਾਂ ਤੇ ਅਫ਼ਸਰਾਂ ਨੂੰ ਘਾਤ ਲਗਾ ਕੇ ਸ਼ਹੀਦ ਕਰਨਾ ਆਮ ਗੱਲ ਹੋ ਗਈ। ਤਿਰੰਗੇ ਵਿਚ ਲਿਪਟੇ ਸ਼ਹੀਦ ਘਰਾਂ ਨੂੰ ਪਰਤਦੇ ਤਾਂ ਵੈਣ ਅੰਬਰਾਂ ਦਾ ਸੀਨਾ ਪਾੜਦੇ ਲੱਗਦੇ। ਇਸ ਦੌਰਾਨ ਫ਼ੌਜ ਵੱਲੋਂ ਵੀ ਕਈ ਥਾਈਂ ਵਧੀਕੀਆਂ ਦੇ ਸਮਾਚਾਰ ਮਿਲਦੇ। ਕਣਕ ਨਾਲ ਘੁਣ ਪਿਸਣ ਦੀਆਂ ਦਲੀਲਾਂ ਦਿੱਤੀਆਂ ਜਾਂਦੀਆਂ। ਹਰ ਪਾਸੇ ਬੇਭਰੋਸਗੀ ਦਾ ਆਲਮ ਤਾਰੀ ਹੁੰਦਾ।

ਚੌਦਾਂ ਸਤੰਬਰ 1989 ਨੂੰ ਕਸ਼ਮੀਰੀ ਪੰਡਿਤ ਟਿਕਾ ਲਾਲ ਟਪਲੂ ਦਾ ਬੇਦਰਦੀ ਨਾਲ ਕਤਲ ਹੋਇਆ ਤਾਂ ਘੱਟ ਗਿਣਤੀ ਭਾਈਚਾਰੇ ਨੇ ਕਸ਼ਮੀਰ ਨੂੰ ਅਲਵਿਦਾ ਕਹਿਣ 'ਚ ਗਨੀਮਤ ਸਮਝੀ। ਸਥਾਨਕ ਅਖ਼ਬਾਰਾਂ ਰਾਹੀਂ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ। ਮਸਜਿਦਾਂ ਦੇ ਸਪੀਕਰਾਂ ਤੋਂ ਉਨ੍ਹਾਂ ਖ਼ਿਲਾਫ਼ ਤੱਤੀਆਂ ਤਕਰੀਰਾਂ ਕੀਤੀਆਂ ਜਾਂਦੀਆਂ। ਮਾਲਕ ਮਕਾਨਾਂ ਨੂੰ ਧਮਕਾਇਆ ਜਾਂਦਾ ਕਿ ਜੇ ਉਨ੍ਹਾਂ ਨੇ ਅਲਪ-ਸੰਖਿਅਕਾਂ ਨੂੰ ਕਿਰਾਏ 'ਤੇ ਰੱਖਿਆ ਤਾਂ ਉਨ੍ਹਾਂ ਦੇ ਘਰਾਂ ਨੂੰ ਬੰਬਾਂ ਨਾਲ ਉਡਾ ਦਿੱਤਾ ਜਾਵੇਗਾ। ਇਨਸਾਨ ਨੇ ਹੈਵਾਨ ਦਾ ਰੂਪ ਧਾਰ ਲਿਆ ਸੀ। ਵਿਸਫੋਟਕ ਮਾਹੌਲ ਕਾਰਨ ਡੱਲ ਲੇਕ ਵਿਚ ਖੜ੍ਹੇ ਸ਼ਿਕਾਰੇ ਤੇ ਹਾਊਸ ਬੋਟ ਸੈਲਾਨੀਆਂ ਦੀਆਂ ਰਾਹਾਂ ਤੱਕਦੇ ਰਹੇ। ਆਮ ਕਸ਼ਮੀਰੀ ਗੁਰਬਤ ਦੇ ਪੁੜਾਂ ਵਿਚ ਪੀਸਿਆ ਜਾਣ ਲੱਗਾ। ਜਿਸ ਧਰਤੀ 'ਤੇ ਕੁਦਰਤ ਦੇ ਹਾਸੇ ਡੁੱਲ੍ਹੇ ਸਨ, ਉਸ 'ਤੇ ਵੀਰਾਨੀ ਛਾ ਗਈ। ਕੇਸਰ ਦੇ ਫੁੱਲ ਕੁਮਲਾ ਗਏ। ਗੁਲਫ਼ਾਮ ਕੁਮਲਾਅ ਗਏ। ਚਸ਼ਮੇ, ਨਾਲੇ, ਠੰਢੀਆਂ ਛਾਵਾਂ ਤੇ ਮਿੱਠੀਆਂ ਰੁਮਕਦੀਆਂ ਹਵਾਵਾਂ ਦੇ ਅਰਸ਼ੀ ਨਜ਼ਾਰਿਆਂ ਦਾ ਆਨੰਦ ਮਾਣਨ ਦੇ ਚਾਹਵਾਨ ਕਸ਼ਮੀਰ ਵੱਲ ਆਉਣ ਤੋਂ ਕਤਰਾਉਣ ਲੱਗ ਪਏ ਸਨ। ਜੰਮੂ-ਕਸ਼ਮੀਰ ਵਿਚ ਲੰਬਾ ਸਮਾਂ ਰਾਸ਼ਟਰਪਤੀ ਰਾਜ ਰਿਹਾ ਹੈ।

ਹਰ ਗਲੀ-ਕੂਚੇ 'ਤੇ ਫ਼ੌਜ ਦੀ ਬਾਜ਼ ਅੱਖ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 2014 ਵਿਚ ਹੋਈਆਂ ਸਨ। ਵੀਹ ਦਸੰਬਰ 2018 ਤੋਂ ਉੱਥੇ ਰਾਸ਼ਟਰਪਤੀ ਰਾਜ ਲੱਗਾ ਹੋਇਆ ਹੈ। ਜੰਮੂ-ਕਸ਼ਮੀਰ ਦੇ ਅਵਾਮ ਨੂੰ ਇਨ੍ਹਾਂ ਚੋਣਾਂ ਵੇਲੇ ਬੇਹੱਦ ਸਮਝਦਾਰੀ ਤੋਂ ਕੰਮ ਲੈਣਾ ਪਵੇਗਾ। ਸ਼ਰਾਰਤੀ ਅਨਸਰ ਇਨ੍ਹਾਂ ਚੋਣਾਂ ਵਿਚ ਖਲਲ ਪਾਉਣ ਦੀ ਤਾਕ ਵਿਚ ਹੋਣਗੇ।

ਪਾਕਿਸਤਾਨੀ ਹੁਕਮਰਾਨਾਂ ਲਈ ਕਸ਼ਮੀਰ ਦਾ ਮੁੱਦਾ ਹਮੇਸ਼ਾ ਅਹਿਮ ਹੁੰਦਾ ਹੈ। ਪਾਕਿਸਤਾਨ ਵੱਲੋਂ ਘੁਸਪੈਠ ਕਰ ਕੇ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕਸ਼ਮੀਰ ਦੇ ਮੁੱਦੇ ਨੂੰ ਭੁਨਾ ਕੇ ਪਾਕਿਸਤਾਨ ਵਿਚ ਚੋਣਾਂ ਜਿੱਤੀਆਂ ਤੇ ਹਾਰੀਆਂ ਜਾਂਦੀਆਂ ਹਨ। ਵੈਸੇ ਵੀ ਪਾਕਿਸਤਾਨ 1965, 1971 ਤੇ ਕਾਰਗਿਲ ਦੀਆਂ ਜੰਗਾਂ ਵਿਚ ਹੋਈ ਨਮੋਸ਼ੀਜਨਕ ਹਾਰ ਨੂੰ ਕਦੇ ਨਹੀਂ ਭੁੱਲਦਾ। ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਕਸ਼ਮੀਰ ਦਾ ਅਵਾਮ ਬਿਨਾਂ ਕਿਸੇ ਡਰ-ਭੈਅ ਦੇ ਵੋਟਾਂ ਪਾਵੇ। ਚੋਣਾਂ ਦਾ ਨਤੀਜਾ ਧਾਰਾ 370 ਹਟਾਉਣ ਬਾਰੇ ਲੋਕਾਂ ਅੰਦਰਲੀਆਂ ਭਾਵਨਾਵਾਂ ਨੂੰ ਉਜਾਗਰ ਕਰੇਗਾ। ਨਿਰਪੱਖ ਚੋਣਾਂ ਲੋਕਾਂ ਦਾ ਲੋਕਤੰਤਰ ਵਿਚ ਅਵੱਸ਼ ਭਰੋਸਾ ਪੈਦਾ ਕਰਨਗੀਆਂ। ਵਾਦੀ ਦੀਆਂ ਚੋਣਾਂ ਆਮ ਚੋਣਾਂ ਨਹੀਂ ਹਨ। ਨਤੀਜੇ ਕਿਵੇਂ ਦੇ ਵੀ ਹੋਣ, ਵਾਦੀ ਵਿਚ ਨਿਰਪੱਖ ਤੇ ਸ਼ਾਂਤੀਪੂਰਵਕ ਤਰੀਕੇ ਨਾਲ ਚੋਣਾਂ ਕਰਵਾ ਲੈਣੀਆਂ ਆਪਣੇ-ਆਪ ਵਿਚ ਪ੍ਰਸ਼ਾਸਨ ਦੀ ਵੱਡੀ ਜਿੱਤ ਮੰਨਿਆ ਜਾਵੇਗਾ।

# ਹੋਣ ਵਾਲੇ ਬੱਚੇ ਉੱਤੇ ਪਿਤਾ ਦੀਆਂ ਸ਼ਰਾਬ ਨਾਲ ਜੁੜੀਆਂ ਆਦਤਾਂ ਦਾ ਕੀ ਅਸਰ ਹੁੰਦਾ ਹੈ

ਲੰਬੇ ਸਮੇਂ ਤੋਂ ਹੋਣ ਵਾਲੇ ਬੱਚੇ ਦੀ ਸਿਹਤ ਦੇ ਮੱਦੇ ਨਜ਼ਰ ਗਿਆਨੀਆਂ ਦਾ ਧਿਆਨ ਗਰਭਵਤੀ ਮਾਂ ਦੇ ਖਾਣ-ਪਾਣ ਉੱਤੇ ਹੀ ਕੇਂਦਰਿਤ ਰਿਹਾ ਹੈ। ਪਿਤਾ ਦੀਆਂ ਆਦਤਾਂ ਜ਼ਿਆਦਾਤਰ ਨਜ਼ਰਅੰਦਾਜ਼ ਰਹੀਆਂ ਹਨ। ਲੇਕਿਨ ਹੁਣ ਸ਼ਾਇਦ ਅਜਿਹਾ ਨਹੀਂ ਰਹੇਗਾ। ਪਿਛਲੇ ਲਗਭਗ ਪੰਜਾਹ ਸਾਲ ਤੋਂ ਵਿਗਿਆਨੀਆਂ ਨੇ ਗਰਭਕਾਲ ਦੌਰਾਨ ਸ਼ਰਾਬ ਪੀਣ ਦੇ ਕੁੱਖ ਵਿੱਚ ਪਲ ਰਹੇ ਬੱਚੇ ਦੀ ਸਿਹਤ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਕੀਤਾ ਹੈ। ਹਾਲ ਹੀ ਵਿੱਚ ਹੋਏ ਇੱਕ ਅਧਿਐਨ ਤੋਂ ਉਜਾਗਰ ਹੋਇਆ ਹੈ ਕਿ ਮਾਂ ਦੇ ਹਫ਼ਤੇ ਵਿੱਚ ਇੱਕ ਪੈਗ ਲਾਉਣ ਨਾਲ ਵੀ ਉਸਦੀ ਕੁੱਖ ਵਿੱਚ ਪਲ ਰਹੇ ਬੱਚੇ ਦੇ ਦਿਮਾਗ਼ੀ ਵਿਕਾਸ, ਬੌਧਿਕ ਸ਼ਕਤੀ ਅਤੇ ਵਿਹਾਰ ਤੋਂ ਲੈ ਕੇ ਉਸਦੇ ਚਿਹਰੇ ਦੀ ਬਣਤਰ ਉੱਤੇ ਵੀ ਪੈਂਦਾ ਅਸਰ ਹੈ। ਕਈ ਦਹਾਕਿਆਂ ਤੋਂ ਸਿਹਤ ਮਹਿਕਮੇ ਕਹਿੰਦੇ ਆਏ ਹਨ ਕਿ ਗਰਭਵਤੀ ਔਰਤ ਲਈ ਸ਼ਰਾਬ ਦੀ ਕੋਈ ਵੀ ਸੁਰੱਖਿਅਤ ਮਾਤਰਾ ਨਹੀਂ ਹੋ ਸਕਦੀ।

ਜਨਮ ਤੋਂ ਪਹਿਲਾਂ ਬੱਚੇ ਦੇ ਉਪਰ ਪੈਣ ਵਾਲੇ ਅਸਰਾਂ ਨੂੰ ਨਾ ਸਿਰਫ਼ ਫੇਟਿਲ ਐਲਕੋਹਲ ਸਪੈਕਟਰਮ ਡਿਸਆਰਡਰਾਂ (ਐੱਫਏਐੱਸਡੀ) ਨਾਲ, ਸਗੋਂ ਉਸ ਦੇ ਵਿਹਾਰ, ਬੌਧਿਕਤਾ ਅਤੇ ਸਿੱਖਣ ਸਮੱਸਿਆਵਾਂ, ਜਿਵੇਂ ਕਿ ਦੇਰੀ ਨਾਲ ਬੋਲਣਾ ਸਿੱਖਣ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ। ਉੱਥੇ ਹੀ ਜਿੱਥੇ ਹੋਣ ਵਾਲੇ ਬੱਚੇ ਅਤੇ ਮਾਂ ਦੇ ਸ਼ਰਾਬ ਪੀਣ ਸੰਬੰਧੀ ਖੁੱਲ੍ਹੀ ਖੋਜ ਹੋਈ ਹੈ। ਉੱਥੇ ਹੀ ਪਿਤਾ ਦੀਆਂ ਸ਼ਰਾਬ ਨਾਲ ਜੁੜੀਆਂ ਆਦਤਾਂ ਅਤੇ ਉਨ੍ਹਾਂ ਦੇ ਹੋਣ ਵਾਲੇ ਬੱਚੇ ਉਪਰ ਅਸਰ ਦੇ ਮਾਮਲੇ ਵਿਚ ਅਜੇ ਉਨਾਂ ਕੰਮ ਨਹੀਂ ਹੋਇਆ ਹੈ। ਅਮਰੀਕਾ ਦੀ ਟੈਕਸਾਸ ਏ ਐਂਡ ਐੱਮ ਯੂਨੀਵਰਸਿਟੀ ਵਿੱਚ ਵਿਕਾਸਾਤਮਿਕ ਮਨੋਵਿਗਿਆਨ ਦੇ ਪ੍ਰੋਫੈਸਰ ਮਾਈਕਲ ਗੋਲਡਿੰਗ, ਭਰੂਣ ਦੇ ਵਿਕਾਸ ਉੱਤੇ ਸ਼ਰਾਬ ਦੇ ਅਸਰ ਦਾ ਅਧਿਐਨ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੋਂ ਇਸ ਦਿਸ਼ਾ ਵਿੱਚ ਜ਼ਿਆਦਾਤਰ ਖੋਜ ਮਾਂ-ਕੇਂਦਰਿਤ ਹੀ ਰਹੀ ਹੈ ਅਤੇ ਅਸੀਂ ਪਿਤਾ ਵਾਲੇ ਪਾਸੇ ਜ਼ਿਆਦਾ ਧਿਆਨ ਨਹੀਂ ਦਿੱਤਾ ਹੈ। ਲੇਕਿਨ ਉਨ੍ਹਾਂ ਕੋਲ ਅਜਿਹੀਆਂ ਮਾਵਾਂ ਆਉਂਦੀਆਂ ਰਹੀਆਂ ਹਨ ਜੋ ਕਹਿੰਦੀਆਂ ਸਨ ਕਿ ਮੈਂ 'ਗਰਭਕਾਲ ਦੌਰਾਨ ਕਦੇ ਵੀ ਸ਼ਾਰਬ ਨਹੀਂ ਪੀਤੀ ਜਦਕਿ ਮੇਰਾ ਪੁਰਸ਼ ਸਾਥੀ ਗੰਭੀਰ ਸ਼ਰਾਬੀ ਸੀ, ਅਤੇ ਹੁਣ ਮੇਰੇ ਬੱਚੇ ਨੂੰ ਐੱਫਏਐੱਸਡੀ ਹੈ'।

ਇਹ ਵਿਚਾਰ ਕਿ ਗਰਭ ਠਹਿਰਨ ਤੋਂ ਪਹਿਲਾਂ ਪਿਤਾ ਦੀ ਸ਼ਰਾਬ ਪੀਣ ਦੀ ਆਦਤ ਬੱਚੇ ਉੱਤੇ ਅਸਰ ਪਾ ਸਕਦੀ ਹੈ, ਬਹੁਤ ਅਸਪਸ਼ਟ ਪ੍ਰਤੀਤ ਹੁੰਦਾ ਹੈ। ਲੇਕਿਨ ਨਵੇਂ ਅਧਿਐਨ ਦਰਸਾਉਂਦੇ ਹਨ ਕਿ ਜਿਹੜੇ ਬੱਚਿਆਂ ਦੇ ਪਿਤਾ ਸ਼ਰਾਬ ਪੀਂਦੇ ਸਨ ਉਨ੍ਹਾਂ ਵਿੱਚ ਸਿਹਤ ਨਾਲ ਜੁੜੀਆਂ ਦਿੱਕਤਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ।



ਸਾਲ 2021 ਵਿੱਚ ਚੀਨ ਦੇ ਪੰਜ ਲੱਖ ਜੋੜਿਆਂ ਉੱਪਰ ਇੱਕ ਅਧਿਐਨ ਕੀਤਾ ਗਿਆ। ਅਧਿਐਨ ਮੁਤਾਬਕ ਜਮਾਂਦਰੂ ਨੁਕਸ, ਜਿਵੇਂ ਬੁੱਲ੍ਹ ਫਟਿਆ ਹੋਣਾ, ਦਿਲ ਦਾ ਰੋਗ ਅਤੇ ਪਾਚਨ ਤੰਤਰ ਦੇ ਵਿਗਾੜ ਉਨ੍ਹਾਂ ਬੱਚਿਆਂ ਵਿੱਚ ਜ਼ਿਆਦਾ ਸਨ ਜਿਨ੍ਹਾਂ ਦੇ ਪਿਤਾ ਗਰਭ ਠਹਿਰਨ ਤੋਂ ਪਹਿਲਾਂ ਸ਼ਰਾਬ ਪੀਂਦੇ ਸਨ ਅਤੇ ਮਾਂ ਬਿਲਕੁਲ ਵੀ ਨਹੀਂ ਪੀਂਦੀ ਸੀ। ਚੀਨ ਵਿੱਚ ਹੀ 5000 ਦਿਲ ਦੀ ਜਮਾਂਦਰੂ ਬਿਮਾਰੀ ਵਾਲੇ ਬੱਚਿਆਂ ਦੀ 5000 ਦੂਜੇ ਬੱਚਿਆਂ ਨਾਲ ਤੁਲਨਾ ਕੀਤੀ ਗਈ। ਪਤਾ ਲੱਗਿਆ ਕਿ ਜਿਨ੍ਹਾਂ ਦੇ ਪਿਤਾ (ਗਰਭ ਠਹਿਰਨ ਤੋਂ ਤਿੰਨ ਮਹੀਨੇ ਪਹਿਲਾਂ 50 ਮਿਲੀ ਲੀਟਰ ਪ੍ਰਤੀ ਦਿਨ, ਜੇ ਪੀਂਦੇ ਸਨ) ਸ਼ਰਾਬ ਪੀਂਦੇ ਸਨ ਉਨ੍ਹਾਂ ਵਿੱਚ ਦਿਲ ਦੀ ਜਮਾਂਦਰੂ ਬੀਮਾਰੀ ਹੋਣ ਦੀ ਸੰਭਾਵਨਾ ਤਿੰਨ ਗੁਣਾਂ ਜ਼ਿਆਦਾ ਸੀ।

ਚੀਨ ਵਿੱਚ ਹੀ 1,65, 151 ਬੱਚਿਆਂ ਉੱਤੇ ਅਧਿਐਨ ਕੀਤਾ ਗਿਆ। ਪਤਾ ਲੱਗਿਆ ਕਿ ਇਨ੍ਹਾਂ ਵਿੱਚ ਜਿਹੜੇ ਬੱਚਿਆਂ ਦੇ ਪਿਤਾ ਸ਼ਰਾਬ ਨਹੀਂ ਪੀਂਦੇ ਸਨ, ਉਹਨਾਂ ਦੇ ਮੁਕਾਬਲੇ ਸ਼ਰਾਬ ਨਾ ਪੀਣ ਵਾਲਿਆਂ ਵਿੱਚ ਕੱਟੇ ਹੋਏ ਬੁੱਲ੍ਹ ਦੀ ਸਮੱਸਿਆ ਸਭ ਤੋਂ ਜ਼ਿਆਦਾ ਦੇਖਣ ਨੂੰ ਮਿਲੀ। ਅਜਿਹੇ 105 ਬੱਚੇ ਪੈਦਾ ਹੋਏ।

ਮਨੁੱਖਾਂ ਉੱਤੇ ਅਧਿਐਨ ਕਰਨਾ ਕਿਉਂ ਮੁਸ਼ਕਿਲ ਹੈ? ਪ੍ਰੋਫੈਸਰ ਦਾ ਕਹਿਣਾ ਹੈ ਕਿ ਅਜਿਹੀਆਂ ਕਹਾਣੀਆਂ ਨੂੰ ਅਕਸਰ ਇਹ ਕਹਿ ਕੇ ਅਣਗੌਲਿਆਂ ਕਰ ਦਿੱਤਾ ਗਿਆ ਸੀ ਕਿ ਮਾਂਵਾਂ ਜੇ ਪੂਰਾ ਝੂਠ ਨਹੀਂ ਵੀ ਬੋਲ ਰਹੀਆਂ ਤਾਂ ਭੁੱਲ ਜ਼ਰੂਰ ਰਹੀਆਂ ਹਨ। ਤਾਜ਼ਾ ਖੋਜ ਹਾਲਾਂਕਿ ਇਸ ਦਿਸ਼ਾ ਵਿੱਚ ਨਵੀਂ ਸੰਭਾਵਨਾ ਪੈਦਾ ਕਰ ਰਹੀ ਹੈ— ਕਿ ਇਹ ਮਾਵਾਂ ਹਮੇਸ਼ਾ ਹੀ ਸਹੀ ਸਨ।

ਹਾਲਾਂਕਿ ਭਰੂਣ ਉੱਤੇ ਪਿਤਾ ਦੀਆਂ ਸ਼ਰਾਬ ਨਾਲ ਜੁੜੀਆਂ ਆਦਤਾਂ ਦਾ ਸਿੱਧਾ ਸੰਬੰਧ ਸਥਾਪਿਤ ਕਰਨਾ ਮੁਸ਼ਕਿਲ ਕੰਮ ਰਿਹਾ ਹੈ। ਇਨ੍ਹਾਂ ਅਧਿਐਨਾਂ ਵਿੱਚ ਹਾਲਾਂਕਿ ਸਿਗਰਟਨੋਸ਼ੀ ਦੇ ਅਸਰ ਨੂੰ ਬਾਹਰ ਰੱਖਣ ਦੀ ਕੋਸ਼ਿਸ਼ ਕੀਤੀ ਗਈ ਲੇਕਿਨ ਹੋਰ ਕਾਰਕਾਂ ਦੇ ਸੰਭਾਵੀ ਪ੍ਰਭਾਵ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪ੍ਰੋਫੈਸਰ ਗੋਲਡਿੰਗ ਮੁਤਾਬਕ, "ਮਨੁੱਖਾਂ ਉੱਪਰ ਕੀਤੇ ਜਾਣ ਵਾਲੇ ਅਧਿਐਨ ਕਾਫ਼ੀ ਪੇਚੀਦਾ ਹੁੰਦੇ ਹਨ। ਇਨ੍ਹਾਂ ਵਿੱਚ ਕਈ ਕਾਰਕ ਆਪਸ ਵਿੱਚ ਕਿਰਿਆ ਕਰਦੇ ਹਨ। ਜਿਵੇਂ ਖਾਣ-ਪਾਣ, ਕਸਰਤ ਵਗੈਰਾ।"

ਅਜਿਹੇ ਅਧਿਐਨਾਂ ਵਿੱਚ ਬਿਲਕੁਲ ਹੀ ਰੈਂਡਮਾਈਜ਼ਡ ਕੰਟਰੋਲਡ ਪ੍ਰੀਖਣ ਕਰਨਾ ਸੰਭਵ ਨਹੀਂ ਹੈ। ਇਹ ਉਹ ਅਧਿਐਨ ਹੁੰਦੇ ਹਨ ਜਿੱਥੇ ਅਧਿਐਨ ਕੀਤੇ ਜਾ ਰਹੇ ਦੋ ਸਮੂਹਾਂ ਨੂੰ ਜਿੱਥੋਂ ਤੱਕ ਹੋ ਸਕੇ ਬਰਾਬਰ ਬਣਾਇਆ ਜਾਂਦਾ ਹੈ। ਇਹ ਬੱਚਿਆਂ ਦੇ ਟੀਮ ਧੁੱਗਣ ਵਾਂਗ ਹੈ। ਜਿਸ ਕਾਰਕ ਦਾ ਅਧਿਐਨ ਕਰਨਾ ਹੋਵੇ ਉਸੇ ਦਾ ਫ਼ਰਕ ਕੀਤਾ ਜਾਂਦਾ ਹੈ। ਨਤੀਜਿਆਂ ਵਿੱਚ ਆਏ ਫ਼ਰਕ ਦਾ ਸਿਹਰਾ ਉਸ ਕਾਰਕ ਨੂੰ ਦੇ ਦਿੱਤਾ ਜਾਂਦਾ ਹੈ। ਇੱਕ ਪਲ ਲਈ ਕਿਸੇ ਪਿਤਾ ਨੂੰ ਇਹ ਜਾਣਦੇ ਹੋਏ ਕਿ ਇਸਦੇ ਹੋਣ ਵਾਲੇ ਬੱਚੇ ਉੱਪਰ ਮਾੜਾ ਅਸਰ ਪੈ ਸਕਦਾ ਹੈ, ਸ਼ਰਾਬ ਪੀਣ ਲਈ ਕਹਿਣਾ ਸਹੀ ਵੀ ਹੋਵੇ। ਇਸ ਦੀ ਸੰਭਾਵਨਾ ਨਾ ਦੇ ਬਰਾਬਰ ਹੈ ਕਿ ਜੋ ਲੋਕ ਸ਼ਰਾਬ ਨਹੀਂ ਪੀਂਦੇ ਉਹ ਅਧਿਐਨ ਦਾ ਹਿੱਸਾ ਬਣਨ ਲਈ ਸ਼ਰਾਬ ਪੀ ਲੈਣਗੇ। ਦੂਜੇ ਪਾਸੇ ਜੋ ਲੋਕ ਪੀਂਦੇ ਹਨ ਉਹ ਬਿਲਕੁਲ ਛੱਡ ਦੇਣਗੇ ਅਜਿਹਾ ਵੀ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ। ਲੇਕਿਨ ਅਜਿਹੇ ਗਰੁੱਪ ਜਾਨਵਰਾਂ ਖਾਸ ਕਰ ਚੂਹਿਆਂ ਵਿੱਚ ਬਣਾਏ ਜਾ ਸਕਦੇ ਹਨ।

**ਚੂਹਿਆਂ ਉੱਤੇ ਅਧਿਐਨ**

ਗੋਲਡਿੰਗ ਇਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੀ ਟੀਮ ਨੇ ਐੱਫਏਐੱਸਡੀ ਨਾਲ ਪੈਣ ਵਾਲੇ ਨੁਕਸਾਂ ਦੀ ਸੂਚੀ ਤਿਆਰ ਕੀਤੀ। ਜਿਵੇਂ ਛੋਟੀਆਂ ਅੱਖਾਂ ਅਤੇ ਛੋਟਾ ਦਿਮਾਗ। ਫਿਰ ਚੂਹਿਆਂ ਨੂੰ ਵੰਡਿਆ ਗਿਆ। ਪਹਿਲੇ ਗਰੁੱਪ ਵਿੱਚ ਸਿਰਫ਼ ਗਰਭਵਤੀ ਚੂਹੀਆਂ ਨੂੰ ਸ਼ਰਾਬ ਦਿੱਤੀ ਗਈ। ਦੂਜੇ ਵਿੱਚ ਸਿਰਫ਼ ਚੂਹੇ ਨੂੰ, ਤੀਜੇ ਵਿੱਚ ਦੋਵਾਂ ਨੂੰ, ਚੌਥੇ ਵਿੱਚ ਗਰਭ ਠਹਿਰਨ ਤੋਂ ਪਹਿਲਾਂ ਪਿਤਾ ਨੂੰ। ਜਦੋਂ ਨਤੀਜਿਆਂ ਦੀ ਤੁਲਨਾ ਕੀਤੀ ਗਈ ਤਾਂ ਸਪਸ਼ਟ ਪੈਟਰਨ ਦੇਖਣ ਨੂੰ ਮਿਲਿਆ। ਜੇ ਗਰਭ ਦੌਰਾਨ ਚੂਹੀ ਨੇ ਸ਼ਰਾਬ ਲਈ ਸੀ ਤਾਂ ਬੱਚੇ ਵਿੱਚ ਐੱਫਏਐੱਸਡੀ ਆਈ, ਜੋ ਕਿ ਉਮੀਦ ਮੁਤਾਬਕ ਸੀ। ਲੇਕਿਨ ਜਿੱਥੇ ਦੋਵਾਂ ਨੂੰ ਸ਼ਰਾਬ ਦਿੱਤੀ ਗਈ ਸੀ ਉੱਥੇ ਸਿਰ ਅਤੇ ਚਿਹਰੇ ਦੇ ਪੈਟਰਨ ਵਿੱਚ ਕੁਝ ਤਬਦੀਲੀਆਂ ਸਨ। ਜਦੋਂ ਦੋਵੇਂ ਮਾਪਿਆਂ ਨੂੰ ਸ਼ਰਾਬ ਦਿੱਤੀ ਗਈ ਤਾਂ ਸਮੁੱਚਾ ਵਿਕਾਸ ਹੀ ਪ੍ਰਭਾਵਿਤ ਹੋਇਆ। ਦੂਜੇ ਪਾਸੇ ਜਿੱਥੇ ਸਿਰਫ਼ ਪਿਤਾ ਨੂੰ ਸ਼ਰਾਬ ਦਿੱਤੀ ਗਈ ਉੱਥੇ ਬੱਚਿਆਂ ਦੇ ਦੰਦਾਂ ਵਿੱਚ ਫ਼ਰਕ, ਅੱਖਾਂ ਦਾ ਅਕਾਰ ਅਤੇ ਅੱਖਾਂ ਵਿਚਲਾ ਫ਼ਰਕ ਵਰਗੇ ਮਨੁੱਖੀ ਐੱਫਏਐੱਸਡੀ ਦੇ ਸਾਰੇ ਲੱਛਣ ਨਜ਼ਰ ਆਏ। ਗੋਲਡਿੰਗ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਅਧਿਐਨ ਦੁਬਾਰਾ ਕਰਨ ਲਈ ਕਿਹਾ। ਦੁਬਾਰਾ ਅਧਿਐਨ ਕੀਤਾ ਗਿਆ ਅਤੇ ਜਿੰਨੀ ਵਾਰ ਵੀ ਦੁਹਰਾਇਆ ਗਿਆ ਸਾਵੇਂ ਨਤੀਜੇ ਆਏ। ਗੋਲਡਿੰਗ ਦੀ ਟੀਮ ਨੇ ਚੂਹਿਆਂ ਦੇ ਅਧਿਐਨ ਤੋਂ ਇੱਕ ਹੋਰ ਸਿੱਟਾ ਇਹ ਕੱਢਿਆ ਕਿ ਪਿਤਾ ਦੇ ਸ਼ਰਾਬ ਪੀਣ ਨਾਲ ਹੋਣ ਵਾਲੇ ਬੱਚੇ ਉੱਤੇ ਹਾਂ-ਜਾਂ-ਨਾਂਹ ਵਾਲਾ ਹੀ ਅਸਰ ਨਹੀਂ ਪੈਂਦਾ। ਸਗੋਂ ਉਹ ਕਿੰਨੀ ਸ਼ਰਾਬ ਪੀਂਦਾ ਹੈ ਉਸ ਮੁਤਾਬਕ ਬੱਚਾ ਪ੍ਰਭਾਵਿਤ

(ਬਾਕੀ ਅਗਲੇ ਸਫੇ 'ਤੇ)

# ਚਿੰਤਾਜਨਕ ਹੈ ਘਰੇਲੂ ਬੱਚਤ 'ਚ ਕਮੀ ਆਉਣਾ

ਡਾ. ਜੈਅੰਤੀ ਲਾਲ ਭੰਡਾਰੀ

ਦੇਸ਼ ਵਿਚ ਘਟਦੀ ਹੋਈ ਘਰੇਲੂ ਬੱਚਤ ਦੇ ਖ਼ਤਰੇ ਨੂੰ ਭਾਂਪਦੇ ਹੋਏ ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਰਿਜ਼ਰਵ ਬੈਂਕ ਦੇ ਨਿਰਦੇਸ਼ਕ ਮੰਡਲ ਦੀ ਬੈਠਕ ਵਿਚ ਕਿਹਾ ਕਿ ਬੈਂਕਾਂ ਦੁਆਰਾ ਅਜਿਹੀਆਂ ਆਕਰਸ਼ਕ ਵਿਆਜ ਯੋਜਨਾਵਾਂ ਲਿਆਂਦੀਆਂ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਉਨ੍ਹਾਂ ਵਿਚ ਜਮ੍ਹਾ ਰਕਮ ਵਿਚ ਤੇਜ਼ ਇਜ਼ਾਫ਼ਾ ਹੋ ਸਕੇ। ਕੇਂਦਰ ਸਰਕਾਰ ਕਿਉਂਕਿ ਆਪਣੇ ਮਾਲੀਆ ਘਾਟੇ ਨੂੰ ਘਟਾਉਣ ਲਈ ਲਘੂ ਬੱਚਤ ਯੋਜਨਾਵਾਂ ਤਹਿਤ ਇਕੱਠੀ ਹੋਈ ਰਕਮ ਦਾ ਵੀ ਇਸਤੇਮਾਲ ਕਰਦੀ ਹੈ, ਇਸ ਲਈ ਘਰੇਲੂ ਬੱਚਤ ਵਿਚ ਲਗਾਤਾਰ ਕਮੀ ਆਉਣਾ ਚਿੰਤਾਜਨਕ ਹੈ। ਘਰੇਲੂ ਬੱਚਤ ਕਿਸੇ ਵਿਅਕਤੀ ਦੀ ਆਮਦਨ ਦੀ ਉਹ ਬਾਕੀ ਰਕਮ ਹੈ ਜੋ ਉਪਭੋਗ ਜ਼ਰੂਰਤਾਂ ਅਤੇ ਵੱਖ-ਵੱਖ ਵਿੱਤੀ ਦੇਣਦਾਰੀਆਂ ਦੇ ਭੁਗਤਾਨ ਤੋਂ ਬਾਅਦ ਬਚਦੀ ਹੈ।

ਇਸ ਘਰੇਲੂ ਬੱਚਤ ਨੂੰ ਬੈਂਕ ਅਤੇ ਗ਼ੈਰ ਬੈਂਕ ਜਮ੍ਹਾ, ਜੀਵਨ ਬੀਮਾ, ਰਾਸ਼ਟਰੀ ਬੱਚਤ ਪ੍ਰਮਾਣ ਪੱਤਰ (ਐੱਨਐੱਸਸੀ), ਲੋਕ ਭਵਿੱਖ ਨਿਧੀ (ਪੀਪੀਐੱਫ), ਕਿਸਾਨ ਵਿਕਾਸ ਪੱਤਰ, ਸੁਕੰਨਿਆ ਸਮ੍ਰਿਧੀ, ਪੈਨਸ਼ਨ ਫੰਡ ਅਤੇ ਹੋਰ ਵਿੱਤੀ ਯੋਜਨਾਵਾਂ ਵਿਚ ਨਿਵੇਸ਼ ਕੀਤਾ ਜਾਂਦਾ ਹੈ। ਜੇ ਅਸੀਂ ਦੇਸ਼ ਵਿਚ ਘਰੇਲੂ ਬੱਚਤ ਸਬੰਧੀ ਅੰਕੜਿਆਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜੋ ਘਰੇਲੂ ਬੱਚਤ ਵਿੱਤੀ ਸਾਲ 2006-07 ਵਿਚ ਕੁੱਲ ਘਰੇਲੂ ਉਤਪਾਦ ਯਾਨੀ ਜੀਡੀਪੀ ਦਾ 18 ਪ੍ਰਤੀਸ਼ਤ ਸੀ, ਉਹ ਹਰ ਸਾਲ ਘਟਦੇ ਹੋਏ 2022-23 ਵਿਚ ਜੀਡੀਪੀ ਦੇ 5.2 ਪ੍ਰਤੀਸ਼ਤ ਦੇ ਪੱਧਰ 'ਤੇ ਆ ਗਈ।

ਇਹ ਬੀਤੇ ਪੰਜ ਦਹਾਕੇ ਵਿਚ ਸਭ ਤੋਂ ਘੱਟ ਪੱਧਰ ਹੈ। ਘਰੇਲੂ ਬੱਚਤ ਵਿਚ ਕਮੀ ਆਉਣ ਦਾ ਸਬੂਤ ਬੀਤੇ ਦਿਨੀਂ ਪੇਸ਼ ਕੀਤਾ ਗਿਆ ਆਮ ਬਜਟ ਵੀ ਦੇ ਰਿਹਾ ਹੈ। ਚਾਲੂ ਵਿੱਤੀ ਸਾਲ 2024-25 ਦੇ ਅੰਤਰਿਮ ਬਜਟ ਵਿਚ 14.77 ਲੱਖ ਕਰੋੜ ਰੁਪਏ ਘਰੇਲੂ ਬੱਚਤ ਤੋਂ ਪ੍ਰਾਪਤ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ ਪਰ 2024-25 ਦੇ ਸੰਪੂਰਨ ਬਜਟ ਵਿਚ ਛੋਟੀਆਂ ਬੱਚਤਾਂ ਤੋਂ ਪ੍ਰਾਪਤੀ ਦੇ ਅਨੁਮਾਨ ਨੂੰ ਘਟਾ ਕੇ 14.20 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਦੇਸ਼ ਵਿਚ ਲੋਕ ਕਮਾਈ ਦਾ ਇਕ ਹਿੱਸਾ ਭਵਿੱਖ ਲਈ ਘਰੇਲੂ ਬੱਚਤ ਦੇ ਰੂਪ ਵਿਚ ਬਚਾ ਕੇ ਰੱਖਦੇ ਰਹੇ ਹਨ ਪਰ ਹੁਣ ਇਸ ਬੱਚਤ ਦੇ ਰੁਝਾਨ ਵਿਚ ਵੱਡਾ ਬਦਲਾਅ ਦਿਖਾਈ ਦੇ ਰਿਹਾ ਹੈ। ਲੋਕ ਆਵਾਸ, ਵਾਹਨ, ਸਿੱਖਿਆ ਅਤੇ ਚੰਗੇ ਜੀਵਨ ਲਈ ਵੱਖ-ਵੱਖ ਤਰ੍ਹਾਂ ਦੇ ਕਰਜ਼ੇ ਲੈ ਰਹੇ ਹਨ। ਜਿੱਥੇ ਪਰਿਵਾਰਾਂ ਦੀਆਂ ਵਿੱਤੀ ਦੇਣਦਾਰੀਆਂ ਵਧਣ ਨਾਲ ਘਰੇਲੂ ਬੱਚਤ ਸਿੱਧੇ ਤੌਰ 'ਤੇ ਘੱਟ ਹੋਈ ਹੈ, ਉਥੇ ਹੀ ਆਮਦਨ ਦੇ ਇਕ ਹਿੱਸੇ ਦਾ ਇਸਤੇਮਾਲ ਵੱਖ-ਵੱਖ ਤਰ੍ਹਾਂ ਦੇ ਕਰਜ਼ਿਆਂ ਦੇ ਵਿਆਜ ਦੇ ਭੁਗਤਾਨ ਲਈ ਵੀ ਕੀਤੇ ਜਾਣ ਨਾਲ ਘਰੇਲੂ ਬੱਚਤ ਘੱਟ ਹੋਈ ਹੈ।

ਦੇਸ਼ ਵਿਚ ਇਸ ਸਮੇਂ ਲਘੂ ਬੱਚਤ ਯੋਜਨਾਵਾਂ ਤਹਿਤ 40 ਕਰੋੜ ਤੋਂ ਵੱਧ ਬੱਚਤ ਕਰਤਾ ਹਨ। ਵੱਖ-ਵੱਖ ਲਘੂ ਬੱਚਤ ਯੋਜਨਾਵਾਂ ਵਿਚ ਤੁਲਨਾਤਮਕ ਰੂਪ ਨਾਲ ਘੱਟ ਵਿਆਜ ਮਿਲਣ ਕਾਰਨ ਵੀ ਉਨ੍ਹਾਂ ਦੁਆਰਾ ਇਨ੍ਹਾਂ ਵਿਚ ਨਿਵੇਸ਼ ਵਿਚ ਕਮੀ ਆਈ ਹੈ। ਦੇਸ਼ ਵਿਚ ਬਦਲੀ ਹੋਈ ਆਮਦਨ ਕਰ ਵਿਵਸਥਾ ਕਾਰਨ ਵੀ ਆਮਦਨ ਕਰਦਾਤਾਵਾਂ ਦੁਆਰਾ ਕੀਤੀ ਜਾਣ ਵਾਲੀ ਘਰੇਲੂ ਬੱਚਤ ਵਿਚ ਕਮੀ ਆ ਰਹੀ ਹੈ।

ਇਸ ਸਮੇਂ ਦੇਸ਼ ਵਿਚ ਆਮਦਨ ਕਰ ਭੁਗਤਾਨ ਦੀ ਪੁਰਾਣੀ ਅਤੇ ਨਵੀਂ ਵਿਵਸਥਾ ਹੈ। ਜਿੱਥੇ ਪੁਰਾਣੀ ਟੈਕਸ ਵਿਵਸਥਾ ਵਿਚ ਬੱਚਤ ਅਤੇ ਨਿਵੇਸ਼ ਲਈ ਪ੍ਰੋਤਸਾਹਨ ਮਿਲਦੇ ਹਨ, ਉਥੇ ਹੀ ਨਵੀਂ ਟੈਕਸ ਵਿਵਸਥਾ ਵਿਚ ਬੱਚਤ ਦੇ ਉਸ ਤਰ੍ਹਾਂ ਦੇ ਉਤਸ਼ਾਹ ਨਹੀਂ ਹਨ। ਇਸ ਸਮੇਂ ਜ਼ਿਆਦਾਤਰ ਆਮਦਨ ਕਰਦਾਤਾ ਨਵੀਂ ਵਿਵਸਥਾ ਅਪਣਾ ਰਹੇ ਹਨ। ਇਸ ਸਾਲ 31 ਜੁਲਾਈ ਤੱਕ ਆਮਦਨ ਕਰ ਮੁਲਾਂਕਣ ਵਿੱਤੀ ਸਾਲ 2024-25 ਲਈ ਦਾਖ਼ਲ ਕੀਤੇ ਗਏ ਕੁੱਲ 7.28 ਕਰੋੜ ਆਈਟੀਆਰ ਤੋਂ ਲਗਪਗ 72 ਪ੍ਰਤੀਸ਼ਤ ਕਰਦਾਤਾਵਾਂ ਨੇ ਨਵੀਂ ਟੈਕਸ ਵਿਵਸਥਾ ਨੂੰ ਚੁਣਿਆ ਹੈ। ਨਵੀਂ ਟੈਕਸ ਵਿਵਸਥਾ ਨਾਲ ਬੱਚਤ ਅਤੇ ਨਿਵੇਸ਼ ਦੀ ਜਗ੍ਹਾ ਉਪਭੋਗ ਖ਼ਰਚਾ ਵਧਾਉਣ ਦੀ ਬਿਰਤੀ ਨੂੰ ਜ਼ਿਆਦਾ ਹੱਲਾਸ਼ੇਰੀ ਮਿਲ ਰਹੀ ਹੈ।

ਘਰੇਲੂ ਬੱਚਤ ਵਿਚ ਕਮੀ ਦਾ ਇਕ ਹੋਰ ਕਾਰਨ ਦੇਸ਼ ਵਿਚ ਮਹਿਲਾਵਾਂ ਦੁਆਰਾ ਆਪਣੇ ਕੋਲ ਆਉਣ ਵਾਲੇ ਧਨ ਦਾ ਢੁੱਕਵਾਂ ਨਿਵੇਸ਼ ਨਹੀਂ ਕੀਤਾ ਜਾਣਾ ਵੀ ਹੈ। ਕੌਮੀ ਸੰਖਿਅਕੀ ਦਫ਼ਤਰ (ਐੱਨਐੱਸਓ) ਮੁਤਾਬਕ ਬੈਂਕਾਂ ਵਿਚ ਕੁੱਲ ਨਿੱਜੀ ਖਾਤਿਆਂ ਵਿੱਚੋਂ ਹਰ ਤੀਜਾ ਖਾਤਾ ਕਿਸੇ ਮਹਿਲਾ ਦੇ ਨਾਂ 'ਤੇ ਹੈ ਪਰ ਬੈਂਕਾਂ ਵਿਚ ਜਮ੍ਹਾ ਕੁੱਲ ਰਕਮ 'ਚੋਂ ਸਿਰਫ਼ 20 ਪ੍ਰਤੀਸ਼ਤ ਹੀ ਮਹਿਲਾਵਾਂ ਦੇ ਖਾਤਿਆਂ ਵਿਚ ਜਮ੍ਹਾ ਹੈ।

ਅਜਿਹਾ ਨਹੀਂ ਹੈ ਕਿ ਦੇਸ਼ ਵਿਚ ਲੋਕਾਂ ਦੀ ਆਮਦਨ ਵਿਚ ਕਮੀ ਆਈ ਹੈ। ਦਰਅਸਲ, ਭਾਰਤ ਵਿਚ ਪ੍ਰਤੀ ਵਿਅਕਤੀ ਆਮਦਨ ਤੇਜ਼ੀ ਨਾਲ ਵਧ ਰਹੀ ਹੈ। ਦਸ ਸਾਲ ਪਹਿਲਾਂ ਵਿੱਤੀ ਸਾਲ 2014-15 ਵਿਚ ਜੋ ਪ੍ਰਤੀ ਵਿਅਕਤੀ ਆਮਦਨ 86,647 ਰੁਪਏ ਸੀ, ਉਹ 2023-24 ਵਿਚ ਲਗਪਗ 2.28 ਲੱਖ ਰੁਪਏ ਦੇ ਪੱਧਰ 'ਤੇ ਪੁੱਜ ਗਈ। ਦਰਅਸਲ, ਹੁਣ ਲੋਕ ਵੱਡੀ ਗਿਣਤੀ ਵਿਚ ਆਪਣੀ ਬੱਚਤ ਨੂੰ ਅਜਿਹੀਆਂ ਥਾਵਾਂ 'ਤੇ ਨਿਵੇਸ਼ ਕਰ ਰਹੇ ਹਨ ਜਿੱਥੋਂ ਉਨ੍ਹਾਂ ਨੂੰ ਜ਼ਿਆਦਾ ਵਿਆਜ ਤੇ ਰਿਟਰਨ ਮਿਲ ਰਹੇ ਹਨ। ਇਸ ਦੇ ਲਈ ਲੋਕ ਆਪਣੀ ਬੱਚਤ ਦਾ ਇਕ ਵੱਡਾ ਹਿੱਸਾ ਸ਼ੇਅਰ ਬਾਜ਼ਾਰ ਜ਼ਰੀਏ ਕੰਪਨੀਆਂ ਦੇ ਸ਼ੇਅਰਾਂ, ਮਿਊਚੁਅਲ ਫੰਡਾਂ, ਰੀਅਲ ਅਸਟੇਟ, ਸੋਨੇ ਅਤੇ ਬਹੁਮੁੱਲੀਆਂ ਧਾਤਾਂ ਵਿਚ ਨਿਵੇਸ਼ ਕਰ ਰਹੇ ਹਨ।



ਇਨ੍ਹਾਂ 'ਚ ਘਰੇਲੂ ਬੱਚਤ ਦੀਆਂ ਯੋਜਨਾਵਾਂ ਦੀ ਤੁਲਨਾ ਵਿਚ ਜ਼ਿਆਦਾ ਰਿਟਰਨ ਮਿਲ ਰਿਹਾ ਹੈ। ਇਸ ਤੋਂ ਇਲਾਵਾ ਮਹਿੰਗੇ ਵਾਹਨਾਂ ਅਤੇ ਵਿਲਾਸਤਾ ਦੇ ਸਾਮਾਨਾਂ ਦੀ ਖ਼ਰੀਦਦਾਰੀ 'ਤੇ ਹੁਣ ਲੋਕ ਜ਼ਿਆਦਾ ਖ਼ਰਚਾ ਕਰ ਰਹੇ ਹਨ। ਇਹੀ ਕਾਰਨ ਹੈ ਕਿ 10 ਸਾਲ ਪਹਿਲਾਂ ਜੋ ਸੈਂਸੈਕਸ 25 ਹਜ਼ਾਰ ਦੇ ਪੱਧਰ 'ਤੇ ਸੀ, ਅੱਜ ਉਹ 80 ਹਜ਼ਾਰ ਦੇ ਪੱਧਰ ਨੂੰ ਟੱਪ ਗਿਆ ਹੈ। ਭਾਰਤ ਦਾ ਸ਼ੇਅਰ ਬਾਜ਼ਾਰ ਇਸ ਸਮੇਂ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਸ਼ੇਅਰ ਬਾਜ਼ਾਰ ਹੋ ਗਿਆ ਹੈ। ਡੀਮੈਟ ਖਾਤਿਆਂ ਦੀ ਗਿਣਤੀ ਵਧ ਕੇ 16.2 ਕਰੋੜ ਹੋ ਗਈ ਹੈ।

ਘਰੇਲੂ ਬੱਚਤ ਵਿਅਕਤੀ ਦੀਆਂ ਆਰਥਿਕ ਮੁਸ਼ਕਲਾਂ ਵਿਚ ਸਭ ਤੋਂ ਪਹਿਲਾ ਅਤੇ ਭਰੋਸੇਯੋਗ ਵਿੱਤੀ ਸਾਥੀ ਮੰਨੀ ਜਾਂਦੀ ਹੈ। ਅਜਿਹੇ ਵਿਚ ਘਰੇਲੂ ਬੱਚਤ ਦੇ ਘਟਣ ਦੀ ਸਥਿਤੀ ਚਿੰਤਾਜਨਕ ਹੈ ਪਰ ਇਹ ਕਿਸੇ ਵਿੱਤੀ ਸੰਕਟ ਦੀ ਆਹਟ ਨਹੀਂ। ਰਿਜ਼ਰਵ ਬੈਂਕ ਮੁਤਾਬਕ ਦੇਸ਼ ਵਿਚ ਪਰਿਵਾਰਾਂ ਦੀਆਂ ਵਿੱਤੀ ਦੇਣਦਾਰੀਆਂ ਵਿਚ ਵਾਧੇ ਦੇ ਬਾਵਜੂਦ ਉਨ੍ਹਾਂ ਦੀ ਬੈਲੈਂਸ ਸ਼ੀਟ ਬਿਹਤਰ ਬਣੀ ਹੋਈ ਹੈ। ਮਾਰਚ 2023 ਦੇ ਅੰਤ ਵਿਚ ਪਰਿਵਾਰਾਂ ਦੀਆਂ ਵਿੱਤੀ ਸੰਪਤੀਆਂ ਉਨ੍ਹਾਂ ਦੀਆਂ ਦੇਣਦਾਰੀਆਂ ਦੀ ਤੁਲਨਾ ਵਿਚ 2.7 ਗੁਣਾ ਵੱਧ ਸਨ।

ਭਾਰਤੀ ਪਰਿਵਾਰਾਂ ਦਾ ਆਮਦਨ ਦੇ ਪ੍ਰਤੀਸ਼ਤ ਦੇ ਰੂਪ ਵਿਚ ਵਿਆਜ ਦਾ ਭੁਗਤਾਨ ਮਾਰਚ 2021 ਵਿਚ 6.9 ਤੋਂ ਘਟ ਕੇ ਮਾਰਚ 2023 ਵਿਚ 6.7 ਫ਼ੀਸਦੀ ਰਹਿ ਗਿਆ ਜੋ ਵਿਸ਼ਵ ਪੱਧਰ 'ਤੇ ਵੀ ਸ਼ਲਾਘਾਯੋਗ ਹੈ। ਉਮੀਦ ਕਰੀਏ ਕਿ ਸਾਰੇ ਬੈਂਕ ਜਮ੍ਹਾ ਪ੍ਰਾਪਤ ਕਰਨ ਦੇ ਨਵੇਂ ਉਪਾਅ ਲੱਭਣਗੇ, ਆਪਣੀਆਂ ਬੱਚਤ ਯੋਜਨਾਵਾਂ ਨੂੰ ਆਕਰਸ਼ਕ ਬਣਾਉਣਗੇ ਅਤੇ ਘਰੇਲੂ ਬੱਚਤ ਯੋਜਨਾਵਾਂ ਲਈ ਵਿਆਜ ਦਰਾਂ ਵਿਚ ਢੁੱਕਵਾਂ ਵਾਧਾ ਕਰਨਗੇ। ਅਜਿਹੇ ਰਣਨੀਤਕ ਯਤਨਾਂ ਨਾਲ ਘਟਦੀ ਹੋਈ ਘਰੇਲੂ ਬੱਚਤ ਵਿਚ ਵਾਧਾ ਕੀਤਾ ਜਾ ਸਕੇਗਾ। ਇਸ ਨਾਲ ਅਰਥਚਾਰੇ ਲਈ ਵੀ ਜ਼ਿਆਦਾ ਨਿਵੇਸ਼ ਦਾ ਪ੍ਰਬੰਧਨ ਕੀਤਾ ਜਾ ਸਕੇਗਾ।

# ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਯਾਦ ਕਰਦਿਆਂ..

ਸ਼੍ਰੋਮਣੀ ਅਕਾਲੀ ਦਲ ਦੇ ਲੰਬਾ ਸਮਾਂ ਪ੍ਰਧਾਨ ਰਹੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜਨਮ 2 ਜਨਵਰੀ 1932 ਨੂੰ ਪਿੰਡ ਗਿਦੜਿਆਣੀ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ ਸੀ। ਉਨ੍ਹਾਂ ਦੇ ਪਿਤਾ ਸ। ਮੁਣਸ਼ਾ ਸਿੰਘ ਅਤੇ ਮਾਤਾ ਬੀਬੀ ਮਾਨ ਕੌਰ ਬਹੁਤ ਹੀ ਗੁਰਮੁੱਖ ਸੁਭਾਅ ਵਾਲੇ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ, ਨਾਮ ਜਪਣ, ਨੇਕ ਤੇ ਸੱਚਾ-ਸੁੱਚਾ ਜੀਵਨ ਬਿਤਾਉਣ ਵਾਲੇ ਸਨ। ਸੰਤ ਜੋਧ ਸਿੰਘ ਤੋਂ ਗੁਰਬਾਣੀ, ਗੁਰਮਤਿ ਵਿੱਦਿਆ ਤੇ ਸ਼ਬਦ ਕੀਰਤਨ ਦੀ ਲਗਾਤਾਰ 10 ਸਾਲ ਸਿੱਖਿਆ ਲੈ ਕੇ ਬਾਲਕ ਹਰਚੰਦ ਸਿੰਘ ਵਾਪਸ ਆਪਣੀ ਜਨਮ ਭੂਮੀ ਗਿਦੜਿਆਣੀ ਆਏ ਤੇ ਵੱਖ-ਵੱਖ ਢੰਗਾਂ ਨਾਲ ਗੁਰਦੁਆਰਾ ਸਾਹਿਬਾਨ ਦੀ ਸੇਵਾ ਕਰਨ ਲੱਗੇ। ਪਿੰਡ ਲੇਹਲ ਤੇ ਹੀਰੋ ਕਲਾਂ 'ਚ ਕਈ ਸਾਲ ਗੁਰਦੁਆਰੇ ਦੀ ਸੇਵਾ ਕੀਤੀ। ਸਿੱਖ ਪੰਥ ਦੇ ਮਹਾਨ ਵਿਦਵਾਨ ਤੇ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਅਸਥਾਨ ਪਿੰਡ ਲੌਂਗੋਵਾਲ ਹੈ ਪਰ ਇਸ ਥਾਂ 'ਤੇ ਉਨ੍ਹਾਂ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਸੀ। ਸੰਤਾਂ ਨੇ ਇੱਥੇ ਗੁਰਦੁਆਰੇ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਅਤੇ ਬਾਅਦ ਵਿਚ ਆਪਣਾ ਪੱਕਾ ਟਿਕਾਣਾ ਬਣਾ ਲਿਆ। ਉਸ ਸਮੇਂ ਤੋਂ ਉਨ੍ਹਾਂ ਦੇ ਨਾਮ ਨਾਲ ਲੌਂਗੋਵਾਲ ਜੁੜ ਗਿਆ ਤੇ ਉਹ ਇਸ ਕਸਬੇ ਦੇ ਵਾਸੀ ਸਮਝੇ ਜਾਣ ਲੱਗੇ।

ਮਾਨਵ ਏਕਤਾ ਦੇ ਮੁਦਈ ਅਤੇ ਸ਼ਾਂਤੀ ਦੇ ਮਸੀਹਾ ਸੰਤ ਲੌਂਗੋਵਾਲ ਨੇ ਅਨੇਕ ਮੋਰਚਿਆਂ ਵਿਚ ਹਿੱਸਾ ਲਿਆ ਤੇ ਅਨੇਕਾਂ ਵਾਰ ਗ੍ਰਿਫ਼ਤਾਰੀਆਂ ਦਿੱਤੀਆਂ। ਪੰਜਾਬ ਦੀਆਂ ਵਾਜਿਬ ਮੰਗਾਂ ਮਨਵਾਉਣ ਲਈ ਚਾਰ ਅਗਸਤ 1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਲਗਾਏ ਗਏ ਧਰਮ ਯੁੱਧ ਮੋਰਚੇ ਦੇ ਉਹ ਡਿਕਟੇਟਰ ਸਨ। ਉਹ ਧਾਰਮਿਕ ਖੇਤਰ ਅੰਦਰ ਅਨੇਕ ਸਾਲ ਸੇਵਾ ਕਰਨ ਉਪਰੰਤ ਰਾਜਨੀਤੀ ਵਿਚ ਆਏ ਸਨ। ਉਨ੍ਹਾਂ ਵਿਚ ਵੱਡੇ ਗੁਣ ਸਨ ਨਿਮਰਤਾ, ਸਹਿਣਸ਼ੀਲਤਾ ਅਤੇ ਤਿਆਗ ਦੀ ਭਾਵਨਾ। ਪੇਂਡੂ ਭੋਲਾਪਣ, ਹਲੀਮੀ ਅਤੇ ਮਾਸੂਮੀਅਤ ਉਨ੍ਹਾਂ ਦੇ ਚਿਹਰੇ ਤੋਂ ਹਮੇਸ਼ਾ ਝਲਕਦੀ ਸੀ। ਸਾਰੇ ਉਨ੍ਹਾਂ ਨੂੰ 'ਸ਼ਾਂਤ ਸਾਗਰ' ਜਾਂ 'ਸ਼ਾਂਤੀ ਦਾ ਦੂਤ' ਕਹਿੰਦੇ ਸਨ। ਉਨ੍ਹਾਂ ਦਾ ਦਿਲ ਸਾਗਰ ਵਾਂਗ ਵਿਸ਼ਾਲ ਸੀ। ਉਹ ਹਮੇਸ਼ਾ ਦੂਸਰਿਆਂ ਦਾ ਭਲਾ ਸੋਚਣ ਵਾਲੀ ਸ਼ਖ਼ਸੀਅਤ ਸਨ। ਜੂਨ 1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਬੇਗਾਨਗੀ ਵਰਗਾ ਅਹਿਸਾਸ ਸੀ। ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 24 ਜੁਲਾਈ 1985 ਨੂੰ ਸੰਤ ਲੌਂਗੋਵਾਲ ਨਾਲ ਇਕ ਸਾਂਝੇ ਸਮਝੌਤੇ 'ਤੇ ਦਸਤਖ਼ਤ ਕੀਤੇ ਜੋ 'ਰਾਜੀਵ-ਲੌਂਗਵਾਲ' ਸਮਝੌਤੇ ਦੇ ਨਾਲ ਜਾਣਿਆ ਜਾਂਦਾ ਹੈ।



ਇਸ ਸਮਝੌਤੇ ਨੂੰ ਹਾਲੇ ਇਕ ਮਹੀਨਾ ਵੀ ਨਹੀਂ ਹੋਇਆ ਸੀ ਕਿ ਸ਼ਾਂਤੀ ਦਾ ਮਸੀਹਾ ਸਮਝੇ ਜਾਂਦੇ ਸੰਤ ਲੌਂਗੋਵਾਲ ਨੂੰ ਇਕ ਗੁਰਧਾਮ ਵਿਖੇ ਗੋਲ਼ੀਆਂ ਦਾ ਸ਼ਿਕਾਰ ਬਣਾਇਆ ਗਿਆ। ਵੀਹ ਅਗਸਤ 1985 ਨੂੰ ਸਿੱਖ ਪੰਥ ਅਤੇ ਪੰਜਾਬ ਦੀ ਇਹ ਰੋਸ਼ਨੀ ਸਦਾ ਲਈ ਬੁਝ ਗਈ। ਸੰਤ ਜੀ ਇਕ ਯੁੱਗ ਪੁਰਸ਼ ਸਨ। ਉਨ੍ਹਾਂ ਦੀਆਂ ਪੰਥ, ਪੰਜਾਬ ਅਤੇ ਦੇਸ਼ ਪ੍ਰਤੀ ਦਿੱਤੀਆਂ ਮਹਾਨ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

**-ਡਾ. ਰਮਨਦੀਪ ਕੌਰ ਗਿਦੜਿਆਣੀ**



ਰਾਮ ਬਾਗ ਪ੍ਰਬੰਧਕ ਕਮੇਟੀ ਦਾਨਗੜ੍ਹ ਰੋੜ ਧਨੌਲਾ 'ਚ ਫਲਦਾਰ ਤੇ ਫੁੱਲਦਾਰ ਬੂਟੇ ਲਾਏ ਗਏ। ਇਸ ਮੌਕੇ ਤੇ ਜਿਲ੍ਹਾ ਸੈਲਰ ਐਸੋਸੀਏਸਨ ਦੇ ਪ੍ਰਧਾਨ ਪਰਿਸਪਾਲ ਗਰਗ ਦਾਨਗੜੀਆ, ਸਮਾਜ ਸੇਵਕ ਨੰਦ ਲਾਲ ਬਾਂਸਲ, ਪ੍ਰਧਾਨ ਡਾ. ਚਿਮਨ ਲਾਲ , ਡਾ. ਸੰਕਰ ਬਾਂਸਲ, ਬਹਾਦਰ ਸਿੰਘ ਸੀਨੀਅਰ ਮੀਤ ਪ੍ਰਧਾਨ,ਬਾਬੂ ਜਨਕ ਰਾਜ , ਮਨਜੀਤ ਸਿੰਘ, ਇੰਦਰਜੀਤ ਸਿੰਘ, ਗੁਰਚਰਨ ਸਿੰਘ ਨਹਿਲ, ਜਸਪਾਲ ਬਾਂਸਲ, ਸੁਖਦੇਵ ਸਿੰਘ ਬਾਈ ਜੀ, ਡਾ. ਪੀਸੀ ਬਾਂਸਲ, ਸੁਰਿੰਦਰ ਕੁਮਾਰ ਵੀਟਾ, ਯਾਦਵਿੰਦਰ ਬਾਂਸਲ, ਕ੍ਰਿਸਨ ਸਿੰਘ ਪਲੰਬਰ, ਲਖਵਿੰਦਰ ਲਾਡੀ , ਸੁਪਰਡੈਂਟ ਧੰਨਵੀਰ ਸਿੰਘ ਕਾਲਾ ਆਦਿ ਮੌਜੂਦ ਸਨ। **ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**



ਰੱਖੜੀ ਦਾ ਤਿਉਹਾਰ ਦੇਸ ਭਰ 'ਚ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਨੇੜਲੇ ਪਿੰਡ ਕਾਲੇਕੇ 'ਚ ਗੁਲਸਾਨ ਆਪਣੇ ਭਰਾ ਰਵੀ ਖਾਨ ਦੇ ਰੱਖੜੀ ਬੰਨਦੀ ਹੋਈ।
**ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**

# ਹੋਣ ਵਾਲੇ ਬੱਚੇ ਉੱਤੇ ਪਿਤਾ ਦੀਆਂ ਸ਼ਰਾਬ ਨਾਲ ਜੁੜੀਆਂ ਆਦਤਾਂ ਦਾ ਕੀ ਅਸਰ ਹੁੰਦਾ ਹੈ

**(ਸਫਾ 15 ਦੀ ਬਾਕੀ)**

ਹੁੰਦਾ ਹੈ।

ਇਹ ਤਾਂ ਅਸੀਂ ਜਾਣਦੇ ਹਾਂ ਕਿ ਸਾਡੇ ਦਿਮਾਗ ਦੇ ਵੱਖ-ਵੱਖ ਹਿੱਸੇ ਹਨ, ਜੋ ਵੱਖ-ਵੱਖ ਕਾਰਜ ਕਰਦੇ ਹਨ। ਦਿਮਾਗ ਦੇ ਇਨ੍ਹਾਂ ਹਿੱਸਿਆਂ ਵਿੱਚ ਸਪਸ਼ਟ ਵੰਡ ਹੁੰਦੀ ਹੈ ਜੋ ਦੇਖਣ ਤੋਂ ਪਤਾ ਲਗਦੀ ਹੈ। ਕੈਲੀਫੋਰਨੀਆ ਰਿਵਰਸਾਈਡ ਯੂਨੀਵਰਸਿਟੀ ਦੇ ਪ੍ਰੋਫੈਸਰ ਕੈਲੀ ਹਫਮੈਨ ਨੇ ਆਪਣੇ ਅਧਿਐਨਾਂ ਵਿੱਚ ਦੇਖਿਆ ਕਿ ਚੂਹਿਆਂ ਦੇ ਜਿਹੜੇ ਬੱਚਿਆਂ ਦੇ ਪਿਤਾ ਸ਼ਰਾਬ ਪੀਂਦੇ ਸਨ, ਉਨ੍ਹਾਂ ਦੇ ਦਿਮਾਗੀ ਹਿੱਸਿਆਂ ਵਿੱਚ ਵੰਡ ਆਮ ਜਿੰਨੀ ਸਪਸ਼ਟ ਨਹੀਂ ਸੀ।

ਹੁਣ ਗਰਭ ਵਿੱਚ ਬੱਚੇ ਨੂੰ ਸਿੱਧੀ ਸ਼ਰਾਬ ਤਾਂ ਦਿੱਤੀ ਨਹੀਂ ਜਾਂਦੀ, ਤਾਂ ਫਿਰ ਇਹ ਕਿਸ ਤਰ੍ਹਾਂ ਹੁੰਦਾ ਹੈ? ਇਸ ਪ੍ਰਕਿਰਿਆ ਨੂੰ ਐਪੀਜਨੈਟਿਕਸ ਕਿਹਾ ਜਾਂਦਾ ਹੈ। ਇਸ ਵਿੱਚ ਜੀਨੋਮ ਦੇ ਕੁਝ ਹਿੱਸੇ ਚਾਲੂ ਜਾਂ ਬੰਦ ਹੋ ਜਾਂਦੇ ਹਨ। ਇਸ ਨਾਲ ਡੀਐੱਨਏ ਦੀ ਭੌਤਿਕ ਬਣਤਰ ਵਿੱਚ ਤਾਂ ਕੋਈ ਫਰਕ ਨਹੀਂ ਆਉਂਦੀ ਪਰ ਸੰਖੇਪ ਵਿੱਚ ਕਿਹਾ ਜਾਵੇ ਤਾਂ ਉਸਦਾ ਕੋਡ ਇੱਕ ਲਿਹਾਜ਼ ਨਾਲ ਬਦਲ ਜਾਂਦਾ ਹੈ। ਇਸ ਕੋਡ ਦੀ ਪੜ੍ਹਤ (ਡੀਐੱਨਏ ਮਿਥਾਈਲੇਸ਼ਨ) ਮੁਤਾਬਕ ਹੀ ਬੱਚੇ ਦਾ ਵਿਕਾਸ ਹੁੰਦਾ ਹੈ। ਸ਼ਰਾਬ ਸ਼ੁਕਰਾਣੂ ਦੀ ਸਧਾਰਣ ਡੀਐੱਨਏ ਮਿਥਾਈਲੇਸ਼ਨ ਨੂੰ ਪ੍ਰਭਾਵਿਤ ਕਰ ਦਿੰਦੀ ਹੈ। ਪੜ੍ਹਤ ਬਦਲਣ ਨਾਲ ਭਰੂਣ ਵਿੱਚ ਵੀ ਉਹ ਬਦਲਾਅ ਨਜ਼ਰ ਆਉਂਦੇ ਹਨ। ਇਸ ਨੂੰ ਇੰਝ ਸਮਝਿਆ ਜਾ ਸਕਦਾ ਹੈ ਕਿ ਡੀਐੱਨਏ ਦੇ ਕੋਡ ਵਿੱਚ ਨਿਹਿੱਤ ਹੁੰਦਾ ਹੈ ਕਿ ਬੱਚੇ ਦੀਆਂ ਅੱਖਾਂ ਕਿਵੇਂ ਦੀਆਂ ਹੋਣਗੀਆਂ, ਉਸਦੇ ਵਾਲਾਂ, ਚਮੜੀ ਦਾ ਰੰਗ, ਵਗੈਰਾ ਕਿਸ ਤਰ੍ਹਾਂ ਦਾ ਹੋਵੇਗਾ। ਅਧਿਐਨਾਂ ਮੁਤਾਬਕ ਸ਼ਰਾਬ ਡੀਐੱਨਏ ਕੋਡ ਦੇ ਉਨ੍ਹਾਂ ਹਿੱਸਿਆਂ ਨੂੰ ਪ੍ਰਭਾਵਿਤ ਕਰਦੀ ਹੈ।

ਤਾਂ ਕੀ ਅਧਿਐਨ ਦੇ ਅਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਸ਼ਰਾਬ ਦੀ ਕਿੰਨੀ ਮਾਤਰਾ ਹੋਣ ਵਾਲੇ ਪਿਤਾ ਲਈ ਸੁਰੱਖਿਅਤ ਹੈ। ਸਾਡੇ ਕੋਲ ਇਸ ਦਾ ਜਵਾਬ ਦੇਣ ਲਈ ਕੋਈ ਡੇਟਾ ਨਹੀਂ ਹੈ। ਲੇਕਿਨ ਗੋਲਡਿੰਗ ਦਾ ਮੰਨਣਾ ਹੈ ਕਿ ਬਹੁਤ ਕਦੇ-ਕਦਾਈਂ ਪੀਣਾ ਸ਼ਾਇਦ ਠੀਕ ਹੋਵੇ। ਖਾਸ ਕਰਕੇ ਜਦੋਂ ਪਿਤਾ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕਾਰਕਾਂ ਦੇ ਨਾਲ ਮਿਲਵੇਂ ਰੂਪ ਵਿੱਚ ਸ਼ਰਾਬ ਦੀ ਮਾਤਰਾ ਸੀਮਤ ਕਰਦਾ ਹੈ। ਜਿਵੇਂ ਕਿ ਕਸਰਤ ਕਰਨਾ ਅਤੇ ਚੰਗੀ ਖੁਰਾਕ ਖਾਣਾ। ਲੇਕਿਨ ਉਹ ਕਹਿੰਦੇ ਹਨ ਜੇ ਉਹ ਮੇਰੇ ਪੁੱਤਰ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਸ਼ਰਾਬ ਮੂਲੋਂ ਹੀ ਛੱਡ ਦੇਣ ਲਈ ਕਹਿੰਦਾ। ਇਸ ਤਰ੍ਹਾਂ ਮਾਪਿਆਂ ਦੇ ਸ਼ਰਾਬ ਪੀਣ ਦੀਆਂ ਆਦਤਾਂ ਦੇ ਬੱਚਿਆਂ ਕੀ ਪ੍ਰਭਾਵ ਪੈਂਦੇ ਹਨ, ਇਸ ਬਾਰੇ ਤਾਂ ਭਾਵੇਂ ਹਾਲੇ ਵਿਗਿਆਨੀ ਖੋਜ ਕਰ ਰਹੇ ਹਨ। ਲੇਕਿਨ ਇੱਕ ਗੱਲ ਉੱਤੇ ਉਹ ਸਹਿਮਤ ਹਨ—

"ਔਰਤਾਂ ਉੱਪਰ ਬਹੁਤ ਜ਼ਿਆਦਾ ਬੋਝ ਹੈ। ਲੇਕਿਨ ਭਰੂਣ ਦੇ ਵਿਕਾਸ ਲਈ ਪੁਰਸ਼ ਦੀ ਸਿਹਤ ਵੀ ਮਹੱਤਵਪੂਰਨ ਹੈ। ਬੱਚੇ ਨੂੰ ਤੰਦਰੁਸਤੀ ਦੇਣਾ ਦੋਵਾਂ ਧਿਰਾਂ ਦੀ ਜ਼ਿੰਮੇਵਾਰੀ ਹੈ।"

# ਦੁਨੀਆ ਵਿੱਚ ਬਣਿਆ ਜੰਗੀ ਮਾਹੌਲ ਕਿਵੇਂ ਰੁਕੇ



ਹੁਣ ਯੂਕਰੇਨ-ਰੂਸ ਅਤੇ ਫ਼ਲਸਤੀਨ ਇਰਾਨ-ਇਜ਼ਰਾਈਲ ਜੰਗ ਭੜਕੀ ਪਈ ਹੈ। ਤਾਇਵਾਨ-ਚੀਨ ਅਤੇ ਉੱਤਰੀ ਕੋਰੀਆ ਦੇ ਮੁੱਦੇ ਉੱਪਰ ਜੰਗ ਕਿਸੇ ਵੇਲੇ ਵੀ ਭੜਕ ਸਕਦੀ ਹੈ। ਜੰਗ ਬਾਰੇ ਵੱਡੇ ਖ਼ਦਸ਼ਿਆਂ ਸੰਭਾਵਨਾ ਦੇ ਤਿੰਨ ਕੇਂਦਰ ਏਸ਼ੀਆ ਵਿਚ ਹਨ ਅਤੇ ਇਕ ਯੂਰਪ (ਯੂਕਰੇਨ) ਵਿਚ। ਇਸ ਤੋਂ ਇਲਾਵਾ ਭਾਰਤ ਲਾਗਿਓਂ ਵੀ ਧੂੰਆਂ ਉੱਠਦਾ ਰਹਿੰਦਾ ਹੈ। ਕੌਣ ਕਿਉਂ ਭੜਕਾਉਂਦਾ ਇਹ ਸਭ, ਤੇ ਕੀ ਇਹ ਅੱਗ ਤਬਾਹਕੁਨ ਭਾਂਬੜ ਬਣਨ ਤੋਂ ਰੁਕ ਸਕਦੀ ਹੈ?

ਦੂਜੀ ਸੰਸਾਰ ਜੰਗ (1939-1945) ਵਿਚ ਕੁੱਲ ਮਿਲਾ ਕੇ 7 ਕਰੋੜ ਫੌਜੀ ਅਤੇ ਲੋਕ ਮਰੇ। ਇਸ ਵਿਚ ਸਵਾ ਦੋ ਕਰੋੜ ਤੋਂ ਵੱਧ ਸੋਵੀਅਤ ਰੂਸ ਅਤੇ ਪੌਣੇ ਦੋ ਕਰੋੜ ਚੀਨ ਦੇ ਸਨ। 18 ਲੱਖ ਦੇ ਕਰੀਬ ਭਾਰਤੀ ਸਨ। ਹਿਟਲਰ ਨੇ ਜਰਮਨੀ ਵਿਚ ਲੱਖਾਂ ਯਹੂਦੀਆਂ ਦਾ ਕਤਲੇਆਮ ਵੀ ਕੀਤਾ। ਜਰਮਨੀ ਵਿਚ ਇਹ ਧਾਰਮਿਕ ਨਸਲਕੁਸ਼ੀ ਵਰਗੀ ਗੱਲ ਵੀ ਸੀ। ਇਸ ਨਸਲਕੁਸ਼ੀ ਦਾ ਅਸਰ ਇਹ ਹੋਇਆ ਕਿ ਇੰਗਲੈਂਡ ਅਮਰੀਕਾ ਧੜੇ ਨੇ ਯੂਐੱਨ ਰਾਹੀਂ 14 ਮਈ 1948 ਨੂੰ ਮੁਸਲਮਾਨ ਬਹੁਲ ਦੇਸ਼ ਫ਼ਲਸਤੀਨ ਨੂੰ 55-45 ਵਿਚ ਵੰਡ ਕੇ ਇਕ ਹਿੱਸੇ ਵਿਚ ਯਹੂਦੀਆਂ ਲਈ ਆਪਣਾ ਵੱਖਰਾ ਮੁਲਕ ਇਜ਼ਰਾਈਲ ਬਣਵਾ ਦਿੱਤਾ। ਯੋਰੋਸ਼ਲਮ ਨੂੰ ਕੌਮਾਂਤਰੀ ਦੇਖ ਰੇਖ ਅਧੀਨ ਸਾਂਝੀ ਭੋਇੰ ਮੰਨਿਆ ਗਿਆ। ਇੰਝ ਆਪਣੇ (ਯਹੂਦੀ-ਇਸਾਈ) ਵੱਲ ਆਉਂਦੇ ਨਸਲੀ ਟਕਰਾਓ ਦੇ ਖ਼ਦਸ਼ੇ ਦਾ ਰੁਖ਼ ਮੁਸਲਿਮ ਪਾਸੇ ਮੋੜ ਦਿੱਤਾ। ਫਲਸਤੀਨ ਉੱਤੇ ਇਸ ਵਕਤ ਇਜ਼ਰਾਈਲ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕਾ ਹੈ।

1967 ਦੀ ਜੰਗ ਵਿਚ ਇਜ਼ਰਾਈਲ ਨੇ ਸੀਰੀਆ, ਜੌਰਡਨ ਅਤੇ ਮਿਸਰ ਦੇ ਕੁਝ ਇਲਾਕਿਆਂ ਉੱਤੇ ਵੀ ਕਬਜ਼ਾ ਕਰ ਲਿਆ। ਨਾਲ ਹੀ ਯੋਰੋਸ਼ਲਮ ਅਤੇ ਫਲਸਤੀਨ ਦੇ ਵੈਸਟ ਬੈਂਕ ਨੂੰ ਵੀ ਕਬਜ਼ੇ ਵਿਚ ਲੈ ਲਿਆ। ਬਚਿਆ ਖੁਚਿਆ ਫਲਸਤੀਨ ਉਦੋਂ ਤੋਂ ਅੱਜ ਤਕ ਜ਼ੁਲਮ ਸਿਤਮ ਹੰਢਾ ਰਿਹਾ। ਫਲਸਤੀਨ ਅੱਜ ਆਜ਼ਾਦ ਮੁਲਕ ਵਾਲੀ ਹੈਸੀਅਤ ਨਹੀਂ ਰੱਖਦਾ। ਫਲਸਤੀਨ ਨੂੰ ਪ੍ਰਭੁਸੱਤਾ ਵਾਲੇ ਮੁਲਕ ਦਾ ਦਰਜਾ ਦੇਣ ਵਾਲੇ ਸੈਂਕੜੇ ਯੂਐੱਨ ਮਤੇ ਇਜ਼ਰਾਈਲ ਰੱਦ ਕਰ ਚੁੱਕਾ ਹੈ। ਇਸ ਕਰ ਕੇ ਪ੍ਰਚਾਰ ਤੰਤਰ ਦੀ ਇਹ ਦਲੀਲ ਗਲਤ ਹੈ ਕਿ ਮੌਜੂਦਾ ਟਕਰਾਓ ਦੀ ਮੁੱਖ ਵਜ੍ਹਾ 7 ਅਕਤੂਬਰ ਦਾ ਹਮਾਸ ਦਾ ਹਮਲਾ ਹੈ। ਪਿਛੋਕੜ ਹੀ ਇਸ ਟਕਰਾਓ ਦੀ ਅਸਲੀ ਵਜ੍ਹਾ ਹੈ।

ਤੇਲ ਹਿੱਤਾਂ ਵਾਲੇ ਇਸ ਖਿੱਤੇ ਵਿਚ ਇਜ਼ਰਾਈਲ ਨੂੰ ਅਮਰੀਕਾ ਧੜਾ ਆਪਣੇ ਲੈਫਟੀਨੈਂਟ ਵਜੋਂ ਵਰਤ ਰਿਹਾ ਹੈ, ਤੇ ਉਸ ਦੇ ਰਾਖੇ ਤਾਂ ਫਿਰ ਬਣਨਾ ਹੀ ਪੈਣਾ ਪਰ ਇਸ ਖੇਡ ਵਿਚ ਫਲਸਤੀਨੀ ਨਿਰਦੋਸ਼ ਰਗੜੇ ਗਏ। ਉਂਝ, ਅੱਜ ਇਹ ਝਗੜਾ ਇਜ਼ਰਾਈਲ, ਫਲਸਤੀਨ, ਇਰਾਨ ਤਕ ਸੀਮਤ ਨਾ ਰਹਿ ਕੇ ਅਮਰੀਕਾ, ਲਿਬਨਾਨ, ਯਮਨ, ਇਰਾਕ, ਸੀਰੀਆ, ਤੁਰਕੀ, ਰੂਸ, ਚੀਨ, ਉੱਤਰੀ ਕੋਰੀਆ ਨੂੰ ਵੀ ਲਪੇਟੇ ਵਿਚ ਲੈਂਦਾ ਨਜ਼ਰ ਆ ਰਿਹਾ ਹੈ। ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦਿੱਤੇ ਬਿਨਾਂ ਉੱਥੇ ਸ਼ਾਂਤੀ ਬਹਾਲੀ ਦੇ ਆਸਾਰ ਨਹੀਂ।

ਹੁਣ ਯੂਕਰੇਨ ਦੀ ਗੱਲ ਕਰੀਏ। 1991 ਵਿਚ ਧਰਤੀ ਦੇ ਛੇਵੇਂ ਹਿੱਸੇ ਵਿਚ ਫੈਲਿਆ ਸੋਵੀਅਤ ਯੂਨੀਅਨ ਜਦ 15 ਮੁਲਕਾਂ ਵਿਚ ਟੁੱਟ ਗਿਆ ਤਾਂ ਉਸ ਦਾ ਇਕ ਟੁਕੜਾ ਯੂਕਰੇਨ ਜੋ ਫਿਰ ਵੀ ਇਲਾਕੇ ਦੇ ਲਿਹਾਜ਼ ਨਾਲ ਯੂਰੋਪੀਅਨ ਦੇ ਹਰ ਮੁਲਕ ਤੋਂ ਵੱਡਾ ਸੀ, ਉਸ ਦੇ 2014 ਤਕ ਆਉਂਦਿਆਂ ਪੱਛਮ ਵੱਲ ਝੁਕਾਅ ਕਾਰਨ ਰੂਸ ਨਾਲ ਸਬੰਧ ਖਰਾਬ ਹੋ ਗਏ। ਰੂਸ ਨਾਲ ਟਕਰਾਓ ਵਾਲੇ ਤਿੱਖੇ ਤੇਵਰਾਂ ਨਾਲ ਕਾਮੇਡੀਅਨ ਜ਼ੈਲੇਂਸਕੀ 2019 ਦੀ ਰਾਸ਼ਟਰਪਤੀ ਦੀ ਚੋਣ ਜਿੱਤਿਆ ਅਤੇ ਅਮਰੀਕੀ ਧੜੇ ਵੱਲ ਉਲਰਦਿਆਂ ਨਾਟੋ ਫੌਜੀ ਗਠਜੋੜ ਦਾ ਮੈਂਬਰ ਬਣਨ ਨੂੰ ਉਤਾਵਲਾ ਹੋਇਆ; ਮਤਲਬ, ਰੂਸ ਦੀਆਂ ਬਰੂਹਾਂ ਉੱਤੇ 32 ਦੇਸ਼ਾਂ ਦੀਆਂ ਫੌਜਾਂ ਨੂੰ ਪੱਕਾ ਸੱਦਾ। ਇਹੀ ਗੱਲ ਰੂਸ-ਯੂਕਰੇਨ ਜੰਗ ਦੀ ਸਭ ਤੋਂ ਵੱਡੀ ਵਜ੍ਹਾ ਬਣੀ। ਅੱਜ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੇ 32 ਦੇਸ਼ ਯੂਕਰੇਨ ਦੀ ਪਿੱਠ 'ਤੇ ਹਨ। ਦੂਜੇ ਪਾਸੇ ਰੂਸ ਹੈ ਜਿਸ ਨੂੰ ਚੀਨ, ਇਰਾਨ ਅਤੇ ਉੱਤਰੀ ਕੋਰੀਆ ਦੀ ਹਮਾਇਤ ਹੈ। ਇਹ ਜੰਗ ਦੁਨੀਆ ਦੇ ਵੱਡੇ ਹਿੱਸੇ ਵਿਚ ਪਰਮਾਣੂ ਜੰਗ ਦਾ ਰੂਪ ਲੈ ਸਕਦੀ ਹੈ।

ਤਾਇਵਾਨ ਦਾ ਮਸਲਾ ਇਹ ਹੈ ਕਿ ਜਦ ਚੀਨੀ ਸਿਵਲ ਵਾਰ ਵਿਚ ਮਾਓ ਜ਼ੇ-ਤੁੰਗ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਨੇ 1949 ਵਿਚ ਮੁਲਕ ਉੱਤੇ ਅਧਿਕਾਰ ਕਰ ਲਿਆ ਤਾਂ ਚੀਨ ਦਾ ਪਹਿਲਾ ਹਾਕਮ ਚਿਆਂਗ ਕਾਈ ਸ਼ੈਕ ਭੱਜ ਕੇ ਚੀਨੀ ਮੁੱਖ ਧਰਤੀ ਤੋਂ 100 ਕੁ ਮੀਲ

**ਡਾ. ਸੁਰਿੰਦਰ ਮੰਡ**

ਦੂਰ ਤਾਇਵਾਨ ਟਾਪੂ ਤੋਂ ਬਰਾਬਰ ਦੀ ਚੀਨ ਸਰਕਾਰ ਚਲਾਉਣ ਲੱਗਾ। ਉਸ ਨੂੰ ਅਮਰੀਕਾ ਦੀ ਹਮਾਇਤ ਸੀ। 'ਤਾਇਵਾਨ' ਹੀ (ਰਿਪਬਲਿਕ ਆਫ ਚਾਈਨਾ) ਵਜੋਂ ਚੀਨ ਦਾ ਯੂਐੱਨ ਵਿਚ ਪ੍ਰਤੀਨਿਧ ਰਿਹਾ। 1971 ਵਿਚ ਯੂਐੱਨ ਨੇ ਇਹ ਪ੍ਰਤੀਨਿਧ ਰੁਤਬਾ ਮੁੱਖ ਚੀਨੀ ਧਰਤੀ ਦੀ ਸਰਕਾਰ ਨੂੰ ਦਿੱਤਾ। ਤਾਇਵਾਨ ਟਾਪੂ ਦਾ ਅੱਜ ਤੱਕ ਵੀ ਨਾਮ 'ਰਿਪਬਲਿਕ ਆਫ ਚਾਈਨਾ' ਹੈ ਪਰ ਉਹ ਰੋਜ਼ਮੱਰਾ ਸ਼ਾਸਨ ਵਜੋਂ ਆਜ਼ਾਦ ਹੈ ਤੇ ਖੁਦ ਨੀਤੀਆਂ ਬਣਾਉਂਦਾ ਹੈ। ਕੁਝ ਸਾਲਾਂ ਤੋਂ ਤਾਇਵਾਨ ਚੋਣਾਂ ਵਿਚ ਘੋਰ ਚੀਨ ਵਿਰੋਧੀ ਜਿੱਤੇ ਜੋ ਮੁਕੰਮਲ ਆਜ਼ਾਦੀ ਦਾ ਨਾਅਰਾ ਦੇ ਕੇ ਅਮਰੀਕਾ ਨਾਲ ਜੁੜਨ ਦੇ ਰਾਹੇ ਪੈ ਗਏ ਹਨ ਜੋ ਚੀਨ ਨੂੰ ਮਨਜ਼ੂਰ ਨਹੀਂ। ਕੌਮਾਂਤਰੀ ਕਾਇਦੇ-ਕਾਨੂੰਨ ਜਿਸ ਨੂੰ ਅਮਰੀਕਾ ਵੀ ਮੰਨਦਾ, ਮੁਤਾਬਕ ਤਾਇਵਾਨ ਅਲੱਗ ਦੇਸ਼ ਨਹੀਂ, ਚੀਨ ਦਾ ਅਲੱਗ ਖ਼ੁਦਮੁਖ਼ਤਾਰ ਹਿੱਸਾ ਹੈ ਜਿਸ ਦੀ ਆਪਣੀ ਕਰੰਸੀ ਤੇ ਫੌਜ ਹੈ ਪਰ ਕੁਝ ਸਾਲਾਂ ਤੋਂ ਚੀਨ ਅਮਰੀਕਾ ਦੇ ਵਿਗੜੇ ਸਬੰਧ ਵੀ ਕਲੇਸ਼ ਵਧਾਉਣ ਦਾ ਕਾਰਨ ਬਣੇ।

ਅਮਰੀਕਾ ਤਾਇਵਾਨ ਵਿਚ ਪੈਰ ਧਰਾਵਾ ਕਰ ਕੇ 'ਦੱਖਣੀ ਚੀਨ ਸਮੁੰਦਰ ਝਗੜੇ' ਵਿਚ ਵੀ ਮਜ਼ਬੂਤ ਹੋਣਾ ਚਾਹੁੰਦਾ ਤੇ ਯੂਕਰੇਨ ਵਾਂਗ ਚੀਨ ਦੇ ਐਨ ਕੋਲ ਆਪਣੀ ਫੌਜ ਚਾਹੁੰਦਾ ਹੈ। ਚੀਨ ਇਸ ਦਾ ਅੰਤਿਮ ਹੱਲ ਫੌਜ ਨਾਲ ਤਾਇਵਾਨ ਉੱਤੇ ਮੁਕੰਮਲ ਕਬਜ਼ਾ ਕਰ ਲੈਣ ਵਿਚ ਵੀ ਦੇਖਦਾ ਹੈ। ਮਾਹੌਲ ਪੂਰਾ ਗਰਮ ਹੈ। ਅਗਰ ਗੱਲ ਵਧਦੀ ਹੈ ਤਾਂ ਇਹ ਖਿੱਤਾ ਚੀਨ-ਅਮਰੀਕਾ ਜੰਗ ਦਾ ਮੈਦਾਨ ਬਣੇਗਾ ਜਿਸ ਵਿਚ ਦੇਰ ਸਵੇਰ ਜਪਾਨ ਅਤੇ ਉੱਤਰੀ ਕੋਰੀਆ ਵੀ ਹੋਣਗੇ। ਪਰਮਾਣੂ ਸ਼ਕਤੀ ਵਾਲੇ ਮੁਲਕ ਕਦੋਂ ਕੀ ਕਰ ਦੇਣ, ਕੋਈ ਨਹੀਂ ਜਾਣਦਾ। ਅਮਰੀਕੀ ਕਾਂਗਰਸ ਦੀ ਤਾਜ਼ਾ ਰਿਪੋਰਟ ਵਿਚ ਵੀ ਚੀਨ ਨੂੰ ਅਮਰੀਕੀ ਹਿੱਤਾਂ ਦਾ ਸਭ ਤੋਂ ਵੱਡਾ ਤੇ ਤਕੜਾ ਦੁਸ਼ਮਣ ਐਲਾਨਿਆ ਗਿਆ ਹੈ।

ਭਲਾ ਇਸ ਗੱਲ ਵਿਚ ਹੈ ਕਿ ਤਾਇਵਾਨ ਲੀਡਰਸ਼ਿਪ ਚੋਣਾਂ ਜਿੱਤਣ ਲਈ ਭੜਕਾਊ ਨਾਅਰਿਆਂ ਦੇ ਚੱਕਰੀਂ ਮੁਲਕ ਦਾ ਝੁੱਗਾ ਚੌੜ ਨਾ ਕਰਾ ਬੈਠੇ। ਤਾਇਵਾਨ ਖੁਸ਼ਹਾਲ ਹੈ, ਇਸ ਦਾ ਮੌਜੂਦਾ ਰੁਤਬਾ ਬਹਾਲ ਰਹੇ, ਚੀਨ ਅਮਰੀਕਾ ਪਿੱਛੇ ਹਟਣ ਪਰ ਕੋਈ ਧਿਰ ਪਿੱਛੇ ਹਟਣ ਨੂੰ ਤਿਆਰ ਨਹੀਂ।

ਜੇ ਗੱਲ ਕੋਰੀਅਨਾਂ ਦੀ ਕਰੀਏ ਤਾਂ ਕਹਿਣਾ ਪਵੇਗਾ ਕਿ ਕੋਰੀਆ ਨੂੰ ਜਪਾਨ ਨੇ 1945 ਤਕ ਗੁਲਾਮ ਬਣਾ ਕੇ ਕਬਜ਼ਾ ਅਤੇ ਜ਼ੁਲਮ ਕੀਤੇ। ਦੂਜੀ ਸੰਸਾਰ ਜੰਗ ਦੌਰਾਨ ਜਪਾਨ ਦੀ ਹਾਰ ਬਾਅਦ ਜਦ ਕਿਮ-ਇਲ-ਸੁੰਗ ਦੀ ਅਗਵਾਈ ਵਿਚ ਕੋਰੀਆ ਮੁਕਤ ਹੋਇਆ ਤਾਂ ਕੋਰੀਆ ਅਤੇ ਅਮਰੀਕਾ ਦਰਮਿਆਨ 1950 ਤੋਂ 1953 ਤਕ ਤਿੰਨ ਸਾਲ ਭਿਅੰਕਰ ਜੰਗ ਚੱਲੀ ਜਿਸ ਵਿਚ ਲਗਭਗ 25 ਲੱਖ ਮੌਤਾਂ ਹੋਈਆਂ; ਅੱਜ ਵੀ 'ਸੀਜ਼ ਫਾਇਰ' ਹੀ ਹੈ, ਸ਼ਾਂਤੀ ਸਮਝੌਤਾ ਕੋਈ ਨਹੀਂ ਹੋਇਆ। ਮੁਲਕ ਦੋ ਹਿੱਸਿਆਂ (ਉੱਤਰੀ ਕੋਰੀਆ, ਦੱਖਣੀ ਕੋਰੀਆ) ਵਿਚ ਵੰਡਿਆ ਗਿਆ। ਕਿਸੇ ਵੇਲੇ ਮੁੜ ਏਕੀਕਰਨ ਲਹਿਰ ਸੀ ਜੋ ਹੁਣ ਖਤਮ ਹੋ ਚੁੱਕੀ ਹੈ। ਉੱਤਰੀ ਕੋਰੀਆ 75 ਸਾਲਾਂ ਤੋਂ ਸਖ਼ਤ ਅਮਰੀਕੀ-ਯੂਐੱਨ ਪਾਬੰਦੀਆਂ ਦੀ ਮਾਰ ਝੱਲ ਰਿਹਾ ਹੈ, ਭਰਿਆ ਪੀਤਾ ਹੈ ਅਤੇ ਅਮਰੀਕਾ ਨੂੰ ਮੁੱਖ ਦੁਸ਼ਮਣ ਸਮਝਦਾ ਹੈ।

ਉੱਤਰੀ ਕੋਰੀਆ ਦਾ ਪਰਮਾਣੂ ਸ਼ਕਤੀ ਹੋਣਾ ਅਮਰੀਕਾ ਲਈ ਚਿੰਤਾ ਦਾ ਵਿਸ਼ਾ ਹੈ। ਦੱਖਣੀ ਕੋਰੀਆ ਵਿਚ ਹਜ਼ਾਰਾਂ ਅਮਰੀਕੀ ਫੌਜ ਬੈਠੀ ਹੈ, ਉੱਤਰੀ ਕੋਰੀਆ ਵਿਰੁੱਧ ਨਿੱਤ ਜੰਗੀ ਮਸ਼ਕਾਂ ਹੁੰਦੀਆਂ ਹਨ। ਉੱਤਰੀ ਕੋਰੀਆ ਨੂੰ ਚੀਨ ਤੇ ਰੂਸ ਦੀ ਹਮਾਇਤ ਹੈ। ਇਥੇ ਜਦੋਂ ਵੀ ਭੜਕੀ, ਆਮ ਜੰਗ ਨਹੀਂ, ਪਰਮਾਣੂ ਜਵਾਲਾ ਹੀ ਭੜਕਣੀ ਹੈ। ਚੰਗਾ ਹੋਵੇ ਜੇ ਇਕ ਦੂਜੇ ਦੀ ਹੋਂਦ ਨੂੰ ਬਰਾਬਰ ਮਾਨਤਾ ਦੇ ਕੇ ਅਮਨ ਸ਼ਾਂਤੀ ਦੀ ਕੋਈ ਪਹਿਲ ਕਿਸੇ ਪਾਸਿਉਂ ਹੋਵੇ।

ਭਾਰਤ-ਚੀਨ ਸਰਹੱਦੀ ਵਿਵਾਦ ਵੀ ਹੈ ਜਿਸ ਵਿਚ ਦੋਵੇਂ ਦੇਸ਼ ਗੱਲਬਾਤ ਨੂੰ ਪਹਿਲ ਦੇ ਰਹੇ ਹਨ। ਅਮਰੀਕਾ ਦੀ ਕੋਸ਼ਿਸ਼ ਹੈ ਕਿ 'ਕੁਆਡ' ਗਰੁੱਪ (ਭਾਰਤ, ਜਪਾਨ, ਆਸਟਰੇਲੀਆ ਤੇ ਅਮਰੀਕਾ) ਰਣਨੀਤਕ ਗਠਜੋੜ ਦਾ ਰੂਪ ਲੈ ਲਵੇ; ਤੇ ਕੱਲ੍ਹ ਨੂੰ ਚੀਨ ਵਿਰੁੱਧ ਜੰਗ ਵਿਚ ਭਾਰਤ ਅਮਰੀਕਾ ਦਾ ਜੰਗੀ ਭਾਈਵਾਲ/ਮਦਦਗਾਰ ਬਣੇ ਪਰ ਭਾਰਤ ਅਜੇ ਤਕ ਉਨ੍ਹਾਂ ਦੇ ਟੇਟੇ ਨਹੀਂ ਚੜ੍ਹਿਆ। ਇਹ ਕਹਿੰਦਾ ਹੈ ਕਿ ਅਸੀਂ ਤਾਂ ਵਾਤਾਵਰਨ, ਵਿਕਾਸ ਸਹਿਯੋਗ ਲਈ ਕੁਆਡ ਦੇ ਮੈਂਬਰ ਹਾਂ। ਚੰਗਾ ਹੈ ਜੇ ਬਚਿਆ ਰਹੇ ਕਿਉਂਕਿ ਅਮਰੀਕੀ ਵੀ ਅੱਗਿਓਂ ਕੱਚੀਆਂ ਗੋਲੀਆਂ ਨਹੀਂ ਖੇਡੇ। ਉਹ ਅਗਲੇ ਨੂੰ ਇਉਂ ਵਿਚ ਘੜੀਸ ਲੈਂਦੇ ਜਿਵੇਂ ਗਿੱਧਾ ਪਾਉਣ ਵਾਲੀਆਂ ਬੋਲੀ ਪਾ ਕੇ ਪਾਸੇ ਖਲੋਤੀ ਨੂੰ ਗੇੜਾ ਦੇਣ ਲਈ ਘੜੀਸ ਲੈਂਦੀਆਂ। ਰੂਸ ਨੇ ਹਮੇਸ਼ਾ ਭਾਰਤ ਚੀਨ ਤਣਾਓ ਵਧਣ ਤੋਂ ਰੋਕਣ ਵਿਚ ਭੂਮਿਕਾ ਨਿਭਾਈ ਹੈ।

ਹੁਣ ਚਿੰਤਾ ਅਤੇ ਵਿਚਾਰ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਵਿਵਾਦਾਂ (ਯੂਕਰੇਨ, ਫਲਸਤੀਨ, ਤਾਇਵਾਨ, ਕੋਰੀਆ) ਨੂੰ ਸੁਲਝਾਉਣ ਦੀ ਕੋਈ ਵੀ ਨਿੱਗਰ ਕੋਸ਼ਿਸ਼ ਨਜ਼ਰ ਨਹੀਂ ਆ ਰਹੀ; ਬੇਵਿਸ਼ਵਾਸੀ ਇੰਨੀ ਜ਼ਿਆਦਾ ਹੈ ਕਿ ਪੁੱਛੋ ਨਾ। ਸੱਚ ਇਹ ਹੈ ਰੂਸ, ਚੀਨ, ਅਮਰੀਕਾ ਦਰਮਿਆਨ ਯੁੱਧ ਛਿੜਿਆ ਤਾਂ ਅਖ਼ਿਰਕਾਰ ਪਰਮਾਣੂ ਜੰਗ ਵੱਲ ਹੀ ਜਾਏਗਾ। ਮਨੁੱਖੀ ਨਸਲ ਦਾ ਘਾਣ ਹੋਣ ਦਾ ਖ਼ਤਰਾ ਹੈ।

ਅੰਦਾਜ਼ਾ ਹੈ ਕਿ ਜੇ ਵੱਡਾ ਪਰਮਾਣੂ ਯੁੱਧ ਛਿੜਿਆ ਵੀ ਤਾਂ ਇਸ ਦਾ ਅਸਰ ਭਾਵੇਂ ਸਾਰੀ ਦੁਨੀਆ 'ਤੇ ਪਵੇਗਾ ਪਰ ਦੁਨੀਆ ਦੇ ਕੁਝ ਹਿੱਸੇ ਇਸ ਦੇ ਸੇਕ ਤੋਂ ਬਚੇ ਰਹਿਣਗੇ। ਭਾਰਤ ਤੇ ਪਾਕਿਸਤਾਨ ਕਿਸੇ ਬੰਨਿਓਂ ਲੱਤ ਗੱਡ ਕੇ ਨਹੀਂ ਕੁੱਦਣਗੇ। ਸਾਰੇ ਲਾਤੀਨੀ ਅਮਰੀਕੀ ਅਤੇ ਅਫਰੀਕੀ ਦੇਸ਼ ਵੀ ਇਸ ਤੋਂ ਤਕਰੀਬਨ ਬਚੇ ਰਹਿਣਗੇ ਕਿਉਂਕਿ ਉਹ ਕਿਸੇ ਧੜੇ ਵਿਚ ਨਹੀਂ ਤੇ ਕੁਝ ਹੋਰ ਏਸ਼ੀਅਨ ਮੁਲਕ ਵੀ ਨਹੀਂ। ਉਂਝ, ਇਸ ਵਿਨਾਸ਼ਕਾਰੀ ਜੰਗ ਦੇ ਮਾਰੂ ਅਸਿੱਧੇ ਅਸਰਾਂ ਤੋਂ ਕੋਈ ਨਹੀਂ ਬਚੇਗਾ।

ਇਨ੍ਹਾਂ ਜੰਗਾਂ ਦੇ ਕਾਰਨਾਂ ਬਾਰੇ ਸਿਆਣਿਆਂ ਦਾ ਵਿਚਾਰ ਹੈ ਕਿ ਇਕ ਤਾਂ ਜਿਨ੍ਹਾਂ ਮੁਲਕਾਂ ਦਾ ਵਪਾਰ ਕਾਰੋਬਾਰ ਹਥਿਆਰ ਬਣਾਉਣ ਵੇਚਣ ਨਾਲ ਜੁੜਿਆ ਹੋਇਆ ਹੈ, ਉਨ੍ਹਾਂ ਨੇ ਕਦੀ ਵੀ ਦੁਨੀਆ ਉੱਤੇ ਸ਼ਾਂਤੀ ਨਹੀਂ ਹੋਣ ਦੇਣੀ। ਜ਼ਿਆਦਾਤਰ ਜੰਗਾਂ ਵਪਾਰਕ/ਮਾਇਕ ਹਿੱਤਾਂ ਲਈ ਹੁੰਦੀਆਂ। ਜਿਨ੍ਹਾਂ ਵਪਾਰਕ ਘਰਾਣਿਆਂ ਦੇ ਹਿੱਤਾਂ ਲਈ ਜੰਗਾਂ ਹੁੰਦੀਆਂ, ਉਹ ਕਦੀ ਕਿਸੇ ਜੰਗ ਵਿਚ ਨਹੀਂ ਮਰਦੇ, ਉਹ ਹਮੇਸ਼ਾ ਕਮਾਈਆਂ ਕਰਦੇ ਤੇ ਸੁੱਖ ਲੈਂਦੇ ਹਨ। ਇਹੀ ਅਸਲੀ ਹਾਕਮ ਨੇ। ਲੀਡਰ ਇਨ੍ਹਾਂ ਦੇ ਮੋਹਰੇ ਜੋ ਰਾਜ ਕਰਨ ਦੇ ਭੁਸ-ਭਰਮ ਖ਼ਾਤਿਰ ਕਿਸੇ ਵੀ ਹੱਦ ਤਕ ਜਾ ਸਕਦੇ। ਲੀਡਰ ਤਾਂ ਚੋਣਾਂ ਜਿੱਤਣ ਲਈ ਜੰਗ ਲਾ ਦੇਣ ਦੀਆਂ ਬੜ੍ਹਕਾਂ ਵੀ ਮਾਰ ਦਿੰਦੇ।

ਸੁਮੱਤ ਦੇਣ ਵਾਲਾ ਕੋਈ ਵੀ ਦੇਸ਼ ਇਸ ਵਕਤ ਸਾਹਮਣੇ ਨਹੀਂ ਆ ਰਿਹਾ। ਯੂਰੋਪੀਅਨ ਮੁਲਕਾਂ ਨੇ ਸ਼ੈਤਾਨੀ ਚੁੱਪ ਧਾਰੀ ਹੋਈ ਹੈ। ਉਹ ਅਮਰੀਕਾ ਦੀ ਕਾਰੋਬਾਰੀ ਜ਼ੋਰਾਵਰੀ ਤੋਂ ਔਖੇ ਵੀ ਹਨ, ਤੇ ਜਾਪਦਾ ਜਿਵੇਂ ਅੰਦਰੋਂ ਚਾਹ ਰਹੇ ਹੋਣ ਕਿ ਅਮਰੀਕਾ ਕਿਤੇ ਸਿੰਙ ਫਸਾ ਕੇ ਜ਼ਰਾ ਕੁ ਤੁੜਾ ਲਵੇ।

ਰੂਸ, ਚੀਨ, ਉੱਤਰੀ ਕੋਰੀਆ, ਇਰਾਨ ਆਪੋ-ਆਪਣੇ ਸਥਾਨਕ ਵਿਵਾਦਾਂ ਵਿਚ ਹਨ, ਬਾਕੀ ਕਿਸੇ ਥਾਂ ਜਾ ਕੇ ਮੋਹਰੀ ਨਹੀਂ ਲੇਕਿਨ ਅਮਰੀਕਾ ਦਾ ਕੋਈ ਵੀ ਸਥਾਨਕ ਵਿਵਾਦ ਨਹੀਂ, ਉਹ ਦੂਰ ਪਾਰ ਜਾ ਕੇ ਦੂਜਿਆਂ ਦੇ ਝਗੜਿਆਂ ਵਿਚ ਮੋਹਰੀ ਹੈ। ਇੰਨੇ ਪਾਸੀਂ ਖਾਹਮਖਾਹ ਸਿੱਧਾ ਫਸਣਾ ਅਮਰੀਕੀਆਂ ਦੇ ਹਿੱਤ ਵਿਚ ਨਹੀਂ। ਇਹ ਆਪਣੇ ਆਮ ਨਾਗਰਿਕਾਂ ਲਈ ਦੁਨੀਆ ਭਰ ਵਿਚ ਅਸੁਰੱਖਿਤ ਮਾਹੌਲ ਪੈਦਾ ਕਰਨ ਵਾਲੀ ਗੱਲ ਹੈ।

ਯੂਐੱਨ ਜ਼ੋਰਾਵਰ ਮੁਲਕਾਂ ਸਾਹਮਣੇ ਅਸਲੋਂ ਬੇਵਸ ਹੈ। ਇਹ ਜਿਹੜਾ ਵੀ ਮਤਾ ਪਾਸ ਕਰਦੀ ਹੈ, ਤਕੜੇ ਮੁਲਕ ਮੰਨਦੇ ਨਹੀਂ। ਜ਼ਰਾ ਸਮਰੱਥ ਮੁਲਕਾਂ ਵਿਚੋਂ ਸਿਰਫ ਭਾਰਤ ਹੈ ਜੋ ਵਿਚੋਲਾ ਬਣ ਸਕਦਾ ਹੈ, ਹੋਰਨਾ ਨੂੰ ਨਾਲ ਲੈ ਸਕਦਾ ਹੈ। ਇਸ ਦਾ 1947 ਤੋਂ ਹੀ ਹੋਰ ਮੁਲਕਾਂ ਨਾਲ ਭਾਈਚਾਰਾ ਚੰਗਾ ਹੈ ਪਰ ਸਾਡੀ ਮੌਜੂਦਾ ਲੀਡਰਸ਼ਿਪ ਦੇ ਭਾਈਚਾਰਕ ਪਿਆਰ ਪੱਖੋਂ ਵਿਚਾਰ, ਤੇਵਰ, ਕਾਰਗੁਜ਼ਾਰੀ ਸਮੇਂ ਦੇ ਹਾਣ ਦੀ ਨਹੀਂ ਲਗਦੀ; ਨਹੀਂ ਤਾਂ ਭਾਰਤ ਲਈ ਵੱਕਾਰ ਬਣਾਉਣ ਦਾ ਇਹ ਸਹੀ ਮੌਕਾ ਸੀ। ਸਾਡੀਆਂ ਵਿਰੋਧੀ ਪਾਰਟੀਆਂ ਸਮਝਦੀਆਂ ਕਿ ਕੌਮਾਂਤਰੀ ਮੁੱਦਿਆਂ ਉੱਤੇ ਬੋਲਣਾ ਖੌਰੇ ਸਿਰਫ ਸਰਕਾਰ ਦਾ ਹੀ ਕੰਮ ਹੁੰਦਾ; ਇਹ ਤਾਂ ਦੁਨੀਆ ਦੇ ਹਰ ਬੰਦੇ ਦੀ ਜ਼ਿੰਮੇਵਾਰੀ ਅਤੇ ਹੱਕ ਹੈ। ਸੰਸਾਰ ਅਮਨ ਲਹਿਰ ਵਕਤ ਦੀ ਲੋੜ ਹੈ।

# ਰੂਸ-ਯੂਕਰੇਨ ਯੁੱਧ ਦੌਰਾਨ ਕੂਟਨੀਤਕ ਨਾਕਾਮੀ ਅਤੇ ਪਰਮਾਣੂ ਜੰਗ ਦੇ ਖ਼ਤਰੇ



**ਡਾ. ਅਰੁਣ ਮਿੱਤਰਾ**

ਰੂਸੀ ਫੌਜਾਂ ਦੁਆਰਾ 8 ਜੁਲਾਈ 2024 ਨੂੰ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਓਖਮਤਦਿਤ ਬੱਚਿਆਂ ਦੇ ਹਸਪਤਾਲ 'ਤੇ ਮਿਜ਼ਾਈਲ ਹਮਲਾ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫਤਰ ਅਨੁਸਾਰ ਗਾਜ਼ਾ ਵਿੱਚ ਸੰਘਰਸ਼ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ 36 ਵਿੱਚੋਂ 31 ਹਸਪਤਾਲਾਂ ਨੂੰ ਨੁਕਸਾਨ ਪੁੱਜਾ ਹੈ ਜਾਂ ਤਬਾਹ ਕਰ ਦਿੱਤਾ ਗਿਆ ਹੈ। 500 ਤੋਂ ਵੱਧ ਸਿਹਤ ਸੰਭਾਲ ਕਰਮਚਾਰੀ ਮਾਰੇ ਗਏ ਹਨ। ਜਨੇਵਾ ਕਨਵੈਨਸ਼ਨ ਦੀ ਧਾਰਾ 18 ਵਿਚ ਕਿਹਾ ਗਿਆ ਹੈ ਕਿ ਨਾਗਰਿਕ ਹਸਪਤਾਲ ਵਜੋਂ ਮਨੋਨੀਤ ਇਮਾਰਤ ਹਮਲੇ ਦਾ ਨਿਸ਼ਾਨਾ ਨਹੀਂ ਹੋ ਸਕਦੀ ਪਰ ਯੂਐੱਨਓ ਸਮੇਤ ਕਈ ਅਪੀਲਾਂ ਦੇ ਬਾਵਜੂਦ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਜੰਗ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ, ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਪਿਛਲੇ ਸਮੇਂ ਦੌਰਾਨ ਹੋਣ ਵਾਲੀਆਂ ਜੰਗਾਂ ਵਿੱਚ ਬੱਚਿਆਂ ਨੂੰ ਵਧੇਰੇ ਨਿਸ਼ਾਨਾ ਬਣਾਏ ਜਾਣ ਦੀਆਂ ਖਬਰਾਂ ਬੜੀਆਂ ਦਰਦਨਾਕ ਹਨ। ਬੱਚਿਆਂ ਨੂੰ ਮਦਦ ਲਈ ਰੋਂਦੇ ਵਿਲਕਦੇ, ਆਪਣੇ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਕੋਲ ਬੈਠੇ ਦੇਖ ਕੇ ਦਿਲ ਪਸੀਜਦਾ ਹੈ। ਉਹ ਤਾਂ ਇਹ ਵੀ ਨਹੀਂ ਸਮਝਦੇ ਕਿ ਅਸਲ ਵਿੱਚ ਹੋ ਕੀ ਰਿਹਾ ਹੈ ਅਤੇ ਭਵਿੱਖ ਵਿੱਚ ਉਨ੍ਹਾਂ ਲਈ ਕੀ ਰੱਖਿਆ ਹੋਇਆ ਹੈ। ਇਜ਼ਰਾਇਲੀ ਹਮਲੇ ਦੇ ਨਤੀਜੇ ਵਜੋਂ ਗਾਜ਼ਾ ਵਿੱਚ ਲਗਭਗ 15000 ਬੱਚਿਆਂ ਦਾ ਕਤਲੇਆਮ ਮੌਜੂਦਾ ਸਮੇਂ ਦਾ ਸਭ ਤੋਂ ਘਿਨਾਉਣਾ ਅਪਰਾਧ ਹੈ।

ਆਧੁਨਿਕ ਯੁੱਧ ਦੌਰਾਨ ਮਾਰੇ ਗਏ ਗੈਰ-ਲੜਾਕੂਆਂ ਦੀ ਗਿਣਤੀ ਲੜਾਕਿਆਂ ਨਾਲੋਂ ਕਿਤੇ ਵੱਧ ਹੁੰਦੀ ਹੈ। 1990 ਦੇ ਦਹਾਕੇ ਦੌਰਾਨ ਜੰਗਾਂ ਵਿੱਚ ਮਾਰੇ ਗਿਆਂ ਵਿੱਚ 90% ਤੋਂ ਵੱਧ ਆਮ ਨਾਗਰਿਕ ਸਨ; ਸੈਨਿਕਾਂ ਨਾਲੋਂ ਵੱਧ ਬੱਚੇ ਮਰੇ। ਪਿਛਲੇ ਦਹਾਕਿਆਂ ਦੌਰਾਨ ਯੁੱਧ ਦੀਆਂ ਰਣਨੀਤੀਆਂ ਵਿੱਚ ਆਈਆਂ ਤਬਦੀਲੀਆਂ ਦੇ ਨਤੀਜੇ ਵਜੋਂ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ।

ਯੁੱਧ ਅਤਿਅੰਤ ਦੁੱਖ ਦਾ ਕਾਰਨ ਬਣਦਾ ਹੈ। ਸਮੇਂ ਦੇ ਕਿਸੇ ਵੀ ਪਲ ਜੀਵਨ ਦੀ ਅਨਿਸ਼ਚਿਤਤਾ ਹੁੰਦੀ ਹੈ। ਉਜਾੜੇ, ਸੱਟ ਅਤੇ ਮੌਤ ਦਾ ਡਰ ਹਮੇਸ਼ਾ ਲੱਗਿਆ ਰਹਿੰਦਾ ਹੈ। ਆਮ ਜੀਵਨ ਰੁਕ ਜਾਂਦਾ ਹੈ। ਸਕੂਲ ਬੰਦ ਹੋ ਜਾਂਦੇ ਹਨ। ਸੈਰ ਸਪਾਟਾ ਖਤਮ। ਅਰਥਵਿਵਸਥਾ ਸੁਸਤ ਹੋ ਜਾਂਦੀ ਹੈ। ਹਥਿਆਰਾਂ 'ਤੇ ਫਜ਼ੂਲ ਖਰਚੀ ਵਿਚ ਕਈ ਗੁਣਾ ਵਾਧਾ ਹੁੰਦਾ ਹੈ। ਇਸ ਨਾਲ ਜੰਗ ਦੇ ਖੇਤਰ ਵਿੱਚ ਹਰ ਪਾਸੇ ਭੁੱਖ, ਆਮ ਲੋੜਾਂ ਦੀਆਂ ਵਸਤਾਂ ਦੀ ਗੰਭੀਰ ਕਮੀ, ਤਬਾਹੀ ਅਤੇ ਰੋਣਾ ਵਿਲਕਣਾ ਵਧ ਜਾਂਦਾ ਹੈ। ਕਈ ਵਾਰ ਜੰਗਾਂ ਸੱਭਿਆਚਾਰਾਂ ਇੱਥੋਂ ਤੱਕ ਕਿ ਸਭਿਅਤਾਵਾਂ ਦੀ ਤਬਾਹੀ ਦਾ ਕਰਨ ਬਣ ਜਾਂਦੀਆਂ ਹਨ। ਜੰਗ ਵਾਤਾਵਰਨ ਵਿਚ ਨਿਘਾਰ ਦਾ ਵੱਡਾ ਕਾਰਨ ਹੈ। ਸੰਸਾਰ ਭਰ ਦੀਆਂ ਫੌਜੀ ਕਾਰਵਾਈਆਂ ਦੀ ਵਾਤਾਵਰਨ ਵਿੱਚ ਆ ਰਹੇ ਨਿਘਾਰ ਵਿੱਚ 6% ਹਿੱਸੇਦਾਰੀ ਹੈ। ਅਜੋਕੇ ਸਮੇਂ ਯੁੱਧ ਦੇ ਪ੍ਰਭਾਵ ਕੇਵਲ ਖੇਤਰੀ ਨਹੀਂ ਰਹਿੰਦੇ ਬਲਕਿ ਇਸ ਦੇ ਆਲਮੀ ਅਸਰ ਪੈਂਦੇ ਹਨ। ਹਮਦਰਦੀ, ਪਿਆਰ ਤੇ ਸਨੇਹ ਜੋ ਬੰਦੇ ਦਾ ਸੁਭਾਵਿਕ ਵਿਹਾਰ ਹੈ, ਵਿਗੜ ਜਾਂਦਾ ਹੈ। ਬੱਚਿਆਂ ਅਤੇ ਔਰਤਾਂ ਲਈ ਵੀ ਕੋਈ ਹਮਦਰਦੀ ਨਹੀਂ ਰਹਿ ਜਾਂਦੀ। ਅਸਲ ਵਿੱਚ ਬਹੁਤ ਸਾਰੀਆਂ ਜੰਗੀ ਹਾਲਤਾਂ ਵਿੱਚ ਬੱਚਿਆਂ ਅਤੇ ਔਰਤਾਂ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ; ਇੱਥੋਂ ਤੱਕ ਕਿ ਉਨ੍ਹਾਂ ਨੂੰ ਯੁੱਧ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਹੈ।

ਇਹ ਬਹੁਤ ਮੰਦਭਾਗੀ ਗੱਲ ਹੈ ਕਿ ਜਿੱਥੇ ਅੱਜ ਜੰਗ ਦੀ ਹਰ ਘਟਨਾ ਸਾਡੇ ਘਰਾਂ ਦੀਆਂ ਸਕ੍ਰੀਨਾਂ 'ਤੇ ਆਸਾਨੀ ਨਾਲ ਦਿਖਾਈ ਦਿੰਦੀ ਹੈ, ਅਸੀਂ ਉਨ੍ਹਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਾਂ। ਸੰਵਾਦ ਰਾਹੀਂ ਜੰਗਾਂ ਨੂੰ ਰੋਕਣ ਲਈ ਕੋਈ ਗੰਭੀਰ ਸਮੂਹਿਕ ਯਤਨ ਨਹੀਂ ਹੋ ਰਿਹਾ ਸਗੋਂ ਪਿਛਲੇ ਕੁਝ ਦਹਾਕਿਆਂ ਵਿੱਚ ਲੋਕਤੰਤਰ ਦੀ ਸਥਾਪਨਾ ਜਾਂ ਅਤਿਵਾਦ ਨਾਲ ਲੜਨ ਦੇ ਬਹਾਨੇ ਵੱਡੀਆਂ ਸ਼ਕਤੀਆਂ ਦੂਜੇ ਦੇਸ਼ਾਂ ਵਿੱਚ ਦਖਲਅੰਦਾਜ਼ੀ ਵਧਾ ਰਹੀਆਂ ਹਨ। ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਦਾ ਇਰਾਕ 'ਤੇ ਹਮਲਾ, ਅਤਿਵਾਦ ਨਾਲ ਨਜਿੱਠਣ ਦੇ ਨਾਂ 'ਤੇ ਅਫਗਾਨਿਸਤਾਨ ਵਿੱਚ ਹਥਿਆਰਬੰਦ ਦਖ਼ਲ ਅਤੇ ਲੀਬੀਆ 'ਤੇ ਹਮਲਾ ਇਨ੍ਹਾਂ ਦੀਆਂ ਉਦਾਹਰਨਾਂ ਹਨ। ਸੀਰੀਆ ਅਤੇ ਕੁਝ ਅਫਰੀਕੀ ਦੇਸ਼ਾਂ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਇਨ੍ਹਾਂ ਦੀ ਭੂਮਿਕਾ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਅਜਿਹੀਆਂ ਕਾਰਵਾਈਆਂ ਨਾਲ ਹਥਿਆਰਾਂ 'ਤੇ ਖਰਚੇ ਨੂੰ ਘਟਾਉਣ ਦੀ ਬਜਾਇ ਸੰਸਾਰ ਫੌਜੀ ਖਰਚਿਆਂ ਵਿੱਚ ਵਾਧਾ ਹੋਇਆ ਹੈ ਜੋ 2022 ਵਿੱਚ 2240 ਬਿਲੀਅਨ ਡਾਲਰ ਹੋ ਗਿਆ।

**(ਬਾਕੀ ਅਗਲੇ ਸਫੇ 'ਤੇ)**

# ਅਰਧ-ਖਾਨਾਬਦੌਸ਼ ਆਦਿਵਾਸੀ ਭਾਈਚਾਰਾ, ਜਿਸ ਦੇ ਬੰਦੇ ਬਹੁਤੇ 50 ਸਾਲ ਤੋਂ ਵੱਧ ਨਹੀਂ ਜਿਉਂਦੇ

ਉਸ ਦੇ ਆਈਡੀ ਕਾਰਡ ਮੁਤਾਬਕ ਉਨ੍ਹਾਂ ਦੀ ਉਮਰ 84 ਸਾਲ ਦੀ ਹੈ, ਪਰ 10 ਮਿੰਟਾਂ ਦੇ ਅੰਦਰ, ਉਸਨੇ ਜੜ੍ਹਾਂ ਤੋਂ ਕੰਦ (ਖਾਣ ਵਾਲੀ ਸਬਜ਼ੀ) ਕੱਢਣ ਲਈ ਤਿੰਨ ਯੂਕਾ ਦੇ ਦਰੱਖਤ ਪੁੱਟੇ ਅਤੇ ਆਪਣੇ ਚਾਕੂ ਦੇ ਸਿਰਫ ਦੋ ਵਾਰਾਂ ਨਾਲ, ਇੱਕ ਰੁੱਖ ਨੂੰ ਕੱਟ ਦਿੱਤਾ। ਉਹ ਆਪਣੀ ਪਿੱਠ 'ਤੇ ਫਲਾਂ ਦੀ ਇੱਕ ਵੱਡੀ ਗਠੜੀ ਚੁੱਕਦੀ ਹੈ ਅਤੇ ਘਰ ਵੱਲ ਤੁਰ ਪੈਂਦੀ ਹੈ। ਉਹ ਆਪਣੇ ਖੇਤਾਂ ਵਿੱਚ ਸੀ, ਜਿੱਥੇ ਉਹ ਮੱਕੀ, ਫ਼ਲ, ਚੌਲ ਆਦਿ ਉਗਾਉਂਦੀ ਹੈ। ਮਾਰਟੀਨਾ 16,000 ਚੀਮੈਨੇ ਵਿੱਚੋਂ ਇੱਕ ਹੈ। ਇਹ ਬੋਲੀਵੀਆ ਦੀ ਰਾਜਧਾਨੀ, ਲਾ ਪਾਜ਼ ਤੋਂ 600 ਕਿਲੋਮੀਟਰ ਉੱਤਰ ਵਿੱਚ ਐਮਾਜ਼ਨ ਰੇਨਫੋਰੈਸਟ ਦੇ ਇਲਾਕੇ ਵਿੱਚ ਰਹਿਣ ਵਾਲਾ ਇੱਕ ਅਰਧ-ਖਾਨਾਬਦੌਸ਼ ਆਦਿਵਾਸੀ ਭਾਈਚਾਰਾ ਹੈ। ਉਸ ਦਾ ਅਜਿਹਾ ਜੋਸ਼ ਉਸ ਦੀ ਉਮਰ ਦੇ ਚੀਮੈਨਿਆਂ ਲਈ ਅਸਧਾਰਨ ਨਹੀਂ ਹੈ। ਵਿਗਿਆਨੀਆਂ ਨੇ ਇਸ ਸਮੂਹ ਵਿੱਚ ਹੁਣ ਤੱਕ ਦੀ ਸਭ ਤੋਂ ਸਿਹਤਮੰਦ ਧਮਨੀਆਂ ਦਾ ਅਧਿਐਨ ਕੀਤਾ ਗਿਆ ਹੈ, ਅਤੇ ਸਿੱਟਾ ਕੱਢਿਆ ਹੈ ਕਿ ਉਨ੍ਹਾਂ ਦੇ ਦਿਮਾਗ਼ ਦੀ ਉਮਰ ਉੱਤਰੀ ਅਮਰੀਕਾ, ਯੂਰਪ ਅਤੇ ਹੋਰ ਥਾਵਾਂ ਦੇ ਲੋਕਾਂ ਨਾਲੋਂ ਹੌਲੀ-ਹੌਲੀ ਵਧਦੀ ਹੈ। ਚਿਮੈਨੇ ਦੁਰਲੱਭ ਹੈ। ਉਹ ਧਰਤੀ ਦੇ ਉਨ੍ਹਾਂ ਆਖ਼ਰੀ ਲੋਕਾਂ ਵਿੱਚੋਂ ਹਨ ਜੋ ਸ਼ਿਕਾਰ, ਚਾਰਾ ਅਤੇ ਖੇਤੀ ਦੀ ਉੱਤੇ ਨਿਰਭਰ ਪੂਰੀ ਤਰ੍ਹਾਂ ਨਿਰਵਿਘਨ ਜੀਵਨ ਸ਼ੈਲੀ ਜੀਉਂਦੇ ਹਨ।

ਇਹ ਸਮੂਹ ਇੱਕ ਵਿਸ਼ਾਲ ਵਿਗਿਆਨਕ ਨਮੂਨਾ ਪ੍ਰਦਾਨ ਕਰਨ ਲਈ ਵੀ ਕਾਫ਼ੀ ਵੱਡਾ ਹੈ ਅਤੇ ਨਿਊ ਮੈਕਸੀਕੋ ਯੂਨੀਵਰਸਿਟੀ ਦੇ ਮਾਨਵ-ਵਿਗਿਆਨੀ ਹੇਲਾਰਡ ਕਪਲਨ ਦੀ ਅਗਵਾਈ ਵਿੱਚ ਖੋਜਕਾਰਾਂ ਨੇ ਦੋ ਦਹਾਕਿਆਂ ਤੋਂ ਇਸ ਦਾ ਅਧਿਐਨ ਕੀਤਾ ਹੈ। ਚਿਮੈਨੇ ਜਾਨਵਰਾਂ ਦਾ ਸ਼ਿਕਾਰ ਕਰਨ, ਭੋਜਨ ਉਗਾਉਣ ਅਤੇ ਛੱਤਾਂ ਬੁਣਨ ਵਿੱਚ ਨਿਰੰਤਰ ਸਰਗਰਮ ਹਨ। ਇਹ ਲੋਕ ਉਦਯੋਗਿਕ ਅਬਾਦੀ ਦੇ ਲੋਕਾਂ ਜੋ ਆਪਣਾ 54 ਫੀਸਦ ਦਿਨ ਬੈਠ ਕੇ ਬਿਤਾਉਂਦੇ ਹਨ, ਦੇ ਮੁਕਾਬਲੇ ਸਿਰਫ਼ 10 ਫੀਸਦ ਘੰਟੇ ਹੀ ਬੈਠਣ ਵਾਲੀਆਂ ਗਤੀਵਿਧੀਆਂ ਕਰਦੇ ਹਨ। ਉਦਾਹਰਨ ਲਈ, ਇੱਕ ਔਸਤ ਸ਼ਿਕਾਰ, 8 ਘੰਟੇ ਤੋਂ ਵੱਧ ਰਹਿੰਦਾ ਹੈ ਅਤੇ 18 ਕਿਲੋਮੀਟਰ ਦਾ ਪੈਂਡਾ (11 ਮੀਲ) ਤੈਅ ਕਰਦਾ ਹੈ। ਉਹ ਮੈਨੀਕੀ ਨਦੀ 'ਤੇ ਰਹਿੰਦੇ ਹਨ, ਨਜ਼ਦੀਕੀ ਸ਼ਹਿਰ ਤੋਂ ਕਿਸ਼ਤੀ ਦੁਆਰਾ ਲਗਭਗ 100 ਕਿਲੋਮੀਟਰ ਦੂਰ ਅਤੇ ਪ੍ਰੋਸੈਸਡ ਭੋਜਨ, ਅਲਕੋਹਲ ਅਤੇ ਸਿਗਰਟਾਂ ਤੱਕ ਉਨ੍ਹਾਂ ਦੀ ਬਹੁਤ ਘੱਟ ਪਹੁੰਚ ਹੈ।

### ਵਿਗਿਆਨਕ ਅਧਿਐਨ

ਖੋਜਕਾਰਾਂ ਨੇ ਦੇਖਿਆ ਕਿ ਅਮਰੀਕਾ ਵਿੱਚ ਕੈਲੋਰੀ ਖਾਣ ਵਾਲੇ ਲੋਕਾਂ ਵਿੱਚ 34 ਫੀਸਦ ਦੇ ਮੁਕਾਬਲੇ ਉਹ ਸਿਰਫ 14% ਚਰਬੀ ਕੈਲੋਰੀ ਲੈਂਦੇ ਹਨ। ਉਨ੍ਹਾਂ ਦੇ ਭੋਜਨ ਵਿੱਚ ਫਾਈਬਰ ਦੀ ਮਾਤਰਾ ਵਧੇਰੇ ਹੁੰਦੀ ਹੈ ਅਤੇ ਅਮਰੀਕਾ ਵਿੱਚ 52 ਫੀਸਦ ਦੇ ਮੁਕਾਬਲੇ ਉਨ੍ਹਾਂ ਦੀਆਂ ਕੈਲੋਰੀਆਂ ਦਾ 72 ਫੀਸਦ ਕਾਰਬੋਹਾਈਡਰੇਟ ਤੋਂ ਆਉਂਦਾ ਹੈ। ਪ੍ਰੋਟੀਨ ਉਨ੍ਹਾਂ ਜਾਨਵਰਾਂ ਤੋਂ ਆਉਂਦੇ ਹਨ ਜਿਨ੍ਹਾਂ ਦਾ ਉਹ ਸ਼ਿਕਾਰ ਕਰਦੇ ਹਨ, ਜਿਵੇਂ ਕਿ ਪੰਛੀ, ਬਾਂਦਰ ਅਤੇ ਮੱਛੀ। ਜਦੋਂ ਖਾਣਾ ਪਕਾਉਣ ਦੀ ਗੱਲ ਆਉਂਦੀ ਹੈ, ਤਾਂ ਰਵਾਇਤੀ ਤੌਰ 'ਤੇ ਬਣਾਉਂਦੇ ਹਨ, ਤਲਦੇ ਨਹੀਂ ਹਨ। ਕੈਲੀਫੋਰਨੀਆ ਯੂਨੀਵਰਸਿਟੀ, ਸੈਂਟਾ ਬਾਰਬਰਾ ਦੇ ਪ੍ਰੋ. ਕਪਲਨ ਅਤੇ ਉਨ੍ਹਾਂ ਦੇ ਸਹਿਯੋਗੀ ਮਾਈਕਲ ਗੁਰਵੇਨ ਦਾ ਸ਼ੁਰੂਆਤੀ ਕੰਮ ਮਾਨਵ-ਵਿਗਿਆਨਕ ਵਜੋਂ ਸੀ। ਪਰ ਉਨ੍ਹਾਂ ਨੇ ਦੇਖਿਆ ਕਿ ਬਜ਼ੁਰਗ ਚਿਮੈਨਿਆਂ ਵਿੱਚ ਬੁਢਾਪੇ ਦੀਆਂ ਖ਼ਾਸ ਬਿਮਾਰੀਆਂ ਜਿਵੇਂ ਕਿ ਹਾਈਪਰਟੈਨਸ਼ਨ, ਸ਼ੂਗਰ ਜਾਂ ਦਿਲ ਦੀਆਂ ਸਮੱਸਿਆਵਾਂ ਦੇ ਲੱਛਣ ਨਹੀਂ ਦਿਖਾਈ ਦਿੰਦੇ ਸਨ। ਫਿਰ 2013 ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਨੇ ਉਨ੍ਹਾਂ ਦਾ ਧਿਆਨ ਖਿੱਚਿਆ। ਅਮਰੀਕੀ ਕਾਰਡੀਓਲੋਜਿਸਟ ਰੈਂਡਲ ਸੀ ਥੌਮਸਨ ਦੀ ਅਗਵਾਈ ਵਾਲੀ ਟੀਮ ਨੇ ਪ੍ਰਾਚੀਨ ਮਿਸਰੀ, ਇੰਕਾ ਅਤੇ ਉਨੰਗਨ ਸੱਭਿਅਤਾਵਾਂ ਦੀਆਂ 137 ਮੰਮੀਜ਼ ਦੀ ਜਾਂਚ ਕਰਨ ਲਈ ਸੀਟੀ ਸਕੈਨਿੰਗ ਦੀ ਵਰਤੋਂ ਕੀਤੀ।



ਜਿਵੇਂ-ਜਿਵੇਂ ਮਨੁੱਖ ਦੀ ਉਮਰ ਵਧਦੀ ਜਾਂਦੀ ਹੈ, ਚਰਬੀ, ਕੋਲੈਸਟ੍ਰੋਲ ਅਤੇ ਹੋਰ ਪਦਾਰਥਾਂ ਦਾ ਇਕੱਠੇ ਹੋਣ ਨਾਲ ਧਮਨੀਆਂ ਮੋਟੀਆਂ ਜਾਂ ਸਖ਼ਤ ਹੋ ਸਕਦੀਆਂ ਹਨ। ਜਿਸ ਨਾਲ ਐਥੀਰੋਸਕਲੇਰੋਸਿਸ ਹੋ ਸਕਦਾ ਹੈ। ਉਨ੍ਹਾਂ ਨੂੰ 47 ਮੰਮੀਜ਼ ਵਿੱਚ ਇਸ ਦੇ ਸੰਕੇਤ ਮਿਲੇ, ਜੋ ਕਿ ਇਹ ਆਧੁਨਿਕ ਜੀਵਨਸ਼ੈਲੀ ਦੇ ਕਾਰਨ ਹੋਣ ਵਾਲੀਆਂ ਧਾਰਨਾਵਾਂ ਨੂੰ ਚੁਣੌਤੀ ਦਿੰਦੇ ਹਨ।

### ਅਮਰੀਕੀ ਦੇ ਮੁਕਾਬਲੇ ਚਿਮੈਨੇ

ਦੋ ਖੋਜ ਟੀਮਾਂ ਨੇ ਮਿਲ ਕੇ ਕੋਰੋਨਰੀ ਆਰਟਰੀ ਕੈਲਸ਼ੀਅਮ (ਸੀਏਸੀ) ਦੀ ਭਾਲ ਵਿੱਚ, 40 ਸਾਲ ਤੋਂ ਵੱਧ ਉਮਰ ਦੇ 705 ਚਿਮੈਨਿਆਂ ਦੇ ਇਹ ਦੇਖਣ ਲਈ ਸੀਟੀ ਸਕੈਨ ਕੀਤੇ ਕਿ ਖ਼ੂਨ ਦੀਆਂ ਨਾੜੀਆਂ ਦੇ ਬੰਦ ਹੋਣ ਅਤੇ ਦਿਲ ਦੇ ਦੌਰੇ ਦੇ ਜੋਖ਼ਮ ਦੇ ਕੋਈ ਸੰਕੇਤ ਤਾਂ ਨਹੀਂ ਹਨ। 2017 ਵਿੱਚ ਪਹਿਲੀ ਵਾਰ ਦਿ ਲੈਂਸੇਟ ਵਿੱਚ ਪ੍ਰਕਾਸ਼ਿਤ ਹੋਏ ਅਧਿਐਨ ਮੁਤਾਬਕ, 75 ਤੋਂ ਵੱਧ ਉਮਰ ਦੇ 65 ਫੀਸਦ ਚਿਮੈਨਿਆਂ ਵਿੱਚ ਕੋਈ ਸੰਕੇਤ ਨਹੀਂ ਸਨ। ਇਸਦੇ ਮੁਕਾਬਲੇ, ਉਸ ਉਮਰ ਦੇ ਜ਼ਿਆਦਾਤਰ ਅਮਰੀਕੀਆਂ (80 ਫੀਸਦ) ਵਿੱਚ ਇਸਦੇ ਲੱਛਣ ਹਨ। ਜਿਵੇਂ ਕਿ ਕੈਪਲਨ ਨੇ ਕਿਹਾ, "75-ਸਾਲ ਦੇ ਚਿਮੈਨੇ ਦੀਆਂ ਧਮਨੀਆਂ 50-ਸਾਲ ਦੇ ਅਮਰੀਕਨ ਧਮਨੀਆਂ ਵਰਗੀਆਂ ਹਨ।"

ਨੈਸ਼ਨਲ ਅਕੈਡਮੀ ਆਫ਼ ਸਾਇੰਸ ਦੇ ਜਰਨਲ ਪ੍ਰੋਸੀਡਿੰਗਜ਼ ਵਿੱਚ 2023 ਵਿੱਚ ਪ੍ਰਕਾਸ਼ਿਤ ਇੱਕ ਦੂਜਾ ਪੜਾਅ, ਪਾਇਆ ਗਿਆ ਕਿ ਬਜ਼ੁਰਗ ਚਿਮੈਨੇ ਵਿੱਚ ਯੂਕੇ, ਜਾਪਾਨ ਅਤੇ ਅਮਰੀਕਾ ਵਰਗੇ ਉਦਯੋਗਿਕ ਦੇਸ਼ਾਂ ਵਿੱਚ ਉਸੇ ਉਮਰ ਦੇ ਲੋਕਾਂ ਨਾਲੋਂ 70 ਫੀਸਦ ਘੱਟ ਦਿਮਾਗ਼ੀ ਬਿਮਾਰੀਆਂ ਨਾਲ ਜੁੜੇ ਕੋਈਆ ਸੰਕੇਤ ਸਨ।

ਖੋਜਕਾਰਾਂ ਲਈ ਇੱਕ ਮੈਡੀਕਲ ਕੋਆਰਡੀਨੇਟਰ, ਬੋਲੀਵੀਆਈ ਡਾਕਟਰ ਡੇਨੀਅਲ ਈਡ ਰੋਡਰਿਗਜ਼ ਨੇ ਸਾਨੂੰ ਦੱਸਿਆ, "ਸਾਨੂੰ ਪੂਰੀ ਬਾਲਗ਼ ਆਬਾਦੀ ਵਿੱਚ ਅਲਜ਼ਾਈਮਰ ਦੇ ਜ਼ੀਰੋ ਕੇਸ ਮਿਲੇ। ਇਹ ਕਮਾਲ ਦੀ ਗੱਲ ਹੈ।" ਚਿਮੈਨਿਆਂ ਦੀ ਉਮਰ ਬਾਰੇ ਕੰਮ ਕਰਨਾ, ਹਾਲਾਂਕਿ, ਇੱਕ ਸਹੀ ਵਿਗਿਆਨ ਨਹੀਂ ਹੈ। ਕਈਆਂ ਨੂੰ ਗਿਣਤੀ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਕਿਉਂਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਨੰਬਰ ਨਹੀਂ ਸਿਖਾਏ ਗਏ ਹਨ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਉਹ ਖੇਤਰ ਵਿੱਚ ਈਸਾਈ ਮਿਸ਼ਨਾਂ ਦੇ ਰਿਕਾਰਡਾਂ ਦੁਆਰਾ ਜਾਂ ਉਹ ਕਿੰਨੇ ਸਮੇਂ ਤੋਂ ਇੱਕ ਦੂਜੇ ਨੂੰ ਜਾਣਦੇ ਹਨ, ਇਸ ਤੋਂ ਸੇਧ ਲੈਂਦੇ ਹਨ। ਵਿਗਿਆਨੀ ਕਿਸੇ ਵਿਅਕਤੀ ਦੇ ਬੱਚਿਆਂ ਦੀ ਉਮਰ ਦੇ ਆਧਾਰ 'ਤੇ ਗਣਨਾ ਕਰਦੇ ਹਨ। ਉਨ੍ਹਾਂ ਦੇ ਰਿਕਾਰਡਾਂ ਅਨੁਸਾਰ, ਹਿਲਡਾ 81 ਸਾਲਾਂ ਦੀ ਹੈ, ਪਰ ਉਹ ਕਹਿੰਦੀ ਹੈ ਕਿ ਹਾਲ ਹੀ ਵਿੱਚ ਉਸ ਦੇ ਪਰਿਵਾਰ ਨੇ ਉਸਦਾ "100ਵਾਂ ਜਨਮ ਦਿਨ ਜਾਂ ਅਜਿਹਾ ਕੁਝ" ਮਨਾਉਣ ਲਈ ਇੱਕ ਸੂਰ ਨੂੰ ਮਾਰਿਆ ਸੀ।

### ਬਚਪਨ ਦੀਆਂ ਲਾਗਾਂ

ਜੁਆਨ ਮੁਤਾਬਕ ਉਨ੍ਹਾਂ ਦੀ ਉਮਰ 78 ਸਾਲ ਹੈ ਅਤੇ ਸਾਨੂੰ ਸ਼ਿਕਾਰ ਲਈ, ਨਾਲ ਲੈ ਕੇ ਬਾਹਰ ਲੈ ਜਾਂਦਾ ਹੈ। ਉਸ ਦੇ ਵਾਲ ਕਾਲੇ ਹਨ, ਉਸ ਦੀਆਂ ਅੱਖਾਂ ਦੀ ਰੌਸ਼ਨੀ ਬਿਲਕੁਲ ਸਹੀ-ਸਲਾਮਤ ਹੈ ਅਤੇ ਉਸ ਦੇ ਹੱਥਾਂ ਦੀਆਂ ਮਾਸਪੇਸ਼ੀਆਂ ਮਜ਼ਬੂਤ ਹਨ। ਅਸੀਂ ਦੇਖਦੇ ਹਾਂ ਕਿ ਉਹ ਇੱਕ ਛੋਟੇ ਵਾਲਾਂ ਵਾਲੇ ਜੰਗਲੀ ਸੂਰ ਦਾ ਪਿੱਛਾ ਕਰਦਾ ਹੈ ਜੋ ਕਿ ਪੱਤਿਆਂ ਵਿੱਚ ਲੁਕ ਕੇ ਭੱਜ ਜਾਂਦਾ ਹੈ। ਉਹ ਮੰਨਦਾ ਹੈ ਕਿ ਉਹ ਆਪਣੀ ਉਮਰ ਮਹਿਸੂਸ ਕਰਦਾ ਹੈ, "ਹੁਣ ਸਭ ਤੋਂ ਮੁਸ਼ਕਲ ਚੀਜ਼ ਮੇਰਾ ਸਰੀਰ ਹੈ। ਮੈਂ ਹੋਰ ਜ਼ਿਆਦਾ ਨਹੀਂ ਤੁਰਦਾ... ਵੱਧ ਤੋਂ ਵੱਧ ਦੋ ਦਿਨ ਹੋਣਗੇ।"

ਮਾਰਟੀਨਾ ਸਹਿਮਤ ਹੈ। ਚਿਮੈਨੇ ਔਰਤਾਂ ਜਟਾਟਾ ਨਾਮ ਦੇ ਜੰਗਲ ਵਿੱਚ ਉੱਗਣ ਵਾਲੇ ਪੌਦੇ ਤੋਂ ਛੱਤਾਂ ਬੁਣਨ ਲਈ ਜਾਣੀਆਂ ਜਾਂਦੀਆਂ ਹਨ। ਇਸ ਨੂੰ ਲੱਭਣ ਲਈ, ਮਾਰਟੀਨਾ ਨੂੰ ਤਿੰਨ ਘੰਟੇ ਪੌਦੇ ਕੋਲ ਪਹੁੰਚਣ ਅਤੇ ਤਿੰਨ ਘੰਟੇ ਪਿੱਠ ਉੱਤੇ ਪੌਦੇ ਲੱਦ ਕੇ ਵਾਪਸ ਆਉਣਾ ਲਈ ਤੁਰਨਾ ਪੈਂਦਾ ਹੈ। ਉਹ ਕਹਿੰਦੀ ਹੈ, "ਮੈਂ ਮਹੀਨੇ ਵਿੱਚ ਇੱਕ ਜਾਂ ਦੋ ਵਾਰ ਅਜਿਹਾ ਕਰਦੀ ਹਾਂ, ਹਾਲਾਂਕਿ ਹੁਣ ਇਹ ਮੇਰੇ ਲਈ ਔਖਾ ਹੈ।" ਹਾਲਾਂਕਿ, ਬਹੁਤ ਸਾਰੇ ਚਿਮੈਨੇ ਕਦੇ ਵੀ ਬੁਢਾਪੇ ਤੱਕ ਨਹੀਂ ਪਹੁੰਚਦੇ। ਜਦੋਂ ਅਧਿਐਨ ਸ਼ੁਰੂ ਹੋਇਆ, ਉਨ੍ਹਾਂ ਦੀ ਔਸਤ ਜੀਵਨ ਸੰਭਾਵਨਾ ਸਿਰਫ਼ 45 ਸਾਲ ਸੀ, ਹੁਣ ਇਹ ਵਧ ਕੇ 50 ਹੋ ਗਈ ਹੈ। ਕਲੀਨਿਕ ਵਿੱਚ ਜਿੱਥੇ ਸਕੈਨ ਕੀਤੇ ਜਾਂਦੇ ਹਨ, ਡਾਕਟਰ ਈਦ ਬਜ਼ੁਰਗ ਔਰਤ ਨੂੰ ਉਨ੍ਹਾਂ ਦੇ ਪਰਿਵਾਰ ਬਾਰੇ ਪੁੱਛਦੇ ਹਨ ਕਿਉਂਕਿ ਉਹ ਜਾਂਚ ਕਰਨ ਦੀ ਤਿਆਰੀ ਕਰ ਰਹੇ ਹਨ।

ਆਪਣੀਆਂ ਉਂਗਲਾਂ 'ਤੇ ਗਿਣਦਿਆਂ, ਇਕ ਔਰਤ ਦੁਖੀ ਮਨ ਨਾਲ ਕਹਿੰਦੀ ਹੈ ਕਿ ਉਸ ਦੇ ਛੇ ਬੱਚੇ ਸਨ, ਜਿਨ੍ਹਾਂ ਵਿਚੋਂ ਪੰਜ ਦੀ ਮੌਤ ਹੋ ਗਈ। ਇਕ ਹੋਰ ਕਹਿੰਦੀ ਹੈ ਕਿ ਉਸ ਕੋਲ 12 ਸਨ, ਜਿਨ੍ਹਾਂ ਵਿਚੋਂ ਚਾਰ ਦੀ ਮੌਤ ਹੋ ਗਈ। ਇਕ ਹੋਰ ਕਹਿੰਦੀ ਹੈ ਕਿ ਉਸ ਦੇ ਨੌ ਬੱਚੇ ਅਜੇ ਵੀ ਜ਼ਿੰਦਾ ਹਨ, ਪਰ ਤਿੰਨ ਦੀ ਮੌਤ ਹੋ ਗਈ। ਡਾ ਈਦ ਕਹਿੰਦੇ ਹਨ, "ਇਹ ਲੋਕ ਜੋ 80 ਸਾਲ ਦੀ ਉਮਰ ਤੱਕ ਪਹੁੰਚਦੇ ਹਨ, ਉਹ ਲੋਕ ਸਨ, ਜੋ ਬਿਮਾਰੀਆਂ ਅਤੇ ਲਾਗਾਂ ਨਾਲ ਭਰੇ ਬਚਪਨ ਤੋਂ ਬਚਣ ਵਿੱਚ ਕਾਮਯਾਬ ਰਹੇ।" ਖੋਜਕਾਰਾਂ ਦਾ ਮੰਨਣਾ ਹੈ ਕਿ ਸਾਰੇ ਚਿਮੈਨਿਆਂ ਨੇ ਆਪਣੇ ਜੀਵਨ ਕਾਲ ਦੌਰਾਨ ਪਰਜੀਵੀਆਂ ਜਾਂ ਕੀੜਿਆਂ ਦੁਆਰਾ ਕਿਸੇ ਕਿਸਮ ਦੀ ਲਾਗ ਦਾ ਅਨੁਭਵ ਕੀਤਾ ਹੈ। ਉਨ੍ਹਾਂ ਨੂੰ ਉੱਚ ਪੱਧਰੀ ਜਰਾਸੀਮ ਅਤੇ ਸੋਜਸ਼ ਵੀ ਆਈ, ਜਿਸ ਦਾ ਮਤਲਬ ਹੈ ਕਿ ਚਿਮੈਨਿਆਂ ਦੇ ਸਰੀਰ ਲਗਾਤਾਰ ਲਾਗਾਂ ਨਾਲ ਲੜ ਰਹੇ ਸਨ।

ਇਸ ਨੇ ਉਨ੍ਹਾਂ ਨੂੰ ਹੈਰਾਨੀ ਹੋਈ ਕਿ ਸ਼ੁਰੂਆਤੀ ਲਾਗ ਖੁਰਾਕ ਅਤੇ ਕਸਰਤ ਤੋਂ ਇਲਾਵਾ ਬਜ਼ੁਰਗ ਚਿਮੈਨਿਆਂ ਦੇ ਸਿਹਤ ਦੇ ਪਿੱਛੇ ਹੋਰ ਕਾਰਕ ਹੋ ਸਕਦੇ ਹਨ। ਕਮਿਊਨਿਟੀ ਦੀ ਜੀਵਨ ਸ਼ੈਲੀ, ਹਾਲਾਂਕਿ, ਬਦਲ ਰਹੀ ਹੈ। ਜੁਆਨ ਦਾ ਕਹਿਣਾ ਹੈ ਕਿ ਉਹ ਮਹੀਨਿਆਂ ਤੋਂ ਕਿਸੇ ਵੱਡੇ ਜਾਨਵਰ ਦਾ ਸ਼ਿਕਾਰ ਨਹੀਂ ਕਰ ਸਕੇ। 2023 ਦੇ ਅੰਤ ਵਿੱਚ ਜੰਗਲ ਦੀ ਅੱਗ ਦੀ ਇੱਕ ਲੜੀ ਨੇ ਲਗਭਗ 20 ਲੱਖ ਹੈਕਟੇਅਰ ਜੰਗਲ ਨੂੰ ਤਬਾਹ ਕਰ ਦਿੱਤਾ। ਉਹ ਕਹਿੰਦੇ ਹਨ, "ਅੱਗ ਨੇ ਜਾਨਵਰਾਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ।"

ਉਸ ਨੇ ਹੁਣ ਪਸ਼ੂ ਪਾਲਣ ਸ਼ੁਰੂ ਕਰ ਦਿੱਤਾ ਹੈ। ਉਸਨੂੰ ਉਮੀਦ ਹੈ ਕਿ ਇਸ ਸਾਲ ਦੇ ਅੰਤ ਵਿੱਚ ਇੱਥੇ ਪਾਲਤੂ ਜਾਨਵਰ ਪਰਿਵਾਰ ਲਈ ਪ੍ਰੋਟੀਨ ਪ੍ਰਦਾਨ ਕਰਨਗੇ। ਡਾ। ਈਦ ਦਾ ਕਹਿਣਾ ਹੈ ਕਿ ਆਊਟਬੋਰਡ ਮੋਟਰ ਨਾਲ ਕਿਸ਼ਤੀਆਂ ਦੀ ਵਰਤੋਂ ਵੀ ਤਬਦੀਲੀ ਲਿਆ ਰਹੀ ਹੈ। ਜਿਸ ਨਾਲ ਬਜ਼ਾਰਾਂ ਤੱਕ ਪਹੁੰਚ ਸੌਖੀ ਹੋ ਜਾਂਦੀ ਹੈ ਅਤੇ ਚਿਮੈਨਿਆਂ ਨੂੰ ਖੰਡ, ਆਟਾ ਅਤੇ ਤੇਲ ਵਰਗੇ ਭੋਜਨਾਂ ਤੱਕ ਪਹੁੰਚ ਮਿਲਦੀ ਹੈ। ਉਹ ਦੱਸਦੇ ਹਨ ਕਿ ਇਸਦਾ ਮਤਲਬ ਹੈ ਕਿ ਉਹ ਪਹਿਲਾਂ ਨਾਲੋਂ ਘੱਟ ਕਿਸ਼ਤੀ (ਚੱਪੂ ਵਾਲੀ) ਚਲਾ ਰਹੇ ਹਨ "ਜਿਸ ਵਿੱਚ ਸਭ ਤੋਂ ਵੱਧ ਸਰੀਰਕ ਗਤੀਵਿਧੀ ਸ਼ਾਮਲ ਹੁੰਦੀ ਹੈ।" ਖੋਜਕਾਰਾਂ ਦੇਖਿਆ ਹੈ ਕਿ ਵੀਹ ਸਾਲ ਪਹਿਲਾਂ, ਡਾਇਬੀਟੀਜ਼ ਦੇ ਕੋਈ ਵੀ ਕੇਸ ਨਹੀਂ ਸਨ ਜਦ ਕਿ ਹੁਣ ਉਹ ਦਿਖਾਈ ਦੇਣ ਲੱਗੇ ਹਨ ਅਤੇ ਕੋਲੇਸਟ੍ਰੋਲ ਦਾ ਪੱਧਰ ਵੀ ਨੌਜਵਾਨ ਆਬਾਦੀ ਵਿੱਚ ਵਧਣਾ ਸ਼ੁਰੂ ਹੋ ਗਿਆ ਹੈ। ਡਾ. ਈਦ ਦਾ ਕਹਿਣਾ ਹੈ, "ਉਨ੍ਹਾਂ ਦੀਆਂ ਆਦਤਾਂ ਵਿੱਚ ਕੋਈ ਵੀ ਛੋਟੀ ਜਿਹੀ ਤਬਦੀਲੀ ਇਨ੍ਹਾਂ ਸਿਹਤ ਸੂਚਕਾਂਕ ਨੂੰ ਪ੍ਰਭਾਵਿਤ ਕਰਦੀ ਹੈ।" ਖੋਜਕਾਰਾਂ ਨੇ ਖ਼ੁਦ ਆਪਣੀ 20 ਸਾਲ ਦੇ ਕਾਰਜਕਾਲ ਵਿੱਚ ਇਸ ਖੇਤਰ ਵਿੱਚ ਬਹੁਤ ਅਸਰ ਪਾਇਆ ਹੈ। ਉਨ੍ਹਾਂ ਚਿਮੈਨਿਆਂ ਲਈ ਸਿਹਤ ਸੇਵਾ ਤੱਕ ਬਿਹਤਰ ਪਹੁੰਚ ਦੀ ਵਿਵਸਥਾ ਕੀਤੀ ਹੈ, ਜਿਸ ਵਿੱਚ ਮੋਤੀਆਬਿੰਦ ਦੇ ਆਪਰੇਸ਼ਨ ਤੋਂ ਲੈ ਕੇ ਟੁੱਟੀਆਂ ਹੋਈਆਂ ਹੱਡੀਆਂ ਅਤੇ ਸੱਪ ਦੇ ਕੱਟਣ ਦੇ ਇਲਾਜ ਤੱਕ ਸ਼ਾਮਲ ਹਨ। ਪਰ ਹਿਲਡਾ ਲਈ ਬੁਢਾਪਾ ਅਜਿਹੀ ਚੀਜ਼ ਨਹੀਂ, ਜਿਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਜਾਵੇ। ਉਹ ਹੱਸਦੇ ਹੋਏ ਕਹਿੰਦੀ ਹੈ, "ਮੈਨੂੰ ਮਰਨ ਦਾ ਡਰ ਨਹੀਂ ਕਿਉਂਕਿ ਉਹ ਮੈਨੂੰ ਦਫ਼ਨਾ ਦੇਣਗੇ ਅਤੇ ਮੈਂ ਉੱਥੇ ਰਹਾਂਗੀ... ਬਿਲਕੁਲ ਸ਼ਾਂਤ।"

# ਰੂਸ-ਯੂਕਰੇਨ ਯੁੱਧ ਦੌਰਾਨ ਕੂਟਨੀਤਕ ਨਾਕਾਮੀ ਅਤੇ ਪਰਮਾਣੂ ਜੰਗ ਦੇ ਖ਼ਤਰੇ

(ਸਫਾ 17 ਦੀ ਬਾਕੀ)

ਸਿਰਫ ਪਰਮਾਣੂ ਹਥਿਆਰਾਂ 'ਤੇ 82.9 ਬਿਲੀਅਨ ਡਾਲਰ ਖਰਚ ਕੀਤੇ ਗਏ। ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਕੌਮਾਂਤਰੀ ਮੁਹਿੰਮ (ICAN) ਦੇ ਅਨੁਸਾਰ, 2023 ਵਿੱਚ ਪਰਮਾਣੂ ਹਥਿਆਰ ਵਾਲੇ 9 ਦੇਸ਼ਾਂ ਨੇ ਪਿਛਲੇ ਸਾਲ ਦੇ ਮੁਕਾਬਲੇ ਆਪਣੇ ਪਰਮਾਣੂ ਹਥਿਆਰਾਂ 'ਤੇ 10.8 ਬਿਲੀਅਨ ਡਾਲਰ (13.4%) ਵੱਧ ਖਰਚ ਕੀਤੇ ਜੋ ਕੁੱਲ 91.4 ਬਿਲੀਅਨ ਡਾਲਰ ਜਾਂ 2898 ਡਾਲਰ ਪ੍ਰਤੀ ਸਕਿੰਟ ਬਣਦੇ ਹਨ। ਪਰਮਾਣੂ ਹਥਿਆਰ ਵਾਲੇ ਹਰ ਦੇਸ਼ ਨੇ ਪਰਮਾਣੂ ਹਥਿਆਰਾਂ 'ਤੇ ਖਰਚੀ ਰਕਮ ਵਧਾ ਦਿੱਤੀ ਹੈ। ਅਮਰੀਕਾ ਵਿੱਚ ਸਭ ਤੋਂ ਵੱਧ ਵਾਧਾ ਹੋਇਆ, ਲਗਭਗ 18%। ਅਮਰੀਕਾ ਨੇ 51.5 ਬਿਲੀਅਨ ਡਾਲਰ, ਭਾਵ, ਪਰਮਾਣੂ ਹਥਿਆਰਬੰਦ ਦੇਸ਼ਾਂ ਵੱਲੋਂ ਸੰਯੁਕਤ ਰੂਪ ਵਿੱਚ ਕੀਤੇ ਖਰਚੇ ਨਾਲੋਂ ਵੀ ਵੱਧ ਖਰਚ ਕੀਤੇ। ਚੀਨ ਨੇ 11.9 ਬਿਲੀਅਨ ਡਾਲਰ ਖਰਚ ਕਰ ਕੇ ਰੂਸ ਨੂੰ ਪਿੱਛੇ ਛੱਡ ਦਿੱਤਾ ਅਤੇ ਰੂਸ 8.3 ਬਿਲੀਅਨ ਡਾਲਰ ਖਰਚ ਕਰ ਕੇ ਤੀਜੇ ਨੰਬਰ 'ਤੇ ਆਇਆ।

ਅੱਜ ਹਥਿਆਰਾਂ ਦੀ ਦੌੜ ਘਟਾਉਣ ਅਤੇ ਸੰਸਾਰ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਲਈ ਤੀਬਰ ਕੂਟਨੀਤੀ ਦਾ ਸਮਾਂ ਹੈ ਕਿਉਂਕਿ ਹਥਿਆਰਾਂ 'ਤੇ ਖਰਚਾ ਸਾਡੇ ਸਰੋਤਾਂ ਨੂੰ ਸਮਾਜਿਕ ਲੋੜਾਂ ਤੋਂ ਵਾਂਝੇ ਕਰ ਰਿਹਾ ਹੈ। ਵੱਡੀਆਂ ਤਾਕਤਾਂ, ਖਾਸ ਤੌਰ 'ਤੇ 7 ਨੂੰ ਇਸ ਨੂੰ ਸਮਝਣ ਦੀ ਲੋੜ ਹੈ। ਇਹ ਬਹੁਤ ਦੁਖਦਾਈ ਹੈ ਕਿ ਕੂਟਨੀਤਕ ਸਾਧਨਾਂ ਅਤੇ ਗੱਲਬਾਤ ਦੀ ਸ਼ੁਰੂਆਤ ਦੀ ਬਜਾਇ ਨਾਟੋ ਨੇ ਵਾਸ਼ਿੰਗਟਨ ਵਿੱਚ ਆਪਣੀ ਮੀਟਿੰਗ ਵਿੱਚ ਯੂਕਰੇਨ ਨੂੰ ਰੂਸ ਨਾਲ ਲੜਦੇ ਰਹਿਣ ਅਤੇ ਹਰਾਉਣ ਲਈ 43 ਬਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਹੈ।

ਇਜ਼ਰਾਈਲ ਨੂੰ ਇੱਕ ਪਾਸੇ ਆਪਣੇ ਹਮਲੇ ਵਿੱਚ ਸੰਜਮ ਰੱਖਣ ਲਈ ਕਹਿਣ, ਦੂਜੇ ਪਾਸੇ ਸਵੈ-ਰੱਖਿਆ



ਦੇ ਨਾਮ ਉੱਤੇ ਉਨ੍ਹਾਂ ਨੂੰ ਹਥਿਆਰਾਂ ਦੇ ਵੱਡੇ ਭੰਡਾਰਾਂ ਦੀ ਸਪਲਾਈ ਕਰਨ ਦੇ ਅਮਰੀਕੀ ਸਰਕਾਰ ਦੇ ਦੋਹਰੇ ਮਾਪਦੰਡ ਨਿਖੇਧੀ ਯੋਗ ਹਨ। ਨਿਊਜ਼ ਏਜੰਸੀ ਰਾਇਟਰਜ਼ ਦੀ ਰਿਪੋਰਟ ਮੁਤਾਬਿਕ, ਅਕਤੂਬਰ 2023 ਵਿੱਚ ਗਾਜ਼ਾ ਉੱਤੇ ਇਜ਼ਰਾਈਲ ਦੀ ਜੰਗ ਦੀ ਸ਼ੁਰੂਆਤ ਤੋਂ ਲੈ ਕੇ ਜੂਨ ਦੇ ਅੰਤ ਤੱਕ ਅਮਰੀਕਾ ਨੇ ਘੱਟੋ-ਘੱਟ 14000 ਐਮਕੇ-84 2000-ਪਾਊਂਡ ਬੰਬ, 6500 500-ਪਾਊਂਡ ਬੰਬ, 1000 ਬੰਕਰ-ਬਸਟਰ ਬੰਬ, 2600 ਹਵਾ ਤੋਂ ਸੁੱਟੇ ਜਾਣ ਵਾਲੇ ਛੋਟੇ ਵਿਆਸ ਵਾਲੇ ਬੰਬ ਅਤੇ ਹੋਰ ਹਥਿਆਰ ਦਿੱਤੇ।

ਜੰਗ ਖਤਮ ਕਰਨ ਦੇ ਮਾੜੇ ਕੂਟਨੀਤਕ ਯਤਨਾਂ ਕਾਰਨ ਮਿਲਟਰੀ ਇੰਡਸਟਰੀਅਲ ਕੰਪਲੈਕਸ (ਹਥਿਆਰ ਬਣਾਉਣ ਵਾਲਾ ਉਦਯੋਗ) ਹਥਿਆਰ ਵੇਚ ਕੇ ਭਾਰੀ ਮੁਨਾਫ਼ਾ ਕਮਾ ਰਿਹਾ ਹੈ ਪਰ ਦੁਨੀਆ ਦੇ ਦੱਖਣੀ ਹਿੱਸੇ ਦੇ ਦੇਸ਼ ਆਰਥਿਕ ਵਿਕਾਸ ਅਤੇ ਵਾਤਾਵਰਨ ਸੰਭਾਲ ਦੀਆਂ ਆਪਣੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਸ਼ਾਂਤੀ ਲਈ ਤਰਸ ਰਹੇ ਹਨ। ਇਹ ਸਿਰਫ਼ ਸੰਸਾਰ ਸ਼ਾਂਤੀ ਦੇ ਹਾਲਾਤ ਵਿੱਚ ਹੈ ਕਿ ਗਰੀਬ ਵਿਕਾਸਸ਼ੀਲ ਦੇਸ਼ਾਂ ਵਿੱਚ ਨਿਵੇਸ਼ ਵਧਦਾ ਹੈ। ਸਾਂਝੇ ਭਲੇ ਲਈ ਜੰਗੀ ਉਦਯੋਗ ਤੋਂ ਲੋਕ ਲੋੜਾਂ ਦੀਆਂ ਵਸਤਾਂ ਦੇ ਉਦਯੋਗ ਵਿੱਚ ਤਬਦੀਲੀ ਲਿਆਉਣ ਨਾਲ ਬਿਹਤਰ ਹਾਲਾਤ ਬਣਨਗੇ।

ਇਸ ਲਈ ਇਹ ਲਾਜ਼ਮੀ ਹੈ ਕਿ ਰੂਸ ਯੂਕਰੇਨ ਤੇ ਖਾਸ ਤੌਰ 'ਤੇ ਗਾਜ਼ਾ ਵਿੱਚ ਜੰਗ ਸਮੇਤ ਚੱਲ ਰਹੇ ਹੋਰ ਯੁੱਧ ਖਤਮ ਕਰਨ ਲਈ ਕੂਟਨੀਤਕ ਯਤਨ ਵਧਾਏ ਜਾਣ। ਕੁਝ ਅਫਰੀਕੀ ਦੇਸ਼ਾਂ ਵਿੱਚ ਝਗੜੇ ਸੁਲਝਾਉਣ ਅਤੇ ਦੱਖਣੀ ਏਸ਼ੀਆ ਵਿੱਚ ਗੱਲਬਾਤ ਦੀ ਲੋੜ ਹੈ। ਗੁਟ ਨਿਰਲੇਪ ਲਹਿਰ (NAM) ਦੀ ਅਣਹੋਂਦ ਵਿੱਚ ਬ੍ਰਿਕਸ (BRICS) ਕੁਝ ਭੂਮਿਕਾ ਨਿਭਾ ਸਕਦਾ ਹੈ, ਭਾਵੇਂ ਇਹ ਨਾਟੋ ਦੀ ਪਸੰਦ ਨਾ ਹੋਵੇ।

ਹੁਣ ਸਮਾਂ ਆ ਗਿਆ ਹੈ ਕਿ ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਦੀ ਮਨਾਹੀ ਦੀ ਸੰਧੀ (TPNW) ਵਿੱਚ ਸ਼ਾਮਲ ਹੋਣ ਦੀ ਅਪੀਲ ਕਰਨ ਲਈ ਕੌਮਾਂਤਰੀ ਪੱਧਰ 'ਤੇ ਪਹਿਲਕਦਮੀ ਕੀਤੀ ਜਾਵੇ। ਉਨ੍ਹਾਂ ਨੂੰ ਸਾਰੀ ਪਰਮਾਣੂ ਸੰਚਾਲਿਤ ਹਥਿਆਰ ਪ੍ਰਣਾਲੀ ਨੂੰ ਹਾਈ ਅਲਰਟ ਤੋਂ ਦੂਰ ਰੱਖਣ ਲਈ ਸਹਿਮਤ ਕਰਨਾ ਪਏਗਾ। ਪਰਮਾਣੂ ਹਥਿਆਰ ਰੱਖਣ ਵਾਲਿਆਂ (NWS) ਨੂੰ ਪਰਮਾਣੂ ਹਥਿਆਰਾਂ ਦੀ ਪਹਿਲਾਂ ਵਰਤੋਂ ਨਾ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਕਦੇ ਵੀ ਕਿਸੇ ਗੈਰ-ਪਰਮਾਣੂ ਰਾਜ 'ਤੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਯੂਕਰੇਨ ਅਤੇ ਗਾਜ਼ਾ ਵਿੱਚ ਜੰਗ ਦਾ ਕੋਈ ਵੀ ਵਾਧਾ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਵਧਾਏਗਾ। ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਰੋਕਣ ਲਈ ਇਸ ਮਾਮਲੇ ਵਿੱਚ ਕੋਈ ਵੀ ਢਿੱਲ ਜਾਂ ਕੂਟਨੀਤਕ ਪਹਿਲਕਦਮੀਆਂ ਦੀ ਘਾਟ ਘਾਤਕ ਹੋ ਸਕਦੀ ਹੈ ਤੇ ਹਜ਼ਾਰਾਂ ਸਾਲ ਦੀ ਮਿਹਨਤ ਨਾਲ ਉਸਾਰੀ ਆਧੁਨਿਕ ਮਨੁੱਖੀ ਸਭਿਅਤਾ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ।

# ਕੈਨੇਡਾ ਵਿੱਚ ਡਰੱਗ ਦੀ ਓਵਰਡੋਜ਼ ਨਾਲ ਮੌਤਾਂ ਦੀ ਵਧਦੀ ਗਿਣਤੀ ਬਣੀ ਸਮੱਸਿਆ

ਕੈਨੇਡਾ ਵਿੱਚ ਸਿੰਥੈਟਿਕ ਡਰੱਗ ਅਤੇ ਓਪੀਓਇਡ ਯਾਨਿ ਦਰਦ ਨਿਵਾਰਕ ਦਵਾਈਆਂ ਦੀ ਦੁਰਵਰਤੋਂ ਅਤੇ ਬਹੁਤ ਜ਼ਿਆਦਾ ਇਸਤੇਮਾਲ ਜਾਂ ਓਵਰਡੋਜ਼ ਦੇਸ਼ ਦੇ ਸਾਹਮਣੇ ਇੱਕ ਗੰਭੀਰ ਸਮੱਸਿਆ ਬਣ ਗਈ ਹੈ। ਅਜਿਹੇ 'ਚ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟਰਾਂਟੋ ਨੇ ਦੋ ਸਾਲ ਪਹਿਲਾਂ ਸਰਕਾਰ ਤੋਂ ਮੰਗ ਕੀਤੀ ਸੀ ਕਿ ਇਸ ਸ਼ਹਿਰ ਵਿੱਚ ਨਿੱਜੀ ਵਰਤੋਂ ਲਈ ਡਰੱਗ ਰੱਖਣ ਨੂੰ ਡਿਕ੍ਰਿਮੀਨਲਾਇਜ਼ ਕੀਤਾ ਜਾਵੇ ਭਾਵ ਇਸ ਨੂੰ ਅਪਰਾਧ ਨਾ ਮੰਨਿਆ ਜਾਵੇ। ਮਈ 2024 ਵਿੱਚ, ਕੇਂਦਰ ਸਰਕਾਰ ਨੇ ਇਸ ਮੰਗ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਸੀ ਕਿ ਇਸ ਨਾਲ ਲੋਕਾਂ ਦੀ ਸੁਰੱਖਿਆ ਖ਼ਤਰੇ ਵਿੱਚ ਪੈ ਸਕਦੀ ਹੈ। ਸੂਬਾ ਸਰਕਾਰ ਨੇ ਵੀ ਇਸ ਯੋਜਨਾ ਨੂੰ ਖ਼ਤਰਨਾਕ ਅਤੇ ਦਿਸ਼ਾਹੀਣ ਕਰਾਰ ਦਿੱਤਾ ਹੈ। ਜੇਕਰ ਟਰਾਂਟੋ ਸ਼ਹਿਰ ਦੀ ਮੰਗ ਮੰਨ ਲਈ ਜਾਂਦੀ ਤਾਂ ਵੀ ਅਜਿਹਾ ਕੈਨੇਡਾ ਵਿੱਚ ਪਹਿਲੀ ਵਾਰ ਨਹੀਂ ਸੀ ਹੋਣਾ ਕਿਉਂਕਿ ਟਰਾਂਟੋ ਤੋਂ ਦੋ ਹਜ਼ਾਰ ਮੀਲ ਦੂਰ ਬ੍ਰਿਟਿਸ਼ ਕੋਲੰਬੀਆ ਵਿੱਚ ਤਜਰਬੇ ਦੇ ਤੌਰ 'ਤੇ ਅਜਿਹੀ ਯੋਜਨਾ ਪਹਿਲਾਂ ਹੀ ਲਾਗੂ ਹੈ, ਹਾਲਾਂਕਿ ਇਸ ਦਾ ਦਾਇਰਾ ਘਟਾ ਦਿੱਤਾ ਗਿਆ ਹੈ। ਇਸ ਰਿਪੋਰਟ ਰਾਹੀਂ ਅਸੀਂ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਕੀ ਕੈਨੇਡਾ ਆਪਣੀ ਡਰੱਗ ਓਵਰਡੋਜ਼ ਦੀ ਸਮੱਸਿਆ ਨੂੰ ਹੱਲ ਕਰਨ ਦੇ ਯੋਗ ਹੋਵੇਗਾ?

### ਕੈਨੇਡਾ ਵਿੱਚ ਓਵਰਡੋਜ਼ ਕਾਰਨ ਮੌਤਾਂ ਦੀ ਗਿਣਤੀ ਵਿੱਚ ਭਾਰੀ ਵਾਧਾ

ਓਟਵਾ ਵਿੱਚ ਕੈਨੇਡੀਅਨ ਸੈਂਟਰ ਆਨ ਸਬਸਟੈਂਸ ਯੂਜ਼ ਐਂਡ ਐਡਿਕਸ਼ਨ ਦੇ ਮੁਖੀ ਡਾ. ਅਲੈਗਜ਼ੈਂਡਰ ਕੌਡਰੈਲਾ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਓਪੀਓਇਡ ਡਰੱਗ ਦੀ ਓਵਰਡੋਜ਼ ਦੀ ਸਮੱਸਿਆ ਸੱਚਮੁੱਚ ਬਹੁਤ ਗੰਭੀਰ ਹੈ। "ਮੌਜੂਦਾ ਸਮੱਸਿਆ ਮੁੱਖ ਤੌਰ 'ਤੇ ਆਕਸੀਕੌਂਟਿਨ ਵਰਗੇ ਸਿੰਥੈਟਿਕ ਓਪੀਓਇਡ ਦੀ ਜ਼ਰੂਰਤ ਤੋਂ ਜ਼ਿਆਦਾ ਪ੍ਰਿਸਕ੍ਰਿਪਸ਼ਨ ਕਾਰਨ ਖੜ੍ਹੀ ਹੋਈ ਹੈ।" ਸਿੰਥੈਟਿਕ ਓਪੀਓਇਡ ਇੱਕ ਅਜਿਹਾ ਪਦਾਰਥ ਹੈ ਜੋ ਪ੍ਰਯੋਗਸ਼ਾਲਾ ਵਿੱਚ ਬਣਾਇਆ ਜਾਂਦਾ ਹੈ ਪਰ ਇਸ ਨਾਲ ਉਹੀ ਅਸਰ ਹੁੰਦਾ ਹੈ, ਜੋ ਹੈਰੋਇਨ ਵਰਗੇ ਓਪੀਓਇਡ ਨਾਲ ਹੁੰਦਾ ਹੈ। ਡਾ। ਕੌਡਰੈਲਾ ਦੱਸਦੀ ਹੈ ਕਿ ਫੈਂਟਾਨਿਲ ਵਰਗੇ ਸਿੰਥੈਟਿਕ ਓਪੀਓਇਡ ਦੀ ਵਰਤੋਂ ਦਰਦ ਨਿਵਾਰਕ ਦਵਾਈ ਵਜੋਂ ਕੈਂਸਰ ਵਰਗੀਆਂ ਬਿਮਾਰੀਆਂ ਦੇ ਦਰਦ ਨੂੰ ਘਟਾਉਣ ਲਈ ਜਾਂ ਓਪਰੇਸ਼ਨ ਦੌਰਾਨ ਕੀਤਾ ਜਾਂਦਾ ਹੈ ਅਤੇ ਇਹ ਕੁਦਰਤੀ ਓਪੀਓਇਡ ਨਾਲੋਂ ਹਜ਼ਾਰਾਂ ਗੁਣਾ ਤੇਜ਼ ਜਾਂ ਤਾਕਤਵਰ ਹੁੰਦੇ ਹਨ। ਜਿਵੇਂ ਜਿਵੇਂ ਸਿੰਥੈਟਿਕ ਓਪੀਓਇਡ ਦੀ ਮੰਗ ਵਧਦੀ ਗਈ, ਉਨ੍ਹਾਂ ਦਵਾਈਆਂ ਦੇ ਰੂਪ ਵਿੱਚ ਉਹਨਾਂ ਦੀ ਵਰਤੋਂ 'ਤੇ ਨਿਯੰਤਰਣ ਲਗਾ ਦਿੱਤੇ ਗਏ। ਪਰ ਵਧਦੀ ਮੰਗ ਨੂੰ ਪੂਰਾ ਕਰਨ ਲਈ ਅਨਿਯਮਿਤ ਜਾਂ ਗ਼ੈਰ-ਕਾਨੂੰਨੀ ਸਪਲਾਇਰ ਬਾਜ਼ਾਰ ਵਿੱਚ ਆ ਗਏ।

ਡਾਕਟਰ ਅਲੈਗਜ਼ੈਂਡਰ ਕੌਡੇਰੈਲਾ ਦਾ ਕਹਿਣਾ ਹੈ ਕਿ ਫੈਂਟਾਨਿਲ ਵਰਗੇ ਸਿੰਥੈਟਿਕ ਓਪੀਓਇਡ ਬਣਾਉਣ ਲਈ ਵਰਤੀ ਜਾਣ ਵਾਲੀ ਸਮੱਗਰੀ ਬਹੁਤ ਸਸਤੀ ਅਤੇ ਆਸਾਨੀ ਨਾਲ ਉਪਲਬਧ ਹੈ। ਲੋਕ ਇਸ ਦੀ ਵਰਤੋਂ ਵੱਡੇ ਪੱਧਰ 'ਤੇ ਕਰ ਰਹੇ ਹਨ ਅਤੇ ਇਸ ਦੀ ਆਸਾਨੀ ਨਾਲ ਉਪਲਬਧਤਾ ਕਾਰਨ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ। ਇੱਕ ਵੱਡੀ ਸਮੱਸਿਆ ਇਹ ਵੀ ਹੈ ਕਿ ਕਈ ਵਾਰ ਹੈਰੋਇਨ ਅਤੇ ਦੂਜੇ ਡਰੱਗਜ਼ ਵਿੱਚ ਸਿੰਥੈਟਿਕ ਓਪੀਓਇਡ ਦੀ ਮਿਲਾਵਟ ਕੀਤੀ ਜਾਂਦੀ ਹੈ। ਡਾ. ਕੌਡਰੈਲਾ ਦੱਸਦੇ ਹਨ ਕਿ ਇਹ ਦਿਖਣ ਵਿੱਚ ਅਤੇ ਸਵਾਦ ਵਿੱਚ ਡਰੱਗਜ਼ ਵਾਂਗ ਹੁੰਦੇ ਹਨ ਪਰ ਇਨ੍ਹਾਂ ਦਾ ਅਸਰ ਹਜ਼ਾਰਾਂ ਗੁਣਾ ਵੱਧ ਹੁੰਦਾ ਹੈ। ਕਈ ਲੋਕ ਇਸਨੂੰ ਇੱਕ ਕੁਦਰਤੀ ਦਵਾਈ ਮੰਨ ਕੇ ਸੇਵਨ ਕਰ ਰਹੇ ਹੁੰਦੇ ਹਨ ਜਦਕਿ ਉਹ ਅਸਲ ਵਿੱਚ ਫੈਂਟਾਨਿਲ ਹੈ। ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿੱਚ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ।

### ਗੁੰਝਲਦਾਰ ਸਮੱਸਿਆ

ਡਾ. ਕੌਡਰੈਲਾ ਨੇ ਕਿਹਾ ਕਿ 2015 ਤੋਂ ਬਾਅਦ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਭਾਰੀ ਵਾਧਾ ਹੋਇਆ ਹੈ। "ਕੁਝ ਦਹਾਕੇ ਪਹਿਲਾਂ, ਓਵਰਡੋਜ਼ ਕਾਰਨ ਪ੍ਰਤੀ ਸਾਲ 100-200 ਮੌਤਾਂ ਨੂੰ ਅਸਧਾਰਨ ਨਹੀਂ ਮੰਨਿਆ ਜਾਂਦਾ ਸੀ।" "ਪਰ ਹੁਣ ਹਰ ਸਾਲ ਅੱਠ ਤੋਂ ਦਸ ਹਜ਼ਾਰ ਲੋਕ ਓਵਰਡੋਜ਼ ਕਾਰਨ ਮਰ ਰਹੇ ਹਨ। ਇਸ ਵਿੱਚ ਮਰਦ, ਔਰਤਾਂ ਅਤੇ ਹਰ ਉਮਰ ਦੇ ਲੋਕ ਸ਼ਾਮਲ ਹਨ।" "ਫਿਲਹਾਲ ਕੈਨੇਡਾ ਵਿੱਚ 14 ਤੋਂ 65 ਸਾਲ ਦੀ ਉਮਰ ਵਿੱਚ ਡਰੱਗ ਦੀ ਓਵਰਡੋਜ਼ ਲੋਕਾਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਬਣ ਗਿਆ ਹੈ।" "ਇਸ ਦਾ ਆਰਥਿਕ ਪਹਿਲੂ ਇਹ ਹੈ ਕਿ ਡਰੱਗ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਨਾਲ ਹੋਣ ਵਾਲੇ ਨੁਕਸਾਨ ਕਾਰਨ ਇੱਕ ਔਸਤ ਕੈਨੇਡੀਅਨ ਵਿਅਕਤੀ ਨੂੰ ਸਾਲਾਨਾ ਲਗਭਗ 1300 ਡਾਲਰ ਦਾ ਨੁਕਸਾਨ ਹੁੰਦਾ ਹੈ।" ਇਸ ਸਮੱਸਿਆ ਨਾਲ ਨਜਿੱਠਣ ਵਿੱਚ ਇੱਕ ਵੱਡੀ ਮੁਸ਼ਕਲ ਇਹ ਹੈ ਕਿ ਸਮਾਜ ਦੇ ਡਰ ਕਾਰਨ ਨਸ਼ੇ ਦੀ ਲਤ ਦਾ ਸ਼ਿਕਾਰ ਹੋ ਚੁੱਕੇ ਲੋਕ ਮਦਦ ਲੈਣ ਲਈ ਅੱਗੇ ਨਹੀਂ ਆਉਣਾ ਚਾਹੁੰਦੇ। ਕੈਨੇਡਾ ਦੀ ਆਬਾਦੀ ਲਗਭਗ ਚਾਰ ਕਰੋੜ ਹੈ। ਡਾ. ਕੌਡਰੈਲਾ ਦਾ ਕਹਿਣਾ ਹੈ ਕਿ ਸਿੰਥੈਟਿਕ ਡਰੱਗ ਦੀ ਲਤ ਅਤੇ ਓਵਰਡੋਜ਼ ਦੀ ਸਮੱਸਿਆ ਪੂਰੇ ਦੇਸ਼ ਵਿੱਚ ਹੈ ਪਰ ਇਸ ਸਮੱਸਿਆ ਨੂੰ ਲੈ ਕੇ ਜ਼ਿਆਦਾ ਧਿਆਨ ਵੱਡੇ ਸ਼ਹਿਰਾਂ 'ਤੇ ਜਾਂਦਾ ਹੈ ਜਦਕਿ ਓਵਰਡੋਜ਼ ਕਾਰਨ ਮੌਤ ਦਰ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਜ਼ਿਆਦਾ ਹੈ ਅਤੇ ਇਹ ਇੱਕ ਗੁੰਝਲਦਾਰ ਸਮੱਸਿਆ ਹੈ।

### ਪਾਇਲਟ ਪ੍ਰੋਜੈਕਟ

ਵੈਨਕੂਵਰ ਵਿੱਚ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਪਬਲਿਕ ਪਾਲਿਸੀ ਦੇ ਐਸੋਸੀਏਟ ਪ੍ਰੋਫੈਸਰ ਕੈਨੇਡੀ ਸਟੀਵਰਟ ਦਾ ਕਹਿਣਾ ਹੈ ਕਿ ਵੈਨਕੂਵਰ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦੀ ਆਬਾਦੀ ਸਾਢੇ ਸੱਤ ਲੱਖ ਦੇ ਕਰੀਬ ਹੈ। ਬੰਦਰਗਾਹ ਵਾਲੇ ਸਾਰੇ ਸ਼ਹਿਰਾਂ ਵਾਂਗ ਇੱਥੇ ਵੀ ਡਰੱਗ ਦੀ ਸਮੱਸਿਆ ਹਮੇਸ਼ਾ ਰਹੀ ਹੈ। ਇੱਥੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਰਹਿੰਦੇ ਹਨ। ਇੱਥੋਂ ਦੀ 30 ਫੀਸਦੀ ਆਬਾਦੀ ਚੀਨੀ ਮੂਲ ਦੇ ਲੋਕਾਂ ਦੀ ਹੈ। ਇਸ ਦੇ ਨਾਲ ਹੀ ਦੱਖਣੀ ਏਸ਼ੀਆਈ ਅਤੇ ਫਿਲੀਪੀਨਜ਼ ਦੇ ਲੋਕ ਵੀ ਹਨ ਪਰ ਇੱਥੇ ਸਥਾਨਕ ਮੂਲ ਦੇ ਲੋਕਾਂ ਦੀ ਆਬਾਦੀ ਤਿੰਨ ਫੀਸਦ ਹੈ। ਇਹ ਭਾਈਚਾਰਾ ਡਰੱਗ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਕੈਨੇਡੀ ਸਟੀਵਰਟ ਪਹਿਲਾਂ ਵੈਨਕੂਵਰ ਦੇ ਮੇਅਰ ਰਹਿ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵੈਨਕੂਵਰ ਵਿੱਚ ਡਰੱਗ ਦੀ ਸਮੱਸਿਆ ਨਾਲ ਨਜਿੱਠਣ ਲਈ ਹਮੇਸ਼ਾ ਹੀ ਨਵੀਂ ਸੋਚ ਵਰਤੀ ਗਈ ਹੈ। ਉਹ ਕਹਿੰਦੇ ਹਨ ਕਿ 2003 ਵਿੱਚ ਹੀ ਉੱਥੇ ਪ੍ਰਸ਼ਾਸਨ ਦੀ ਦੇਖ-ਰੇਖ ਹੇਠ ਨਸ਼ਾ ਛੁਡਾਊ ਕੇਂਦਰ ਬਣਾਏ ਗਏ ਸਨ। ਇਸ ਲਈ ਡਰੱਗ ਦੇ ਸੇਵਨ ਨੂੰ ਡੀਕ੍ਰਿਮੀਨਲਾਈਜ਼ ਕਰਨ ਲਈ ਇੱਥੇ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਹੋਇਆ ਜਿਸ ਨੂੰ ਪੁਲਿਸ ਅਤੇ ਸਿਹਤ ਸੰਭਾਲ ਸੰਸਥਾਵਾਂ ਦਾ ਵੀ ਸਮਰਥਨ ਪ੍ਰਾਪਤ ਸੀ। ਕੁਝ ਲੋਕ ਹੈਰਾਨ ਹੋਣਗੇ ਕਿ ਪੁਲਿਸ ਕਿਉਂ ਡਰੱਗ ਦੇ ਸੇਵਨ ਅਤੇ ਨਿੱਜੀ ਵਰਤੋਂ ਲਈ ਡਰੱਗ ਰੱਖਣ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਰੱਖਣ ਦੀ ਮੰਗ ਕਰ ਰਹੀ ਸੀ।



ਕੈਨੇਡੀ ਸਟੀਵਰਟ ਦਾ ਕਹਿਣਾ ਹੈ ਕਿ ਸ਼ਹਿਰ ਦੇ ਮੁੱਖ ਜ਼ਿਲ੍ਹੇ ਵਿੱਚ ਕਈ ਅਜਿਹੇ ਹੋਟਲ ਹਨ ਜਿੱਥੇ ਸਿਰਫ਼ ਇੱਕ ਕਮਰਾ ਕਿਰਾਏ 'ਤੇ ਦਿੱਤਾ ਜਾਂਦਾ ਹੈ, ਜਿਸ ਵਿੱਚ ਵਿਸ਼ੇਸ਼ ਸਹੂਲਤਾਂ ਨਹੀਂ ਹੁੰਦੀਆਂ ਅਤੇ ਉੱਥੇ ਸਾਂਝੇ ਬਾਥਰੂਮ ਹੁੰਦੇ ਹਨ। ਡਰੱਗ ਦਾ ਸੇਵਨ ਕਰਨ ਵਾਲੇ ਕਈ ਲੋਕ ਇੱਥੇ ਰਹਿੰਦੇ ਹਨ। ਇੱਥੇ ਡਰੱਗ ਦੀ ਓਵਰਡੋਜ਼ ਦੇ ਮਾਮਲੇ ਅਕਸਰ ਸਾਹਮਣੇ ਆਉਂਦੇ ਰਹਿੰਦੇ ਸਨ। "ਉਸ ਸਮੇਂ ਵੈਨਕੂਵਰ ਪੁਲਿਸ ਮੁਖੀ ਇੱਕ ਅਗਾਂਹਵਧੂ ਸੋਚ ਵਾਲਾ ਵਿਅਕਤੀ ਸੀ। ਉਨ੍ਹਾਂ ਨੇ ਗ਼ੈਰ-ਰਸਮੀ ਤੌਰ 'ਤੇ ਪੁਲਿਸ ਮੁਲਾਜ਼ਮਾਂ ਨੂੰ ਕਿਹਾ ਸੀ ਕਿ ਉਹ ਡਰੱਗ ਦਾ ਸੇਵਨ ਕਰਨ ਵਾਲੇ ਲੋਕਾਂ ਨੂੰ ਗ੍ਰਿਫ਼ਤਾਰ ਨਾ ਕਰਨ।" ਉਨ੍ਹਾਂ ਨੇ ਦੇਸ਼ ਦੇ ਦੂਜੇ ਸ਼ਹਿਰਾਂ ਦੇ ਪੁਲਿਸ ਮੁਖੀਆਂ ਨਾਲ ਮਿਲ ਕੇ ਡਰੱਗ ਦੀ ਵਰਤੋਂ ਨੂੰ ਅਪਰਾਧਿਕ ਸ਼੍ਰਣੀ ਵਿੱਚੋਂ ਬਾਹਰ ਕਰਨ ਦੇ ਯਤਨ ਕੀਤੇ। "ਦਰਅਸਲ, ਅਸੀਂ ਨਸ਼ੇ ਦੇ ਸੇਵਨ ਨੂੰ ਇੱਕ ਅਪਰਾਧ ਨਹੀਂ ਸਗੋਂ ਇੱਕ ਸਿਹਤ ਸਮੱਸਿਆ ਵਜੋਂ ਦੇਖਦੇ ਹਾਂ। ਜਦੋਂ ਮੈਂ 2018 ਤੋਂ 2022 ਤੱਕ ਵੈਨਕੂਵਰ ਦਾ ਮੇਅਰ ਸੀ, ਮੈਂ ਡਰੱਗ ਦੀ ਵਰਤੋਂ ਨਾਲ ਜੁੜੇ ਲੋਕਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਡਰੱਗ ਦੇ ਸੇਵਨ ਨੂੰ ਡਿਕ੍ਰਿਮੀਨਲਾਈਜ਼ ਕਰਨ ਦਾ ਫ਼ੈਸਲਾ ਲਿਆ।" 2016 ਵਿੱਚ, ਕੈਨੇਡੀਅਨ ਰਾਜ ਬ੍ਰਿਟਿਸ਼ ਕੋਲੰਬੀਆ ਨੇ ਡਰੱਗ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਵੱਡੇ ਵਾਧੇ ਕਾਰਨ ਰਾਜ ਵਿੱਚ ਸਿਹਤ ਐਮਰਜੈਂਸੀ ਐਲਾਨ ਦਿੱਤੀ ਗਈ ਸੀ। ਕੈਨੇਡੀ ਸਟੀਵਰਟ ਨੇ ਕਿਹਾ, "ਜਦੋਂ ਮੈਂ 2018 ਵਿੱਚ ਵੈਨਕੂਵਰ ਦਾ ਮੇਅਰ ਚੁਣਿਆ ਗਿਆ ਸੀ, ਤਾਂ ਉਸ ਵੇਲੇ ਉੱਥੇ ਡਰੱਗ ਦੀ ਵਰਤੋਂ ਕਾਰਨ ਰੋਜ਼ਾਨਾ ਇੱਕ ਵਿਅਕਤੀ ਦੀ ਮੌਤ ਹੁੰਦੀ ਸੀ।"

"ਪਰ 2020 ਵਿੱਚ ਕੋਵਿਡ ਮਹਾਂਮਾਰੀ ਤੋਂ ਬਾਅਦ, ਸ਼ਹਿਰ ਵਿੱਚ ਡਰੱਗ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰੀ ਵਾਧਾ ਹੋ ਗਿਆ ਕਿਉਂਕਿ ਸੜਕਾਂ 'ਤੇ ਮਿਲਣ ਵਾਲੀ 95 ਫੀਸਦੀ ਹੈਰੋਇਨ ਅਤੇ ਕੋਕੀਨ ਵਿੱਚ ਫੈਂਟਾਨਿਲ ਵਰਗੇ ਸਿੰਥੈਟਿਕ ਡਰੱਗ ਦੀ ਮਿਲਾਵਟ ਹੋਣ ਲੱਗੀ ਸੀ।" "ਲੋਕ ਸਮਝਦੇ ਸਨ ਕਿ ਉਹ ਕੋਕੀਨ ਜਾਂ ਹੈਰੋਈਨ ਦਾ ਸੇਵਨ ਕਰ ਰਹੇ ਹਨ ਪਰ ਅਸਲ ਵਿੱਚ ਉਹ ਉਸ ਤੋਂ ਕਿਤੇ ਜ਼ਿਆਦਾ ਤੇਜ਼ ਡਰੱਗ ਦਾ ਸੇਵਨ ਕਰ ਰਹੇ ਸਨ, ਜਿਸ ਕਾਰਨ ਓਵਰਡੋਜ਼ ਦੀ ਸਮੱਸਿਆ ਨੇ ਬੇਹੱਦ ਖ਼ੌਫ਼ਨਾਕ ਰੂਪ ਧਾਰਨ ਕਰ ਲਿਆ ਸੀ।"

"ਇਸ ਲਈ ਅਸੀਂ ਡਰੱਗ ਸਬੰਧੀ ਨੀਤੀਆਂ ਵਿੱਚ ਸੁਧਾਰ ਕਰਨ ਦਾ ਸੋਚਿਆ। ਮੈਨੂੰ ਇਹ ਗ਼ਲਤਫਹਿਮੀ ਨਹੀਂ ਸੀ ਕਿ ਇਸ ਨਾਲ ਇੱਕ ਦਮ ਤੋਂ ਡਰੱਗ ਦੇ ਓਵਰਡੋਜ਼ ਦੀ ਸਮੱਸਿਆ ਖ਼ਤਮ ਹੋ ਜਾਵੇਗੀ। ਅਸੀਂ ਜਾਣਦੇ ਸਾਂ ਕਿ ਨੀਤੀ ਵਿੱਚ ਸੁਧਾਰ ਇੱਕ ਛੋਟਾ ਜਿਹਾ ਕਦਮ ਹੈ। ਸਾਡਾ ਉਦੇਸ਼ ਗ੍ਰਿਫ਼ਤਾਰੀਆਂ ਅਤੇ ਮੌਤ ਦੀ ਦਰ ਨੂੰ ਘੱਟ ਕਰਨਾ ਸੀ।"

ਕੈਨੇਡੀ ਸਟੀਵਰਟ ਦਾ ਕਹਿਣਾ ਹੈ ਕਿ ਵੈਨਕੂਵਰ ਸ਼ਹਿਰ ਅਤੇ ਬ੍ਰਿਟਿਸ਼ ਕੋਲੰਬੀਆ ਰਾਜ ਸਰਕਾਰ ਨੇ ਡਰੱਗ ਸਬੰਧੀ ਕੇਂਦਰ ਸਰਕਾਰ ਦੇ ਕਾਨੂੰਨ ਤੋਂ ਖ਼ੁਦ ਨੂੰ ਬਾਹਰ ਰੱਖਣ ਲਈ ਅਰਜ਼ੀ ਦਿੱਤੀ ਸੀ, ਜਿਸ ਨੂੰ 2022 ਵਿੱਚ ਮਨਜ਼ੂਰੀ ਦਿੱਤੀ ਗਈ ਸੀ ਅਤੇ 2023 ਤੋਂ ਡਰੱਗ ਨੂੰ ਅਪਰਾਧਿਕ ਸ਼੍ਰੇਣੀ ਤੋਂ ਬਾਹਰ ਰੱਖਣ ਦੀ ਨੀਤੀ ਲਾਗੂ ਹੋ ਗਈ। ਬ੍ਰਿਟਿਸ਼ ਕੋਲੰਬੀਆ ਦੀ ਆਬਾਦੀ 50 ਲੱਖ ਹੈ। ਇਸ ਨੀਤੀ ਦੇ ਤਹਿਤ ਤਿੰਨ ਸਾਲਾਂ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਦੇ ਅਨੁਸਾਰ, ਰਾਜ ਵਿੱਚ ਰਹਿਣ ਵਾਲੇ ਬਾਲਗ਼ ਕਾਨੂੰਨੀ ਤੌਰ 'ਤੇ 2.5 ਗ੍ਰਾਮ ਤੱਕ ਕੋਕੀਨ, ਹੈਰੋਇਨ ਜਾਂ ਫੈਂਟਾਨਿਲ ਰੱਖ ਸਕਦੇ ਹਨ। ਪਰ ਡਰੱਗ ਦੀ ਤਸਕਰੀ ਅਤੇ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਰੂਗਵੇ ਤੋਂ ਬਾਅਦ 2018 ਵਿੱਚ, ਕੈਨੇਡਾ ਕੈਨਬੀਜ਼ ਨੂੰ ਕਾਨੂੰਨੀ ਮਾਨਤਾ ਦੇਣ ਵਾਲਾ ਦੂਜਾ ਦੇਸ਼ ਬਣ ਗਿਆ ਪਰ ਇਹ ਡਿਕ੍ਰਿਮੀਨਲਾਈਜੇਸ਼ਨ ਨਹੀਂ ਸੀ।

ਕੈਨੇਡੀ ਸਟੀਵਰਟ ਦਾ ਕਹਿਣਾ ਹੈ ਕਿ ਡਰੱਗ ਨੂੰ ਡਿਕ੍ਰਿਮੀਨਲਾਈਜ਼ ਕਰਨ ਦਾ ਮਤਲਬ ਹੈ ਕਿ ਸ਼ਰਾਬ ਵਾਂਗ ਤੁਸੀਂ ਉਸ ਦਾ ਸੇਵਨ ਤਾਂ ਕਰ ਸਕਦੇ ਹੋ, ਪਰ ਹੈਰੋਇਨ ਅਤੇ ਫੈਂਟਾਨਿਲ ਵਰਗੇ ਡਰੱਗ ਦਾ ਉਤਪਾਦਨ ਅਜੇ ਵੀ ਅਪਰਾਧ ਹੀ ਰਹੇਗਾ। ਇਸ ਪਾਇਲਟ ਪ੍ਰੋਜੈਕਟ ਦੇ ਵਿਰੋਧੀਆਂ ਨੇ ਇਸ ਨੂੰ ਗ਼ੈਰ-ਜ਼ਿੰਮੇਵਾਰਾਨਾ ਪ੍ਰਯੋਗ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨਾਲ ਲੋਕਾਂ ਦੀ ਸਿਹਤ ਅਤੇ ਜੀਵਨ ਲਈ ਖ਼ਤਰਾ ਪੈਦਾ ਹੋਵੇਗਾ। ਇਸ ਸਾਲ ਅਪ੍ਰੈਲ ਵਿੱਚ, ਬ੍ਰਿਟਿਸ਼ ਕੋਲੰਬੀਆ ਰਾਜ ਨੇ ਇਸ ਨੀਤੀ ਵਿੱਚ ਬਦਲਾਅ ਕਰ ਕੇ ਤੈਅ ਕੀਤਾ ਕਿ ਕੇਵਲ ਲੋਕ ਨਿੱਜੀ ਥਾਵਾਂ 'ਤੇ ਹੀ ਡਰੱਗ ਦਾ ਸੇਵਨ ਕਰ ਸਕਦੇ ਹਨ ਜਾਂ ਉਸ ਨੂੰ ਕੋਲ ਰੱਖ ਸਕਦੇ ਹਨ। ਜਨਤਕ ਥਾਵਾਂ 'ਤੇ ਇਸ ਦਾ ਸੇਵਨ ਕਰਨਾ ਅਤੇ ਰੱਖਣਾ ਅਪਰਾਧ ਮੰਨਿਆ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦਾ ਇਹ ਪਾਇਲਟ ਪ੍ਰੋਜੈਕਟ ਜਨਵਰੀ 2026 ਤੱਕ ਚੱਲੇਗਾ। ਪਰ ਅਜਿਹਾ ਤਜਰਬਾ ਕਰਨ ਵਾਲੀ ਇਹ ਪਹਿਲੀ ਸਰਕਾਰ ਨਹੀਂ ਹੈ। ਯੂਰਪ ਵਿੱਚ ਐਸਟੋਨੀਆ ਨੇ ਲਗਭਗ ਵੀਹ ਸਾਲਾਂ ਤੋਂ ਡਰੱਗ ਨੂੰ ਡਿਕ੍ਰਿਮੀਨਲਾਈਜ਼ ਕੀਤਾ ਹੋਇਆ ਹੈ।

### ਦੂਜਾ ਹੱਲ

ਐਸਟੋਨੀਆ ਦੇ ਸੈਂਟਰ ਫਾਰ ਹੈਲਥ ਪ੍ਰਮੋਸ਼ਨ ਦੀ ਮੁਖੀ ਅਲੀਓਨਾ ਕੁਰਬਾਤੋਵਾ ਦਾ ਕਹਿਣਾ ਹੈ ਕਿ ਐਸਟੋਨੀਆ ਸਿੰਥੈਟਿਕ ਓਪੀਓਇਡ ਦੀ ਦੁਰ ਵਰਤੋਂ ਅਤੇ ਡਰੱਗ ਦੀ ਸਮੱਸਿਆ ਨਾਲ ਨਜਿੱਠਣ ਲਈ ਅਮਰੀਕਾ ਅਤੇ ਕੈਨੇਡਾ ਨਾਲ ਸਹਿਯੋਗ ਕਰ ਰਿਹਾ ਹੈ। "ਐਸਟੋਨੀਆ ਵਿੱਚ ਲਗਭਗ 25 ਸਾਲਾਂ ਤੋਂ ਡਰੱਗ ਦੀ ਸਮੱਸਿਆ ਰਹੀ ਹੈ। ਕਾਫੀ ਹੱਦ ਤੱਕ ਇਸ ਦਾ ਸਬੰਧ ਦੇਸ਼ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨਾਲ ਵੀ ਰਿਹਾ ਹੈ।" 1991 ਵਿੱਚ, ਐਸਟੋਨੀਆ ਸੋਵੀਅਤ ਯੂਨੀਅਨ ਤੋਂ ਵੱਖ ਹੋ ਗਿਆ ਅਤੇ ਉਸ ਨੇ ਨਵੇਂ ਸਿਰੇ ਤੋਂ ਆਰਥਿਕਤਾ ਦਾ ਪੁਨਰ ਨਿਰਮਾਣ ਸ਼ੁਰੂ ਕੀਤਾ। ਅਲੀਓਨਾ ਕੁਰਬਾਤੋਵਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਐਸਟੋਨੀਆ ਦੇ ਸਾਰੇ ਉਦਯੋਗ ਸੋਵੀਅਤ ਯੂਨੀਅਨ ਦੀਆਂ ਲੋੜਾਂ ਮੁਤਾਬਕ ਕੰਮ ਕਰਦੇ ਸਨ। ਦੇਸ਼ ਵਿੱਚ ਬੇਰੁਜ਼ਗਾਰੀ ਸੀ। ਨਾਲ ਹੀ ਦੇਸ਼ ਵਿੱਚ ਡਰੱਗ ਦੀ ਤਸਕਰੀ ਹੋਣ ਲੱਗੀ ਸੀ। 1990 ਦੇ ਦਹਾਕੇ ਦੇ ਅਖੀਰ ਵਿੱਚ ਐਸਟੋਨੀਆ ਵਿੱਚ ਜ਼ਿਆਦਾਤਰ ਹੈਰੋਇਨ ਅਤੇ ਅਫੀਮ ਪਹੁੰਚਦੀ ਸੀ ਪਰ ਜਲਦੀ ਹੀ ਓਪੀਓਇਡਜ਼ ਨੇ ਇਸ ਮਾਰਕੀਟ ਵਿੱਚ ਆਪਣੀ ਜਗ੍ਹਾ ਲੈ ਲਈ। ਉਸੇ ਸਮੇਂ ਦੌਰਾਨ, ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਅਫੀਮ ਦੀ ਖੇਤੀ 'ਤੇ ਪਾਬੰਦੀ ਲਗਾ ਦਿੱਤੀ ਸੀ। ਅਫ਼ਗਾਨਿਸਤਾਨ ਅਫੀਮ ਦੇ ਸਭ ਤੋਂ ਵੱਡੇ ਉਤਪਾਦਕਾਂ ਵਿੱਚੋਂ ਇੱਕ ਰਿਹਾ ਹੈ। ਅਫੀਮ ਤੋਂ ਹੈਰੋਇਨ ਬਣਾਈ ਜਾਂਦੀ ਹੈ, ਇਸ ਲਈ ਕੌਮਾਂਤਰੀ ਬਾਜ਼ਾਰ ਵਿੱਚ ਹੈਰੋਇਨ ਦੀ ਕਮੀ ਪੈਦਾ ਹੋ ਗਈ ਜਲਦੀ ਹੀ ਇਸ ਦੀ ਥਾਂ ਫੈਂਟਾਨਿਲ ਨੇ ਲੈ ਲਈ। ਪਰ 2017 ਵਿੱਚ, ਐਸਟੋਨੀਆ ਨੇ ਦੇਸ਼ ਵਿੱਚ ਛਾਪੇ ਮਾਰੇ ਅਤੇ ਫੈਂਟਾਨਿਲ ਬਣਾਉਣ ਵਾਲੀਆਂ ਦੋ ਵੱਡੀਆਂ ਪ੍ਰਯੋਗਸ਼ਾਲਾਵਾਂ ਨੂੰ ਬੰਦ ਕਰ ਦਿੱਤਾ।

ਅਲੀਓਨਾ ਕੁਰਬਾਤੋਵਾ ਦਾ ਕਹਿਣਾ ਹੈ ਕਿ ਇਸ ਦੇ ਨਾਲ ਹੀ ਇਸਟੋਨੀਅਨ ਸਰਕਾਰ ਨੇ ਲੋਕਾਂ ਵਿੱਚ ਅਫੀਮ ਦੀ ਲਤ ਨੂੰ ਰੋਕਣ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ, ਜਿਸ ਕਾਰਨ ਡਰੱਗ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਕਾਫੀ ਘੱਟ ਗਏ। ਪਰ ਜਲਦੀ ਹੀ ਨਵੇਂ ਓਪੀਓਇਡ ਮਾਰਕੀਟ ਵਿੱਚ ਆਉਣੇ ਸ਼ੁਰੂ ਹੋ ਗਏ ਅਤੇ 2021 ਤੋਂ, ਓਵਰਡੋਜ਼ ਨਾਲ ਮੌਤਾਂ ਵਧਣੀਆਂ ਸ਼ੁਰੂ ਹੋ ਗਈਆਂ। ਐਸਟੋਨੀਆ ਨੇ ਲਗਭਗ 20 ਸਾਲ ਪਹਿਲਾਂ ਡਰੱਗ ਡਿਕ੍ਰਿਮੀਨਲਾਈਜ਼ ਕਰ ਦਿੱਤੀ ਸੀ। ਇਸਦਾ ਮਤਲੱਬ ਕੀ ਹੈ? ਅਲੀਓਨਾ ਕੁਰਬਾਤੋਵਾ ਨੇ ਜਵਾਬ ਦਿੱਤਾ, "ਇਸਟੋਨੀਆ ਵਿੱਚ ਗ਼ੈਰ-ਕਾਨੂੰਨੀ ਦਵਾਈਆਂ ਦੀ ਵਰਤੋਂ 'ਤੇ ਪਾਬੰਦੀ ਹੈ। ਡਰੱਗ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਡਿਕ੍ਰਿਮੀਨਲਾਈਜ਼ ਨਹੀਂ ਕੀਤਾ ਗਿਆ ਹੈ।" "ਜੇਕਰ ਲੋਕ ਨਿੱਜੀ ਸੇਵਨ ਲਈ ਥੋੜ੍ਹੀ ਮਾਤਰਾ ਵਿੱਚ ਨਸ਼ੇ ਰੱਖਦੇ ਹਨ, ਤਾਂ ਉਨ੍ਹਾਂ ਨੂੰ ਜੇਲ੍ਹ ਨਹੀਂ ਸਗੋਂ ਜੁਰਮਾਨਾ ਭਰਨਾ ਪੈਂਦਾ ਹੈ ਕਿਉਂਕਿ ਨਸ਼ੇ ਨਾਲ ਸਬੰਧਤ ਕਾਨੂੰਨ ਤੋੜਨ ਵਾਲਿਆਂ ਨੂੰ ਜੇਲ੍ਹ ਨਹੀਂ ਹੁੰਦੀ ਇਸ ਲਈ ਉਹ ਮਦਦ ਲਈ ਖ਼ੁਦ ਅੱਗੇ ਆਉਂਦੇ ਹਨ।" "ਉਨ੍ਹਾਂ ਨੂੰ ਸਜ਼ਾ ਦੇਣਾ ਸਮੱਸਿਆ ਦਾ ਹੱਲ ਨਹੀਂ ਹੈ। ਇਸ ਲਈ, ਅਸੀਂ ਉਨ੍ਹਾਂ ਨੂੰ ਸਲਾਹ ਦਿੰਦੇ ਹਾਂ ਅਤੇ ਉਨ੍ਹਾਂ ਨੂੰ ਨਸ਼ਾ ਛੁਡਾਉਣ ਲਈ ਸਿਹਤ ਸਹੂਲਤਾਂ ਪ੍ਰਦਾਨ ਕਰਦੇ ਹਾਂ।"

### ਡਰੱਗ ਟੈਸਟ

ਦੂਜੇ ਪਾਸੇ ਕੈਨੇਡਾ ਨੇ ਅਜੇ ਇਹ ਤੈਅ ਕਰਨਾ ਹੈ ਕਿ ਡਰੱਗਜ਼ ਦੀ ਸਮੱਸਿਆ ਨਾਲ ਨਜਿੱਠਣ ਲਈ ਉਸ ਨੂੰ ਕਿਹੜਾ ਰਸਤਾ ਅਪਨਾਉਣਾ ਚਾਹੀਦਾ ਹੈ। ਨਿਊਫਾਊਂਡਲੈਂਡ ਦੀ ਮੈਮੋਰੀਅਲ ਯੂਨੀਵਰਸਿਟੀ ਵਿੱਚ ਪਬਲਿਕ ਹੈਲਥ ਦੇ ਸਹਾਇਕ ਪ੍ਰੋਫੈਸਰ, ਜਿਲੀਅਨ ਕੋਲਾ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਡਰੱਗ ਨੀਤੀ ਬਾਰੇ ਭੰਬਲਭੂਸਾ ਹੈ। "ਮੈਨੂੰ ਲੱਗਦਾ ਹੈ ਕਿ ਇਹ ਕਾਨੂੰਨ ਬਰਾਬਰ ਲਾਗੂ ਨਹੀਂ ਹੁੰਦੇ। ਅਮੀਰ ਗੋਰੇ ਗ੍ਰਿਫ਼ਤਾਰ ਨਹੀਂ ਹੁੰਦੇ। ਪੁਲਿਸ ਕਾਰਵਾਈ ਦਾ ਨਿਸ਼ਾਨਾ ਜ਼ਿਆਦਾਤਰ ਗਰੀਬ ਅਤੇ ਬੇਘਰੇ ਲੋਕ ਹੁੰਦੇ ਹਨ।" ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਡਰੱਗ ਡਿਕ੍ਰਿਮੀਨਲਾਈਜ਼ ਕਰਨ ਦੀ ਨੀਤੀ ਵਿੱਚ ਬਦਲਾਅ ਦੇ ਫ਼ੈਸਲੇ ਨਾਲ ਕਈ ਲੋਕ ਨਿਰਾਸ਼ ਹਨ। ਨਵੀਂ ਨੀਤੀ ਅਨੁਸਾਰ ਜਨਤਕ ਥਾਵਾਂ 'ਤੇ ਡਰੱਗ ਰੱਖਣਾ ਜਾਂ ਉਸ ਦਾ ਸੇਵਨ ਕਰਨਾ ਅਪਰਾਧ ਹੈ।

ਜਿਲੀਅਨ ਕੋਲਾ ਨੇ ਇਸ 'ਤੇ ਸਵਾਲ ਉਠਾਉਂਦੇ ਹੋਏ ਕਿਹਾ, "ਇਕ ਤਰ੍ਹਾਂ ਨਾਲ ਸਰਕਾਰ ਦੀ ਨੀਤੀ ਇਹ ਕਹਿੰਦੀ ਹੈ ਕਿ ਤੁਹਾਨੂੰ ਲੁਕ-ਛਿਪ ਕੇ ਡਰੱਗ ਦਾ ਸੇਵਨ ਕਰਨਾ ਚਾਹੀਦਾ ਹੈ। ਇਹ ਇੱਕ ਵੱਡੀ ਸਮੱਸਿਆ ਹੈ ਕਿਉਂਕਿ ਨਸ਼ਿਆਂ ਦਾ ਗੁਪਤ ਸੇਵਨ ਓਵਰਡੋਜ਼ ਦਾ ਇੱਕ ਵੱਡਾ ਕਾਰਨ ਹੈ।" "ਉਦਾਹਰਨ ਲਈ, ਓਨਟਾਰੀਓ ਵਿੱਚ ਓਵਰਡੋਜ਼ ਨਾਲ ਮਰਨ ਵਾਲੇ 75 ਫੀਸਦ ਲੋਕ ਆਪਣੇ ਘਰਾਂ ਵਿੱਚ ਇਕੱਲੇ ਮਰਦੇ ਹਨ। ਸਾਨੂੰ ਨੀਤੀਆਂ ਬਣਾਉਂਦੇ ਸਮੇਂ ਸਪਸ਼ਟ ਸੋਚਣਾ ਚਾਹੀਦਾ ਹੈ।" "ਕੀ ਡਰੱਗ ਡਿਕ੍ਰਿਮੀਨਲਾਈਜੇਸ਼ਨ ਦਾ ਅਰਥ ਇਹ ਹੈ ਕਿ ਅਸੀਂ ਪੁਲਿਸ ਨੂੰ ਡਰੱਗ ਦੀ ਵਰਤੋਂ ਕਰਨ ਵਾਲਿਆਂ ਦੇ ਜੀਵਨ ਤੋਂ ਬਾਹਰ ਰੱਖੀਏ ਜਾਂ ਕੀ ਇਸਦਾ ਉਦੇਸ਼ ਡਰੱਗ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣਾ ਹੈ? ਕਿਉਂਕਿ ਜੇਕਰ ਕੋਈ ਆਪਣੇ ਘਰ ਵਿਚ ਇਕੱਲਾ ਓਵਰਡੋਜ਼ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਉਸ ਦੀ ਮਦਦ ਕਰਨ ਵਾਲਾ ਕੋਈ ਨਹੀਂ ਹੋਵੇਗਾ।"

ਜਿਲੀਅਨ ਕੋਲਾ ਦਾ ਇਹ ਵੀ ਕਹਿਣਾ ਹੈ ਕਿ ਜਿਹੜੇ ਲੋਕ ਜਨਤਕ ਥਾਵਾਂ 'ਤੇ ਡਰੱਗ ਦੀ ਵਰਤੋਂ ਨੂੰ ਰੋਕਣ ਦਾ ਸਮਰਥਨ ਕਰਦੇ ਹਨ, ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕੈਨੇਡਾ ਦੇ ਜਿਹੜੇ ਰਾਜਾਂ ਵਿੱਚ ਡਰੱਗ ਡਿਕ੍ਰਿਮੀਨਲਾਈਜ਼ ਨਹੀਂ ਕੀਤਾ ਗਿਆ ਉੱਥੇ ਵੀ ਜਨਤਕ ਥਾਵਾਂ 'ਤੇ ਡਰੱਗ ਦੇ ਸੇਵਨ ਦੇ ਮਾਮਲੇ ਵਧੇ ਹਨ। ਇਸ ਦੌਰਾਨ ਬਾਜ਼ਾਰ ਵਿੱਚ ਨਵੇਂ ਤੇਜ਼ ਅਤੇ ਸ਼ਕਤੀਸ਼ਾਲੀ ਗ਼ੈਰ-ਕਾਨੂੰਨੀ ਓਪੀਓਇਡ ਦੀ ਭਰਮਾਰ ਜਾਰੀ ਹੈ। ਜਿਲੀਅਨ ਕੋਲਾ ਨੇ ਕਿਹਾ ਕਿ ਨੀਟਿਜ਼ੀਨ ਅਤੇ ਸਾਇਲੇਜ਼ੀਨ ਵਰਗੇ ਨਵੇਂ ਡਰੱਗ ਬਜ਼ਾਰ ਵਿੱਚ ਆ ਰਹੇ ਹਨ। "ਸਾਨੂੰ ਆਪਣੀਆਂ ਨੀਤੀਆਂ ਬਾਰੇ ਦੁਬਾਰਾ ਸੋਚਣਾ ਚਾਹੀਦਾ ਹੈ ਕਿਉਂਕਿ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਨਾਲ ਤਾਂ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ। ਇਸ ਦੇ ਉਲਟ, ਇਹ ਤਸਕਰਾਂ ਨੂੰ ਅਜਿਹੇ ਸਿੰਥੈਟਿਕ ਡਰੱਗ ਦੀ ਤਸਕਰੀ ਕਰਨ ਲਈ ਉਤਸ਼ਾਹਿਤ ਕਰ ਰਿਹਾ ਹੈ ਜੋ ਕਿ ਇੰਨੇ ਸ਼ਕਤੀਸ਼ਾਲੀ ਹਨ ਕਿ ਬਹੁਤ ਘੱਟ ਮਾਤਰਾ ਵਿੱਚ ਸੇਵਨ ਕਰਨ ਦੇ ਬਾਵਜੂਦ, ਉਹ ਗੰਭੀਰ ਨਸ਼ਾ ਦਿੰਦੇ ਹਨ।" "ਇਹ ਸਿੰਥੈਟਿਕ ਨਸ਼ੀਲੇ ਪਦਾਰਥਾਂ ਨੂੰ ਘੱਟ ਮਾਤਰਾ ਵਿੱਚ ਆਸਾਨੀ ਨਾਲ ਇਧਰ-ਉਧਰ ਲਿਆਂਦਾ ਜਾ ਸਕਦਾ ਹੈ।" ਤਾਂ ਕੀ ਕੈਨੇਡਾ ਆਪਣੀ ਡਰੱਗ ਓਵਰਡੋਜ਼ ਦੀ ਸਮੱਸਿਆ ਨੂੰ ਹੱਲ ਕਰ ਸਕੇਗਾ?

ਡਰੱਗ ਦੇ ਸੇਵਨ ਅਤੇ ਲਤ ਦੇ ਕਈ ਕਾਰਨ ਹੁੰਦੇ ਹਨ ਅਤੇ ਇਹ ਇੱਕ ਗੁੰਝਲਦਾਰ ਸਮੱਸਿਆ ਹੈ। ਇੱਕ ਹੱਲ ਜੋ ਇੱਕ ਥਾਂ 'ਤੇ ਕੰਮ ਕਰਦਾ ਹੈ, ਜ਼ਰੂਰੀ ਤੌਰ 'ਤੇ ਦੂਜੀ ਥਾਂ' ਤੇ ਵੀ ਸਫ਼ਲ ਹੋਵੇਗਾ। ਡਰੱਗ ਡਿਕ੍ਰਿਮੀਨਲਾਈਜ਼ ਕਰਨਾ ਇੱਕ ਛੋਟਾ ਬਦਲ ਹੈ ਪਰ ਇਸ ਦੇ ਨਾਲ ਕਈ ਹੋਰ ਉਪਾਵਾਂ ਬਾਰੇ ਸੋਚਣ ਦੀ ਲੋੜ ਹੈ। ਡਰੱਗ ਦੀ ਸਮੱਸਿਆ ਦਾ ਸ਼ਿਕਾਰ ਲੋਕਾਂ ਦੀ ਲੋੜਾਂ ਨੂੰ ਸਮਜ ਕੇ ਉਨ੍ਹਾਂ ਦੀ ਲੋੜੀਂਦੀ ਸਹਾਇਤ ਪਹੁੰਚਾਉਣਾ ਵੀ ਮਹੱਤਪੂਰਨ ਹੈ।

ਡਰੱਗ ਦੀ ਲਤ ਨੂੰ ਆਪਰਾਧ ਦੀ ਬਜਾਇ ਇੱਕ ਸਿਹਤ ਸਬੰਧ ਸਮੱਸਿਆ ਵਜੋਂ ਦੇਖਣਾ ਅਤੇ ਉਸ ਦਾ ਆਧਰ 'ਤੇ ਨੀਤੀਆਂ ਬਣਾਉਣਾ ਵੀ ਕਾਫੀ ਮਦਦਗਾਰ ਹੋ ਸਕਦਾ ਹੈ। ਇਸ ਨਾਲ ਹੀ ਨਵੀਂ ਸੋਚ 'ਤੇ ਆਧਾਰਿਤ ਨੀਤੀਆਂ ਬਣਾਉਣ ਵੇਲੇ ਲੋਕਾਂ ਨੂੰ ਇਹ ਸਮਝਾਉਣਾ ਵੀ ਜ਼ਰੂਰੀ ਹੈ ਸਫ਼ਲਤਾ ਦੀ ਉਮੀਦਾਂ ਨੂੰ ਹਕੀਕਤ ਦੇ ਦਾਇਰੇ ਵਿੱਚ ਰੱਖਣਾ ਰੱਖਣਾ ਹੋਵੇਗਾ।

# ਸ਼ਹੀਦ ਜੀਵਨ ਸਿੰਘ (ਭਾਈ ਜੈਤਾ)



**ਦਲਬੀਰ ਸਿੰਘ ਧਾਲੀਵਾਲ**

ਬੇਸ਼ੱਕ ਸਿੱਖ ਇਤਿਹਾਸ ਵਿੱਚ ਕੁਰਬਾਨ ਹੋਇਆ ਹਰ ਯੋਧਾ ਹੀ ਸਤਿਕਾਰਯੋਗ ਹੈ ਪਰ ਸ਼ਹੀਦ ਜੀਵਨ ਸਿੰਘ (ਭਾਈ ਜੈਤਾ ਜੀ) ਦੀਆਂ ਕੁਰਬਾਨੀਆਂ ਦਾ ਇਤਿਹਾਸ ਵਿਸ਼ੇਸ਼ ਫ਼ੱਖਰਯੋਗ ਇਸ ਕਰਕੇ ਹੈ ਕਿ ਉਨ੍ਹਾਂ ਵੱਲੋਂ ਗੁਰੂ ਆਸ਼ੇ ਦੀ ਪੂਰਤੀ ਲਈ ਉੱਥੇ ਕੁਰਬਾਨੀ ਦਿੱਤੀ ਗਈ ਜਿੱਥੋਂ ਹੋਰ ਸਿੱਖ ਪਾਸਾ ਵਟੱਦੇ ਦੇਖੇ ਗਏ। ਇਸੇ ਤਰ੍ਹਾਂ ਹੀ ਉਨ੍ਹਾਂ ਦੇ ਬਜ਼ੁਰਗਾਂ ਭਾਈ ਕਲਿਆਣਾ ਜੀ ਵੱਲੋਂ ਬਾਬਾ ਬੁੱਢਾ ਜੀ ਦੇ ਸਮਕਾਲੀ ਵਜੋਂ ਗੁਰੂ ਨਾਨਕ ਦੇਵ ਦੇ ਚਰਨਾਂ ਵਿੱਚ ਕੱਥੂ ਨੰਗਲ ਤੋਂ ਸ਼ੁਰੂ ਕੀਤੀ ਗਈ ਬੇਦਾਗ ਸੇਵਾ ਪੀੜ੍ਹੀ ਦਰ ਪੀੜ੍ਹੀ ਚਲਦੀ ਹੋਈ ਅੰਤ ਵਿੱਚ ਗੁਰੂ ਗੋਬਿੰਦ ਸਿੰਘ ਦੇ ਅੰਗ ਸੰਗ ਰਹਿ ਕੇ ਬੜਾ ਲੰਬਾ ਅਰਸਾ ਕਰੀਬ 235 ਸਾਲ ਬੇਦਾਗ ਨਿਭੀ।

ਇਹ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਕਵੀ ਕੰਕਣ ਜੀ ਅਨੁਸਾਰ ਭਾਈ ਜੈਤਾ ਜੀ ਦਾ ਜਨਮ 5 ਸੰਤਬਰ 1661 ਨੂੰ ਅਤੇ ਉਨ੍ਹਾਂ ਦੇ ਛੋਟੇ ਭਰਾ ਸੰਗਤ ਸਿੰਘ ਦਾ ਜਨਮ 23 ਦਸੰਬਰ 1666 ਨੂੰ ਭਾਈ ਸਦਾਨੰਦ ਤੇ ਮਾਤਾ ਪ੍ਰੇਮੋ ਜੀ ਦੇ ਘਰ ਹੋਇਆ। ਉਸ ਸਮੇਂ ਇਹ ਪਰਿਵਾਰ ਗੁਰੂ ਤੇਗ ਬਹਾਦਰ ਦੇ ਪਰਿਵਾਰ ਨਾਲ ਹੀ ਪਟਨਾ ਵਿੱਚ ਰਹਿੰਦਾ ਸੀ।

ਕੰਕਣ ਕਵਿ ਅਨੁਸਾਰ ਜੈਤਾ ਜੀ ਪਰਿਵਾਰ ਦੀ ਗੁਰੂ ਪਰਿਵਾਰ ਨਾਲ ਨੇੜਤਾ ਇੰਨੀ ਸੀ ਕਿ ਭਾਈ ਸਦਾਨੰਦ ਤਾਂ ਯਾਤਰਾਵਾਂ ਦੌਰਾਨ ਗੁਰੂ ਤੇਗ ਬਹਾਦਰ ਦੇ ਨਾਲ ਹੀ ਰਹਿੰਦੇ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ ਉਪਰੰਤ ਜਦੋਂ ਗੁਰੂ ਪਰਿਵਾਰ ਪਟਨਾ ਤੋਂ ਅਨੰਦਪੁਰ ਸਾਹਿਬ ਆ ਵਸਿਆ ਤਾਂ ਜੈਤਾ ਜੀ ਦਾ ਪਰਿਵਾਰ ਵੀ ਨਾਲ ਹੀ ਆ ਗਿਆ ਸੀ। ਇੱਥੇ ਇਹ ਵੀ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਕਿ ਜਦੋਂ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਚਾਂਦਨੀ ਚੌਕ ਤੋਂ ਚੁੱਕ ਕੇ ਲਿਆਉਣ ਵਾਸਤੇ ਬਾਲ ਗੋਬਿੰਦ ਰਾਏ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੋਏ ਇਕੱਠ ਵਿੱਚ ਕਿਸੇ ਸਿੱਖ ਵੱਲੋਂ ਅੱਗੇ ਆਉਣ ਦੀ ਮੰਗ ਕੀਤੀ ਸੀ ਤਾਂ ਉਦੋਂ ਸਭਨਾਂ ਸਿੱਖਾਂ ਵੱਲੋਂ ਨੀਵੀਆਂ ਪਾ ਲਈਆਂ ਸਨ ਕਿਉਂਕਿ ਔਰੰਗਜ਼ੇਬ ਦੀ ਦਹਿਸ਼ਤ ਅਤੇ ਜ਼ੁਲਮਾਂ ਦਾ ਡਰ ਹੀ ਇੰਨਾ ਸੀ ਅਤੇ ਫਿਰ ਔਰੰਗਜ਼ੇਬ ਵੱਲੋਂ ਇਹ ਖੁੱਲ੍ਹਾ ਚੈਲੇਂਜ ਵੀ ਸੀ ਕਿ ਜੇ ਕੋਈ ਸਿੱਖ ਸੀਸ ਚੁੱਕਣ ਦੀ ਹਿੰਮਤ ਕਰੇਗਾ ਤਾਂ ਉਸ ਨੂੰ ਸਮੇਤ ਪਰਿਵਾਰ ਤਸੀਹੇ ਦੇ ਕੇ ਖਤਮ ਕਰ ਦਿੱਤਾ ਜਾਵੇਗਾ। ਇਸ ਦਹਿਸ਼ਤ ਭਰੇ ਹਲਾਤਾਂ ਵਿੱਚ ਵੀ ਭਾਈ ਜੈਤਾ ਜੀ ਨੇ ਹੀ ਹਿੰਮਤ ਦਿਖਾਈ ਸੀ।

ਇਸ ਅਨੁਸਾਰ ਦਿੱਲੀ ਵਿੱਚ ਰਹਿੰਦੇ ਭਾਈ ਜੈਤਾ ਜੀ ਦੇ ਤਾਇਆ ਆਗਿਆ ਰਾਮ ਅਤੇ ਪਿਤਾ ਸੰਦਾ ਨੰਦ ਨਾਲ ਕੀਤੇ ਸਲਾਹ ਮਸ਼ਵਰੇ ਅਨੁਸਾਰ ਅਤੇ ਦਿੱਲੀ ਚਾਂਦਨੀ ਚੌਕ ਦੇ ਕੋਤਵਾਲ ਖਵਾਜਾ ਅਬਦੁੱਲਾ ਨਾਲ ਕੀਤੀ ਗੁਪਤ ਵਿਉਂਤਬੰਦੀ ਅਨੁਸਾਰ ਸੀਸ ਬਦਲੇ ਸੀਸ ਰੱਖਣ ਦਾ ਮਤਾ ਬਣਿਆ। ਫਿਰ ਇਸੇ ਰਾਤ ਹੀ ਪਿਤਾ ਸਦਾਨੰਦ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸੀਸ ਭਾਈ ਜੈਤਾ ਜੀ ਨੇ ਆਪਣੇ ਹੱਥੀਂ ਕੱਟ ਕੇ ਅਤੇ ਗੁਰੂ ਸੀਸ ਨਾਲ ਅਦਲ-ਬਦਲ ਕਰਕੇ ਆਪਣੇ ਸਾਥੀ ਸਿੱਖਾਂ ਦੀ ਸਹਾਇਤਾ ਨਾਲ ਸੀਸ ਚੁੱਕ ਲਿਆ ਅਤੇ ਫਿਰ ਔਕੜਾਂ ਭਰਿਆ ਲੰਬਾ ਜੰਗਲੀ ਪੈਂਡਾ ਤੈਅ ਕਰਦੇ ਹੋਏ 14 ਨਵੰਬਰ 1675 ਨੂੰ ਕੇਵਲ 9 ਸਾਲ ਦੇ ਬਾਲ ਗੋਬਿੰਦ ਰਾਏ ਕੋਲ ਪਹੁੰਚਾ ਦਿੱਤਾ।

ਉਨ੍ਹਾਂ ਦੀ ਯੋਗਤਾ ਅਤੇ ਬਹਾਦਰੀ ਨੂੰ ਦੇਖਦੇ ਹੋਏ ਗੁਰੂ ਗੋਬਿੰਦ ਸਿੰਘ ਨੇ ਗਲਵਕੜੀ ਵਿੱਚ ਲੈ ਕੇ ਰੰਘਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਦਿੱਤਾ ਸੀ ਅਤੇ ਫਿਰ ਲੜੀਆਂ ਗਈਆਂ ਸਭਨਾਂ ਜੰਗਾਂ ਵਿੱਚ ਵੀ ਉਨ੍ਹਾਂ ਨੂੰ ਫੌਜਾਂ ਦਾ ਮੁੱਖ ਕਮਾਂਡਰ ਬਣਾਇਆ ਗਿਆ ਸੀ। 1699 ਨੂੰ ਆਪਣੇ ਚਾਰ ਸ਼ਾਹਿਬਜ਼ਾਦਿਆਂ ਦੇ ਨਾਲ ਹੀ ਅੰਮ੍ਰਿਤ ਛਕਾਇਆ ਅਤੇ ਜੈਤਾ ਤੋਂ ਜੀਵਨ ਸਿੰਘ ਨਾਂ ਰੱਖਿਆ। ਜ਼ਿਕਰਯੋਗ ਹੈ ਕਿ ਬਾਬਾ ਜੀਵਨ ਸਿੰਘ ਆਪਣੀਆਂ ਦੋਵੇਂ ਬੰਦੂਕਾਂ ਨਾਗਨੀ ਤੇ ਬਾਗਨੀ ਇਕੋ ਸਮੇਂ ਮੋਢਿਆਂ ਨਾਲ ਲਾ ਕੇ ਇੱਕਠੀਆਂ ਚਲਾਉਂਦੇ ਸਨ ਅਤੇ ਇਵੇਂ ਹੀ ਦੋ ਤਲਵਾਰਾਂ ਦੋਵੇਂ ਹੱਥਾਂ ਵਿੱਚ ਲੈ ਕੇ ਇੱਕਠੀਆਂ ਹੀ ਚਲਾਉਂਦੇ ਸਨ। ਇਸ ਸਾਰੇ ਮਹੱਤਵਪੂਰਨ ਬਿਰਤਾਂਤ ਤੋਂ ਸਾਨੂੰ ਸਭਨਾਂ ਨੂੰ ਅੱਜ ਇਹ ਸਿੱਖਣ ਦੀ ਲੋੜ ਹੈ ਕਿ ਅਸੀਂ ਆਪਣੇ ਫਰਜ਼ਾਂ ਪ੍ਰਤੀ ਵਫਾਦਾਰ ਬਣੀਏ, ਆਪਣੇ ਇਰਾਦੇ ਨੂੰ ਅਤੇ ਆਪਣੀ ਕੀਤੀ ਪ੍ਰਤਿਗਿਆ ਅਤੇ ਨਿਸ਼ਾਨੇ ਦੀ ਪੂਰਤੀ ਲਈ ਦ੍ਰਿੜ ਹੋਈਏ, ਚਾਹੇ ਕੋਈ ਵਿਦਿਆਰਥੀ ਹੈ ਜਾਂ ਕੋਈ ਨੌਕਰੀ ਕਰਨ ਵਾਲਾ ਵਿਅਕਤੀ ਹੈ, ਉਨ੍ਹਾਂ ਸਾਰਿਆਂ ਨੂੰ ਬਾਬਾ ਜੀਵਨ ਸਿੰਘ ਜੀ ਵੱਲੋਂ ਦਰਸਾਈ ਗਈ ਉਪਰੋਕਤ ਜੀਵਨ ਜਾਂਚ ਤੋਂ ਸਿੱਖਿਆ ਲੈਣੀ ਜ਼ਰੂਰੀ ਹੈ।

# ਸ਼ਹੀਦ ਬੋਤਾ ਸਿੰਘ ਤੇ ਗਰਜਾ ਸਿੰਘ

**ਗੁਰਜੀਵਨ ਸਿੰਘ ਸਿੱਧੂ**

ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਇੱਕ ਕਿਸਾਨੀ ਪਰਿਵਾਰ ਨਾਲ ਸਬੰਧਤ ਸਨ ਤੇ ਬਚਪਨ ਤੋਂ ਹੀ ਨਿਡਰ ਤੇ ਫੁਰਤੀਲੇ ਸਨ। ਬਾਬਾ ਬੋਤਾ ਸਿੰਘ ਸਵਾ ਛੇ ਫੁੱਟ ਜਵਾਨ ਵੇਖਣੀ-ਪਾਖਣੀ ਰੋਹਬਦਾਰ ਤੇ ਭਰਵੇਂ ਜੁੱਸੇ ਵਾਲਾ ਸੀ। ਉਸ ਸਮੇਂ ਮੁਗਲ ਹਕੂਮਤ ਦਾ ਦਬਦਬਾ ਸੀ। ਉਸ ਸਮੇਂ ਮੁਗਲਾਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ। ਜਦੋਂ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨੀਆਂ ਨੂੰ ਲੁੱਟ ਕੇ ਵਾਪਸ ਜਾਂਦੇ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਕਈ ਵਾਰ ਤਾਂ ਸਿੰਘਾਂ ਨੇ ਇਨ੍ਹਾਂ ਤੋਂ ਲੁੱਟਿਆ ਹੋਇਆ ਮਾਲ ਵੀ ਖੋਹਿਆ ਸੀ। ਇਸ ਤੋਂ ਤੰਗ ਪ੍ਰੇਸ਼ਾਨ ਹੋ ਜ਼ਕਰੀਆਂ ਖਾਂ ਨੇ ਖਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਅਤੇ ਐਲਾਨ ਕਰਵਾ ਦਿੱਤਾ ਕਿ ਸਿੱਖ ਖਤਮ ਕਰ ਦਿੱਤੇ




ਗਏ ਹਨ। ਉਨ੍ਹਾਂ ਅੰਮ੍ਰਿਤਸਰ ਵਿੱਚ ਸਿੱਖਾਂ ਨੂੰ ਜਾਣ 'ਤੇ ਪਾਬੰਦੀ ਲਗਾ ਦਿੱਤੀ। ਇਹੋ ਜਿਹੇ ਸਮੇਂ ਵਿੱਚ ਬਾਬਾ ਬੋਤਾ ਸਿੰਘ ਨੇ ਸਿੱਖ ਕੌਮ ਉਤੇ ਹੋ ਰਹੇ ਅੱਤਿਆਚਾਰ ਨੂੰ ਆਪਣੇ ਅੱਖੀਂ ਵੇਖਿਆ। ਇਸ ਦੌਰਾਨ ਇੱਕ ਹੋਰ ਗਰਜਾ ਸਿੰਘ ਨਾਂ ਦਾ ਸਿੱਖ ਬਾਬਾ ਬੋਤਾ ਸਿੰਘ ਨਾਲ ਆ ਮਿਲਿਆ। ਮੁਗਲ ਹਕੂਮਤ ਵੱਲੋਂ ਕੀਤੇ ਜਾ ਰਹੇ ਜ਼ੁਲਮ ਨੂੰ ਵੇਖ ਕੇ ਉਨ੍ਹਾਂ ਦੇ ਮਨ ਵਿੱਚ ਲਹੂਰੀਆਂ ਉਠਦੀਆਂ। ਉਸ ਸਮੇਂ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਾਤ ਨੂੰ ਜਾਂਦੇ ਤੇ ਦਿਨ ਵੇਲੇ ਜੰਗਲਾਂ ਵਿੱਚ ਸਮਾਂ ਬਤੀਤ ਕਰਦੇ ਸਨ। ਇਸ ਤਰ੍ਹਾਂ ਹੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਵੀ ਰਾਜਪੂਤਾਨੇ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਝਾੜੀਆਂ ਬੇਲਾ ਵਿੱਚ ਦੀ ਰਵਾਨਾ ਹੋਏ। ਜਦ ਉਹ ਤਰਨਤਾਰਨ ਕੋਲ ਝਾੜੀਆਂ ਬੇਲੇ ਵਿੱਚ ਜਾ ਰੇਹੇ ਸਨ ਤਾਂ ਉੱਥੋਂ ਗੁਜ਼ਰ ਰਹੇ ਦੋ ਮੁਸਲਮਾਨਾਂ ਨੂੰ ਝਾੜੀਆਂ ਵਿੱਚ ਪੈਰਾਂ ਦੀਆਂ ਅਵਾਜ਼ਾਂ ਅਤੇ ਪਰਛਾਵੇਂ ਵਿਖਾਈ ਦਿੱਤੇ ਤਾਂ ਇੱਕ ਮੁਸਲਮਾਨ ਨੇ ਕਿਹਾ 'ਇਨ੍ਹਾਂ ਝਾੜੀਆਂ ਪਿੱਛੇ ਸਿੱਖ ਲਗਦੇ ਹਨ।'

ਦੂਜਾ ਮੁਸ਼ਲਮਾਨ ਬੋਲਿਆ 'ਨਹੀਂ, ਉਹ ਤਾਂ ਲੁਕਣ ਵਾਲੇ ਨਹੀਂ ਹੁੰਦੇ, ਸਾਹਮਣੇ ਮੁਕਾਬਲਾ ਕਰਕੇ ਮਾਰਦੇ ਜਾਂ ਮਰਦੇ ਹਨ।'

ਪਹਿਲਾ: ਪਹਿਰਾਵੇ ਤੇ ਸਰੀਰ ਦੀ ਡੀਲ-ਡੌਲ ਤੋਂ ਸਿੱਖ ਹੀ ਦਿਸਦੇ ਨੇ।

ਦੂਜਾ: ਸੂਬਾ ਲਹੌਰ ਨੇ ਢੰਡੋਰਾ ਪਿਟਵਾਇਆ ਹੈ ਕਿ ਸਿੱਖ ਮਾਰ ਦਿੱਤੇ ਗਏ ਹਨ, ਇਹ ਕੋਈ ਚੋਰ-ਉਚੱਕਾ ਜਾਂ ਕਾਇਰ ਹੋਏਗਾ, ਚੱਲ ਦੇਖੀਏ ਕੌਣ ਹੈ।

ਪਹਿਲਾ: ਜੇ ਸਿੱਖ ਹੋਏ ਬਚਣਾ ਮੁਸ਼ਕਲ ਹੋਏਗਾ, ਛੱਡ ਆਪਾਂ ਕੀ ਲੈਣਾ।

ਦੋਨੋਂ ਮੁਸਲਮਾਨ ਉੱਥੇ ਚਲੇ ਗਏ ਪਰ ਉਨ੍ਹਾਂ ਦੀਆਂ ਆਪਸ ਵਿੱਚ ਹੋਈਆਂ ਗੱਲਾਂ, ਦੋਵਾਂ ਸਿੰਘਾਂ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਦੇ ਕੰਨਾਂ ਵਿੱਚ ਵਾਰ ਵਾਰ ਗੂੰਜ ਰਹੀਆਂ ਸਨ ਕਿ ਇਹ ਚੋਰ ਉਚੱਕੇ ਜਾਂ ਕਾਇਰ ਹੋਵੇਗਾ, ਸਿੱਖ ਨਹੀਂ ਹੋ ਸਕਦਾ। ਉਨ੍ਹਾਂ ਬੈਠ ਕੇ ਵਿਚਾਰ ਕੀਤਾ ਕਿ ਇਹ ਪ੍ਰਚਾਰ ਕਿ ਸਿੰਘ ਖਤਮ ਕੀਤੇ ਜਾ ਚੁੱਕੇ ਹਨ, ਇਸ ਨਾਲ ਪੰਥ ਨੂੰ ਬਹੁਤ ਨੁਕਸਾਨ ਪੁੱਜੇਗਾ। ਉਨ੍ਹਾਂ ਤਰਨਤਾਰਨ ਸਾਹਿਬ ਦੇ ਨਜ਼ਦੀਕ ਸ਼ਾਹੀ ਸੜਕ 'ਤੇ ਨੂਰਦੀਨ ਦੀ ਚੁੰਗੀ 'ਤੇ ਕਬਜ਼ਾ ਕਰਕੇ ਇਸ ਸੜਕ ਤੋਂ ਲੰਘਣ ਵਾਲੇ ਗੱਡੇ ਪਾਸੋਂ ਇੱਕ ਆਨਾ, ਖੋਤੇ ਪਾਸੋਂ ਇੱਕ ਪੈਸਾ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ। ਇਹ ਟੈਕਸ ਨਾਕਾ ਲਗਾ ਕੇ ਦੋਨਾਂ ਸਿੰਘਾਂ ਨੇ ਇਹ ਆਵਾਜ਼ ਫੈਲਾਅ ਦਿੱਤੀ ਕਿ ਇੱਥੇ ਖਾਲਸੇ ਦਾ ਰਾਜ ਸਥਾਪਿਤ ਹੋ ਗਿਆ ਹੈ। ਜਦ ਉਨ੍ਹਾਂ ਕੋਲ ਕੋਈ ਮੁਗਲਾਂ ਦੀ ਟੋਲੀ ਨਾ ਪਹੁੰਚੀ ਤਾਂ ਉਨ੍ਹਾਂ ਨੇ ਇੱਕ ਮੁਸਾਫਿਰ ਹੱਥ ਲਾਹੌਰ ਦੇ ਸੂਬੇ ਨੂੰ ਚਿੱਠੀ ਲਿਖ ਭੇਜੀ:

ਚਿੱਠੀ ਲਿਖੇ ਸਿੰਘ ਬੋਤਾ,
ਹੱਥ ਹੈ ਸੋਟਾ, ਵਿਚ ਰਾਹ ਖੜੋਤਾ।
ਆਨਾ ਲਾਇਆ ਗੱਡੇ ਨੂੰ,
ਪੈਸਾ ਲਾਇਆ ਖੋਤਾ,
ਆਖੋ ਭਾਬੀ ਖਾਨੋ ਨੂੰ,
ਯੋਂ ਆਖੇ ਸਿੰਘ ਬੋਤਾ।"

ਜਦ ਜ਼ਕਰੀਆਂ ਖਾਂ ਨੂੰ ਇਹ ਸੂਚਨਾ ਪਹੁੰਚੀ ਤਾਂ ਉਸ ਨੇ 200 ਸੈਨਿਕਾਂ ਦਾ ਇੱਕ ਦਸਤਾ ਭੇਜਿਆ ਤੇ ਇਨ੍ਹਾਂ ਸੈਨਿਕਾਂ ਨੇ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨੂੰ ਘੇਰਾ ਪਾ ਲਿਆ। ਬਾਬਾ ਬੋਤਾ ਸਿੰਘ ਨੇ ਸੈਨਿਕਾਂ ਨੂੰ ਵੰਗਾਰਿਆ ਕਿ ਜੇ ਉਹ ਆਪਣੇ ਆਪ ਨੂੰ ਬਹਾਦਰ ਕਹਾਉਂਦੇ ਹਨ ਤਾਂ ਇੱਕ ਇੱਕ ਆ ਕੇ ਸਾਡੇ ਨਾਲ ਲੜਾਈ ਕਰੇ।

ਇਸ ਤਰ੍ਹਾਂ ਸਿੰਘਾਂ ਨੇ ਦਰਜਨ ਸੈਨਿਕਾਂ ਨੂੰ ਮਾਰ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਉਹ ਦੋ-ਦੋ ਸੈਨਿਕ ਸਾਡੇ ਨਾਲ ਲੜਾਈ ਕਰਨ ਆ ਜਾਣ ਤਾਂ ਇਸ ਤਰ੍ਹਾਂ ਜਦ ਮੁਗਲ ਸੈਨਿਕ ਮਾਰੇ ਜਾ ਰਹੇ ਸਨ ਤਾਂ ਗੁੱਸੇ ਵਿੱਚ ਸੈਨਿਕਾਂ ਨੇ ਇੱਕਠੇ ਹੋ ਕੇ ਹੱਲਾ ਬੋਲ ਦਿੱਤਾ, ਦੋ ਦਰਜਨ ਤੋਂ ਵੱਧ ਮੁਗਲਾਂ ਸੈਨਿਕਾਂ ਨੂੰ ਸੋਟਿਆਂ ਨਾਲ ਮੌਤ ਦੇ ਘਾਟ ਉਤਾਰਦਿਆਂ 27 ਜੁਲਾਈ 1739 ਈ. ਨੂੰ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਸ਼ਹੀਦੀ ਪਾ ਗਏ।

# ਸ਼ਹੀਦ ਬਿਸ਼ਨ ਸਿੰਘ ਬੁੱਟਰ

**ਪ੍ਰੋ. ਗੋਪਾਲ ਸਿੰਘ ਬੁੱਟਰ**

ਸ਼ਹੀਦ ਬਿਸ਼ਨ ਸਿੰਘ ਬੁੱਟਰ ਉਨ੍ਹਾਂ ਦੇਸ਼ ਭਗਤਾਂ ਦੇ ਆਗੂ ਸਨ, ਜਿਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਫ਼ੌਜ ਵਿੱਚ ਬਗਾਵਤ ਕਰ ਕੇ ਬਰਤਾਨਵੀ ਸਾਮਰਾਜ ਨੂੰ ਚੁਣੌਤੀ ਦਿੱਤੀ। ਬਿਸ਼ਨ ਸਿੰਘ ਦਾ ਜਨਮ 1915 ਨੂੰ ਨੰਬਰਦਾਰ ਗੁਰਦਿੱਤ ਸਿੰਘ ਦੇ ਘਰ ਪਿੰਡ ਬੁੱਟਰ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਨੇ ਮੁਢਲੀ ਸਿੱਖਿਆ ਡੀ.ਬੀ ਮਿਡਲ ਸਕੂਲ ਮਹਿਤਾ ਨੰਗਲ ਤੋਂ ਅਤੇ ਮੈਟਰਿਕ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋਂ ਕੀਤੀ। ਸ਼ਹੀਦ ਬਿਸ਼ਨ ਸਿੰਘ ਦੇ ਅਠਵੀਂ ਤੱਕ ਜਮਾਤੀ ਰਹੇ ਪੰਜਾਬੀ ਹਾਸ ਵਿਅੰਗ ਦੇ ਲੇਖਕ ਸੂਬਾ ਸਿੰਘ ਅਨੁਸਾਰ ਬਿਸ਼ਨ ਸਿੰਘ ਅਠਵੀਂ ਵਿੱਚ ਹੀ ਚੰਗਾ ਜਵਾਨ ਲਗਦਾ ਸੀ। ਮਹਿਤਾ ਨੰਗਲ ਸਕੂਲ ਦੇ ਰਸਤੇ ਵਿੱਚ ਗੁਰਦੁਆਰਾ ਸਿੰਘ-ਬੇਲਾ ਪੈਂਦਾ ਸੀ, ਜੋ ਅਸਲ ਵਿੱਚ ਕਿਰਤੀ ਦੇਸ਼ ਭਗਤਾਂ ਦਾ ਗੁਪਤ ਅੱਡਾ ਸੀ। ਸਕੂਲ ਆਉਂਦੇ ਜਾਂਦੇ ਬਿਸ਼ਨ ਸਿੰਘ ਇੱਥੇ ਭਾਈ ਸੰਤੋਖ ਸਿੰਘ ਧਰਦਿਉ, ਸੰਤ ਇੰਦਰ ਸਿੰਘ ਮੁਰਾਰੀ ਅਤੇ ਸੰਤ ਅਮਰ ਸਿੰਘ ਗਿਲਤੀ ਵਾਲੇ ਵਰਗੇ ਦੇਸ਼ ਭਗਤਾਂ ਦੀ ਸੰਗਤ ਮਾਣਦਾ ਤੇ ਉਨ੍ਹਾਂ ਦੇ ਵਿਚਾਰ ਸੁਣਦਾ। ਇਥੋਂ ਹੀ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ, ਜਿਸ ਨੇ ਉਸ ਦੇ ਮਨ ਵਿੱਚ ਆਜ਼ਾਦੀ ਦਾ ਸੁਪਨਾ ਬੀਜ ਦਿੱਤਾ। ਜਦ ਆਰਥਿਕ ਹਾਲਤ ਉਸ ਨੂੰ ਫ਼ੌਜ ਦੇ 'ਇੱਕੀ ਨੰਬਰ' ਰਸਾਲੇ ਦੀ ਨੌਕਰੀ ਵੱਲ ਲੈ ਗਈ ਤਾਂ ਵੀ ਉਹ ਗੁਲਾਮੀ ਤੋਂ ਨਿਜਾਤ ਪਾਉਣ ਬਾਰੇ ਸੋਚਦਾ ਰਹਿੰਦਾ।



ਉਹ ਇੱਕ ਵਾਰ ਛੁੱਟੀ ਲੈ ਕੇ ਘਰ ਆਉਣ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਿਲਣ ਸੇਵਾ ਗ੍ਰਾਮ ਨੇੜੇ ਵਾਰਧਾ ਜਾ ਪੁੱਜਾ। ਉਹ ਫ਼ੌਜ ਵਿੱਚਲੇ ਆਪਣੇ ਹਮਖਿਆਲ ਸਹਿਕਰਮੀਆਂ ਵਿੱਚ ਕਿਰਤੀ ਪਰਚੇ ਅਤੇ ਹੋਰ ਸਰਕਾਰ ਵਿਰੋਧੀ ਸਾਹਿਤ ਵੰਡਦਾ ਰਹਿੰਦਾ ਅਤੇ ਸਾਥੀਆਂ ਨੂੰ ਗੁਲਾਮੀ ਤੋਂ ਨਿਜਾਤ ਪਾਉਣ ਲਈ ਲੋਕ ਯੁੱਧ ਵੱਲ ਧਿਆਨ ਦੇਣ ਲਈ ਪ੍ਰੇਰਦਾ ਰਹਿੰਦਾ।

ਜਦ ਦੂਜੇ ਵਿਸ਼ਵ ਯੁੱਧ ਸਮੇਂ ਉਨ੍ਹਾਂ ਨੂੰ 17 ਜੁਲਾਈ 1940 ਨੂੰ ਮਿਸਰ ਅਫਰੀਕਾ ਤੇ ਹੋਰ ਯੂਰਪੀਅਨ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਸਰਕਾਰ ਵੱਲੋਂ ਲੜਾਈ ਵਿੱਚ ਸ਼ਾਮਲ ਹੋਣ ਦਾ ਹੁਕਮ ਹੋਇਆ ਤਾਂ 'ਇੱਕੀ ਨੰਬਰ' ਰਸਾਲੇ ਦੇ 112 ਜਵਾਨਾਂ ਨੇ ਬੰਬਈ ਦੇ ਗੁਰਦੁਆਰੇ ਵਿੱਚ ਜਾ ਕੇ ਬਿਸ਼ਨ ਸਿੰਘ ਬੁੱਟਰ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਬਗਾਵਤ ਕਰਨ ਦੀਆਂ ਕਸਮਾਂ ਖਾਧੀਆਂ।

ਇਨ੍ਹਾਂ ਵੱਲੋਂ ਬੰਬਈ ਬੰਦਰਗਾਹ 'ਤੇ ਸਮੁੰਦਰੀ ਜਹਾਜ਼ਾਂ 'ਤੇ ਚੜ੍ਹਨ ਤੋਂ ਮਨ੍ਹਾਂ ਕਰਨ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਰਕਾਰ ਨੇ ਇਸ ਬਗਾਵਤ ਦੀ ਅੱਗ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਕਾਹਲੀ ਵਿੱਚ ਕੋਟ ਮਾਰਸ਼ਲ ਕੀਤਾ ਅਤੇ ਵਿਦਰੋਹੀ ਦੇਸ਼ ਭਗਤਾਂ ਨੂੰ ਸਖ਼ਤ ਸਜ਼ਾਵਾਂ ਸੁਣਾ ਦਿੱਤੀਆਂ। ਬਿਸ਼ਨ ਸਿੰਘ ਬੁੱਟਰ ਨੂੰ ਉਸ ਦੇ ਤਿੰਨ ਕਰੀਬੀ ਸਾਥੀਆਂ ਸਣੇ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਬਾਕੀ ਦੇਸ਼ ਭਗਤਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। 6 ਸਤੰਬਰ 1940 ਨੂੰ ਸਿਕੰਦਰਾਬਾਦ ਸਿਵਲ ਜੇਲ੍ਹ ਵਿੱਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੌਗਾਵਾਂ ਸਾਧਪੁਰ, ਸਾਧੂ ਸਿੰਘ ਦਦੇਹਰ ਅਤੇ ਅਜਾਇਬ ਸਿੰਘ ਨੰਦਗੜ੍ਹ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਹੋਈ ਧਨੌਲਾ 'ਚ ਅਹਿਮ ਮੀਟਿੰਗ

### 27 ਅਗਸਤ ਤੋਂ 31 ਅਗਸਤ ਤੱਕ ਪੰਜਾਬ ਦੇ ਸਮੂਹ ਡੀ ਸੀ ਦਫਤਰਾਂ ਅੱਗੇ ਪੰਜ ਰੋਜ਼ਾ ਧਰਨੇ ਲਾਏ ਜਾਣਗੇ

**ਧਨੌਲਾ ਮੰਡੀ (ਸੰਜੀਵ ਗਰਗ ਕਾਲੀ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਹਿਮ ਮੀਟਿੰਗ ਬਲਾਕ ਪ੍ਰਧਾਨ ਬਲੌਰ ਸਿੰਘ ਛੰਨ੍ਹਾਂ ਦੀ ਅਗਵਾਈ 'ਚ ਪਿੰਡ ਧਨੌਲਾ ਵਿਖੇ ਨਵੀਂ ਖੇਤੀ ਨੀਤੀ ਲਾਗੂ ਕਰਵਾਉਣ ਤੇ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਸੰਬੰਧੀ ਕੀਤੀ ਗਈ। ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ , ਬਲੌਰ ਸਿੰਘ ਤੇ ਜਰਨੈਲ ਸਿੰਘ ਕਿਹਾ ਕਿ ਪਹਿਲੇ ਫੈਸਲੇ ਅਨੁਸਾਰ ਪੰਜਾਬ ਦੀ ਆਪ ਸਰਕਾਰ ਵੱਲੋਂ ਕਿਸਾਨਾਂ ਸਮੇਤ ਸਮੂਹ ਕਿਰਤੀ ਪੰਜਾਬੀਆਂ ਨਾਲ ਕੀਤੀ ਗਈ ਵਾਅਦਾ ਖਿਲਾਫੀ ਵਿਰੁੱਧ ਖੇਤੀ ਨੀਤੀ ਮੋਰਚਾ ਸ਼ੁਰੂ ਕਰਨ ਦੇ ਪਹਿਲੇ ਪੜਾਅ 'ਤੇ 27 ਅਗਸਤ ਤੋਂ 31 ਅਗਸਤ ਤੱਕ ਡੀ ਸੀ ਦਫਤਰਾਂ ਅੱਗੇ ਦਿਨ ਰਾਤ ਪੰਜ ਰੋਜ਼ਾ ਧਰਨੇ ਲਾਏ ਜਾਣਗੇ । ਕਿਸਾਨ ਤੇ ਖੇਤ ਮਜ਼ਦੂਰ ਪਰਿਵਾਰਾਂ ਦੇ ਖੇਤੀ 'ਚੋਂ ਵਾਧੂ ਜੀਆਂ ਨੂੰ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਇਸ ਤੋਂ ਪਹਿਲਾਂ ਗੁਜ਼ਾਰੇਯੋਗ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਅਜਿਹੀ ਖੇਤੀ ਨੀਤੀ ਖਾਤਰ ਬਜਟ ਜੁਟਾਈ ਲਈ ਸੂਦਖੋਰਾਂ, ਜਗੀਰਦਾਰਾਂ ਅਤੇ ਕਾਰਪੋਰੇਟਾਂ ਉੱਤੇ ਮੋਟੇ ਟੈਕਸ ਲਾਉਣ ਤੇ ਉਗ੍ਰਾਹੁਣ ਦੀ ਗਰੰਟੀ ਕੀਤੀ ਜਾਵੇ ਅਤੇ ਹੋਰ ਭਖਦੀਆਂ ਮੰਗਾਂ ਸਾਮਲ ਹਨ। ਤਿਆਰੀ ਮੁਹਿੰਮ ਦੌਰਾਨ ਜਥੇਬੰਦੀ ਦੀ ਹਰ ਪਿੰਡ ਇਕਾਈ ਵੱਲੋਂ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਸੂਚੀ ਬਣਾਈ ਜਾਵੇਗੀ



ਅਤੇ ਹਰ ਪਰਵਾਰ ਵੱਲੋਂ ਸਰਕਾਰੀ ਸਹਾਇਤਾ ਅਤੇ ਨੌਕਰੀ ਲਈ ਲਿਖਤੀ ਦਰਖਾਸਤ ਸਮੇਤ ਇਹ ਸੂਚੀਆਂ ਡੀ ਸੀ ਨੂੰ ਸੌਂਪੀਆਂ ਜਾਣਗੀਆਂ। ਇਸੇ ਤਰ੍ਹਾਂ ਨਸ਼ਿਆਂ ਤੋਂ ਪੀੜਤ ਪਰਿਵਾਰਾਂ ਦੀਆਂ ਪਿੰਡਵਾਰ ਸੂਚੀਆਂ ਵੀ ਸੌਂਪੀਆਂ ਜਾਣਗੀਆਂ। ਮੋਰਚੇ ਦੇ ਦੂਜੇ ਦਿਨ ਖੁਦਕੁਸ਼ੀ ਪੀੜਤ ਪਰਿਵਾਰ ਆਪੋ ਆਪਣੇ ਖੁਦਕੁਸ਼ੀ ਗ੍ਰਸਤ ਵਿਅਕਤੀਆਂ ਦੀਆਂ ਫੋਟੋਆਂ ਲੈ ਕੇ ਸਾਮਲ ਹੋਣਗੇ ਅਤੇ ਤੀਜੇ ਦਿਨ ਨਸ਼ਿਆਂ ਤੋਂ ਪੀੜਤ ਪਰਵਾਰ ਸਾਮਲ ਹੋਣਗੇ। ਘਰ ਘਰ ਸੱਦਾ ਦੇਣ ਲਈ ਪਿੰਡਾ ਵਿੱਚੋਂ ਰਾਸ਼ਣ ਵੀ ਇਕੱਠਾ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਜਰਨਲ ਸਕੱਤਰ ਜਰਨੈਲ ਸਿੰਘ ਬਦਰਾ, ਮੀਤ ਪ੍ਰਧਾਨ ਦਰਸ਼ਨ ਸਿੰਘ ਭੈਣੀ, ਖਜ਼ਾਨਚੀ ਭਗਤ ਸਿੰਘ, ਪ੍ਰਧਾਨ ਬਲੌਰ ਸਿੰਘ ਕ੍ਰਿਸ਼ਨ ਸਿੰਘ ਛੰਨ੍ਹਾਂ ਜਰਨੈਲ ਸਿੰਘ ਜਵੰਧਾ ਪਿੰਡੀ, ਬਲਦੇਵ ਸਿੰਘ, ਨਰਿੰਪਜੀਤ ਸਿੰਘ ਬਡਬਰ, ਲਖਵੀਰ ਕੌਰ ਧਨੌਲਾ ਅਮਰਜੀਤ ਕੌਰ ਬਡਬਰ, ਗੁਰਜੀਤ ਕੌਰ ਭੱਠਲ ਤੇ ਪਿੰਡਾਂ ਦੀਆਂ ਇਕਾਈਆਂ ਦੇ ਆਗੂ ਹਾਜਰ ਸਨ।

# ਸਾਡੀਆਂ ਬੋਲੀਆਂ ਅਤੇ ਲਿੱਪੀਆਂ ਦਾ ਆਰੀਆਕਰਨ



ਨਾਜ਼ਰ ਸਿੰਘ ਲੁਧਿਆਣਾ

ਸਾਡੀਆਂ ਬੋਲੀਆਂ ਦਾ ਵਿਦੇਸ਼ੀ ਅਤੇ ਦੇਸੀ ਵਿਦਵਾਨਾਂ ਨੇ ਆਰੀਆਕਰਨ ਕੀਤਾ ਹੈ। ਇਸੇ ਤਰ੍ਹਾਂ ਲਿੱਪੀਆਂ ਦਾ ਵੀ ਆਰੀਆਕਰਨ ਕੀਤਾ ਗਿਆ ਹੈ। ਕਈ ਵਰ੍ਹੇ ਪਹਿਲਾ ਮੈ ਇੱਕ ਸੰਸਕ੍ਰਿਤ ਵਿਦਵਾਨ ਨੂੰ ਪੁੱਛਿਆ ਕਿ 'ਵੇਦ' ਕਿਹੜੀ ਲਿਪੀ ਵਿੱਚ ਲਿੱਖੇ ਗਏ ਸਨ ਤਾਂ ਉਸ ਨੇ ਉੱਤਰ ਦਿੱਤਾ ਕਿ ਦੇਵਨਾਗਰੀ ਲਿੱਪੀ ਵਿੱਚ ਲਿਖੇ ਗਏ ਸਨ, ਤਦ ਮੈ ਪੁੱਛਿਆ ਤਾਂ ਦੇਵਨਾਗਰੀ ਤਾਂ ਬਹੁਤ ਨਵੀ ਲਿੱਪੀ ਹੈ ਤਾਂ ਉਹ ਵਿਦਵਾਨ ਇਸ ਦਾ ਉੱਤਰ ਨਾਂ ਦੇ ਸਕਿਆ ਅਤੇ ਉਹ ਆਪਣੇ ਸਟੈਂਡ ਤੋਂ ਹਿਲ ਗਿਆ। ਇਸ ਤਰਾਂ ਉਹ ਵਿਦਵਾਨ ਆਪਣੇ ਇਸ ਦਾਅਵੇ ਦੇ ਸਬੰਧ ਵਿੱਚ ਕੋਈ ਸਬੂਤ ਪੇਸ਼ ਨਾ ਕਰ ਸਕਿਆ ਕਿ 'ਵੇਦ' ਦੇਵਨਾਗਰੀ ਲਿੱਪੀ ਵਿੱਚ ਲਿਖੇ ਜਾਂਦੇ ਸਨ।ਵਿਦੇਸ਼ੀ ਵਿਦਵਾਨ ਪ੍ਰੋ. ਬੂਲ੍ਹਰ ਨੇ ਅਸ਼ੋਕ ਲਿੱਪੀ ਨੂੰ ਬ੍ਰਾਹਮੀ ਲਿੱਪੀ ਦਾ ਨਾਂ ਦਿੰਦਾ ਹੈ ਅਤੇ ਇਸ ਦੀ ਉਪਜ ਫੋਨੀਸ਼ੀਅਨ ਲਿੱਪੀ ਤੋਂ ਮੰਨਦਾ ਹੈ।ਵਿਲੀਅਮ ਮੂਨੀਅਰ ਨੇ ਆਪਣੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਵਿੱਚ ਪ੍ਰੋ. ਬੂਲ੍ਹਰ ਦੀ ਕਿਤਾਬ ਵਿੱਚੋਂ ਕੁਟੇਸ਼ਨ ਰਾਹੀਂ ਉਕਤ ਬੋਲੀ ਬਾਰੇ ਨਮੂਨਾ ਵੀ ਦਿੱਤਾ ਹੈ (ਦੇਖੋ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ)।

Dr. G.R. Hunter ਨੇ ਆਪਣੀ ਕਿਤਾਬ 'The Script of Harappa And Mohenjo-daro And It's Connection with Other Scripts' ਵਿੱਚ ਅਸ਼ੋਕ ਲਿੱਪੀ ਨੂੰ ਬ੍ਰਾਹਮੀ ਲਿੱਪੀ ਦਾ ਨਾਂ ਦਿੰਦਾ ਹੈ ਅਤੇ ਕਈ ਹੋਰ ਲਿੱਪੀਆਂ ਦੀ ਤੁਲਨਾ ਵੀ ਕਰਦਾ ਹੈ। ਜੈਨ ਧਰਮ ਦੇ 'ਪਰਣਵੇ ਸੂਤਰ' ਵਿੱਚ ਲਿਖਿਆ ਹੈ ਕਿ ਉਣਮੋ ਬੰਬੀ ਲਿਵੀਏ" ਜਿਸ ਦਾ ਅਰਥ ਹੈ ਮੈ ਬੰਬੀ ਲਿੱਪੀ ਨੂੰ ਨਮਸਕਾਰ ਕਰਦਾ ਹਾਂ। ਪ੍ਰਕ੍ਰਿਤ ਅਤੇ ਹਿੰਦੀ ਡਿਕਸ਼ਨਰੀ -'ਪਯਯਮਹੱਾਣੋ ' ਵਿੱਚ ਵੀ ਇਸ ਲਿੱਪੀ ਬਾਰੇ ਜ਼ਿਕਰ ਆਉਂਦਾ ਹੈ।ਇਸ ਵਿੱਚ ਲਿਖਿਆ ਹੈ ਕਿ ਬਾਮਣ ਇੱਕ ਬਰਾਦਰੀ ਹੈ ਅਤੇ ਉਸ ਦੇ ਥੱਲੇ ਬਾਂਬੀ ਲਿਖਿਆ ਹੋਇਆ ਹੈ ਜਿਸ ਦਾ ਅਰਥ ਹੈ ਇੱਕ ਲਿੱਪੀ। ਮੈ ਇੱਕ ਜੈਨ ਸੱਜਨ ਨੂੰ ਸਵਾਲ ਕੀਤਾ ਜੇ ਜੈਨ ਧਰਮ ਬ੍ਰਾਹਮਣਵਾਦੀ ਦਾ ਵਿਰੋਧੀ ਹੈ ਤਾਂ ਉਹਨਾਂ ਨੇ ਬ੍ਰਾਹਮੀ ਲਿੱਪੀ ਨੂੰ ਕਿਉ ਮੰਨਣਾ ਸੀ। ਸੋ ਇੱਥੇ ਬਾਂਬੀ ਦਾ ਅਰਥ ਹੈ ਸੱਪ ਦੀ ਬਰਮੀ ਨਾ ਕਿ ਬ੍ਰਾਹਮੀ। ਇਸੇ ਤਰਾਂ ਸੰਸਕ੍ਰਿਤ ਵਿੱਚ ਸੱਪ ਦੀ ਬਰਮੀ ਨੂੰ ਬਾਲਮੀਕ ਕਿਹਾ ਜਾਂਦਾ ਹੈ। (ਦੇਖੋ ਵਿਲੀਅਮ ਮੂਨੀਅਰ ਦੀ ਸੰਸਕ੍ਰਿਤ -ਇੰਗਲਿਸ਼ ਡਿਕਸ਼ਨਰੀ ਦਾ ਪੰਨਾ ਨੰ.-928 ਅਤੇ ਦਵਾਰਕਾ ਪ੍ਰਸ਼ਾਦ ਸ਼ਰਮਾ ਅਤੇ ਤਾਰੀਨੀਸ਼ ਝਾ ਦੀ ਸੰਸਕ੍ਰਿਤ-ਹਿੰਦੀ ਡਿਕਸ਼ਨਰੀ-(ਸੰਸਕ੍ਰਿਤ ਸ਼ਬਦਅਰਥ ਕੌਸਤੁਭ) ਦਾ ਪੰਨਾ ਨੰ.-1027 )।ਇਸ ਤਰ੍ਹਾਂ ਜੈਨ ਧਰਮ ਅਤੇ ਬੁੱਧ ਧਰਮ ਨੂੰ ਮੰਨਣ ਵਾਲੇ ਆਪਣੀਆਂ ਪੁਰਾਣੀਆਂ ਲਿੱਪੀਆ ਭੁੱਲ ਚੁੱਕੇ ਹਨ ਅਤੇ ਬ੍ਰਾਹਮੀ ਦੇ ਭੁਲੇਖੇ ਅੱਜ ਇੰਡੀਅਨ ਬੋਧੀ ਆਪਣਾ ਸਾਹਿਤ ਦੇਵਨਾਗਰੀ ਵਿੱਚ ਲਿਖਦੇ ਹਨ। ਜਿਵੇ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਨੇ ਅਸ਼ੋਕ ਦੀ ਲਿੱਪੀ ਨੂੰ ਬ੍ਰਾਹਮੀ ਨਾਂ ਦੇ ਕੇ ਧਮਾ ਦਿੱਤਾ ਅਤੇ ਉਸੇ ਤਰ੍ਹਾਂ ਦੇਵਨਾਗਰੀ ਨੂੰ ਬ੍ਰਾਹਮੀ ਵਿੱਚੋਂ ਵਿਕਸਿਤ ਮੰਨ ਕੇ ਜ਼ੋਰ ਸ਼ੋਰ ਨਾਲ ਦੇਵਨਾਗਰੀ ਦਾ ਪ੍ਰਚਾਰ ਕੀਤਾ ਅਤੇ ਅਜੇ ਵੀ ਪ੍ਰਚਾਰ ਕਰ ਰਹੇ ਹਨ।ਨੈਸ਼ਨਲ ਸਾਹਿਤ ਅਕੈਡਮੀ, ਦਿੱਲੀ ਨੇ ਵੀ ਦੇਵਨਾਗਰੀ ਲਿੱਪੀ ਬਾਰੇ ਕਿਤਾਬ ਲਿਖੀ ਹੈ ਅਤੇ ਇਸ ਵਿੱਚ ਦੇਵਨਾਗਰੀ ਬਾਰੇ ਵਰਣਨ ਮਿਲਦਾ ਹੈ ਕਿ ਦੇਵਨਾਗਰੀ ਦਾ ਕਿਵੇਂ 19ਵੀਂ ਸਦੀ ਵਿੱਚ ਪ੍ਰਚਾਰ ਕੀਤਾ ਗਿਆ ਹੈ। ਅੰਗਰੇਜ਼ਾਂ ਦੇ ਇੱਥੇ ਹੁਕਮਰਾਨ ਬਣਨ ਕਰਕੇ ਇੱਥੇ Dominancy ਦਾ ਸਵਾਲ ਪੈਦਾ ਹੋ ਗਿਆ। ਇੰਡੀਆ ਵਿੱਚ ਦੋ ਧਰਮਾਂ ਦੇ ਲੋਕ ਭਾਰੂ ਸਨ, ਇੱਕ ਹਿੰਦੂ ਧਰਮ ਅਤੇ ਦੂਜਾ ਮੁਸਲਮਾਨ ਧਰਮ ਦੇ ਲੋਕ। ਇਸ ਤੋਂ ਇਲਾਵਾ ਸਿੱਖ ਧਰਮ ਦੇ ਲੋਕ ਵੀ ਸਨ ਜੋ ਧਾਰਮਿਕ ਤੌਰ ਤੇ ਗੁਰਮੁਖੀ ਲਿੱਪੀ ਨਾਲ ਜੁੜੇ ਹੋਏ ਸਨ। ਸਿੱਖ ਰਾਜ ਵੇਲੇ ਪੰਜਾਬ ਦੀ ਰਾਜ ਭਾਸ਼ਾ ਫਾਰਸੀ ਸੀ ਜੋ ਅਰਬੀ ਲਿੱਪੀ ਵਿੱਚ ਲਿਖੀ ਜਾਂਦੀ ਸੀ, ਕਿਉਂਕਿ ਉਸ ਵੇਲੇ ਦੇਵਨਾਗਰੀ ਲਿੱਪੀ ਪੰਜਾਬ ਵਿੱਚ ਨਹੀ ਆਈ ਸੀ। ਸ਼੍ਰੀ ਹਰਬਲਭ ਜਿਹਨਾਂ ਦਾ ਮੇਲਾ ਜਲੰਧਰ ਵਿਖੇ ਲਗਦਾ ਹੈ, ਉਹਨਾਂ ਦੀਆਂ ਬੰਦਸ਼ਾਂ ਵੀ ਗੁਰਮੁਖੀ ਲਿੱਪੀ ਵਿੱਚ ਹੀ ਸਨ ਜਿਸ ਦਾ ਹਵਾਲਾ ਸਾਨੂੰ ਉਹਨਾਂ ਦੀਆਂ 1865 ਦੀਆਂ ਕੁਟੇਸ਼ਨਾਂ ਵਿੱਚੋਂ ਮਿਲਦਾ ਹੈ ਜੋ ਕਿ ਅੰਗਰੇਜ਼ੀ ਟ੍ਰਿਬਿਊਨ ਵਿੱਚ ਛਪ ਚੁੱਕੀਆ ਹਨ।

ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿੱਚ ਬੋਲੀ ਦਾ ਮਸਲਾ ਖੜਾ ਹੋ ਗਿਆ ਕਿ ਪੰਜਾਬ ਦੀ ਸਰਕਾਰੀ ਬੋਲੀ ਕਿਹੜੀ ਹੋਵੇ। ਪੰਜਾਬ ਵਿੱਚ ਮੁਸਲਮਾਨ ਭਰਾ ਬਹੁ-ਗਿਣਤੀ ਵਿੱਚ ਸਨ ਅਤੇ ਉਹ ਸਰ ਸਯਦ ਅਹਿਮਦ ਖਾਨ ਦੇ ਪ੍ਰਭਾਵ ਹੇਠ ਚੱਲੇ ਸਨ ਅਤੇ ਇਹਨਾਂ ਨੇ ਪ੍ਰਭਾਵ ਪੁਆ ਕੇ ਪੰਜਾਬੀ ਦੀ ਥਾਂ ਉਰਦੂ ਨੂੰ ਸਰਕਾਰੀ ਬੋਲੀ ਬਣਵਾ ਲਿਆ। ਉਰਦੂ ਜੋ ਕਿ ਯੂ.ਪੀ. ਦੀ ਖੜੀ ਬੋਲੀ ਹੈ ਜਿਸ ਦੀ ਲਿੱਪੀ ਅਰਬੀ ਹੈ ਅਤੇ ਭੁਲੇਖਾ ਪਾਉਣ ਲਾਈ ਮੁਸਲਮਾਨ ਭਰਾਵਾਂ ਨੇ ਸ਼ਾਹਮੁੱਖੀ ਲਿੱਪੀ ਦੀ ਕਲਪਨਾ ਕੀਤੀ। ਸ਼ਾਹਮੁੱਖੀ ਲਿੱਪੀ ਅਰਬੀ ਲਿੱਪੀ ਹੀ ਹੈ। ਇਸ ਤਰ੍ਹਾਂ ਇੱਥੋਂ ਹੀ ਅਰਬੀ ਅਤੇ ਨਾਗਰੀ ਲਿੱਪੀ ਦਾ ਟਕਰਾਅ ਸ਼ੁਰੂ ਹੋ ਗਿਆ। ਇੱਥੇ ਲਗਭਗ 800 ਵਰ੍ਹੇ ਫਾਰਸੀ ਸਰਕਾਰੀ ਬੋਲੀ ਰਹੀ ਹੈ ਅਤੇ ਜਿਸਦੀ ਲਿੱਪੀ ਅਰਬੀ ਰਹੀ। ਇੰਜ ਅਰਬੀ ਲਿੱਪੀ ਦਾ ਪੂਰੇ ਜ਼ੋਰਾਂ ਸ਼ੋਰਾਂ ਨਾਲ ਪ੍ਰਚਾਰ ਕੀਤਾ ਗਿਆ ਅਤੇ ਇਹ ਬਹੁਤੇ ਲੋਕਾਂ ਵਿੱਚ ਲਿੱਪੀ ਆ ਗਈ। ਹਿੰਦੂ, ਸਿੱਖ ਅਤੇ ਮੁਸਲਮਾਨ ਅਤੇ ਹਰੇਕ ਧਰਮ ਦੇ ਲੋਕ ਇਸ ਬਾਰੇ ਜਾਣਕਾਰੀ ਰੱਖਦੇ ਸਨ। ਅੰਗਰੇਜੀ ਰਾਜ ਵੇਲੇ ਹੀ ਅਰਬੀ ਅਤੇ ਦੇਵਨਾਗਰੀ ਦਾ ਟਕਰਾਆ ਸ਼ੁਰੂ ਹੋਇਆ ਕਿਉਂਕਿ ਅੰਗਰੇਜ਼ਾ ਕੋਲ ਆਪਣਾ ਧਰਮ, ਲਿੱਪੀ, ਬੋਲੀ ਅਤੇ ਸਭਿਆਚਾਰ ਸੀ। ਉਹਨਾਂ ਨੂੰ ਨਾਂ ਤਾਂ ਪਰਸ਼ੀਅਨ ਅਤੇ ਅਤੇ ਨਾ ਹੀ ਹਿੰਦੂਆ ਦੀ ਬੋਲੀ ਨਾਲ ਮਤਲਬ ਸੀ। ਅੰਗਰੇਜ਼ਾ ਨੇ ਪਰਸ਼ੀਅਨ ਨੂੰ ਹਟਾ ਕੇ ਅੰਗਰੇਜ਼ੀ ਨੂੰ ਲਾਗੂ ਕਰ ਦਿੱਤਾ। ਅੰਗਰੇਜੀ ਸਰਕਾਰੀ ਬੋਲੀ ਹੋਣ ਕਰਕੇ ਲੋਕਾਂ ਵਿੱਚ ਇਹ ਤਰਜ਼ੀਹੀ ਬੋਲੀ ਦਾ ਸਥਾਨ ਪ੍ਰਾਪਤ ਕਰ ਗਈ। ਅੰਗਰੇਜ਼ਾ ਦੇ ਰਾਜ ਵੇਲੇ ਮੁਸਲਮਾਨਾਂ ਅਤੇ ਹਿੰਦੂਆ ਵਿੱਚ ਹੋੜ ਲੱਗ ਗਈ ਕਿ ਕਿਹੜੀ ਲਿੱਪੀ Dominant ਰਹੇ। ਜੋਹਨ ਬੀਮ ਅਨੁਸਾਰ (ਆਰੀਅਨ ਕੰਮਪੈਰੀਟਿਵ ਗਰੈਮਰ) ਮੁਸਲਮਾਨਾਂ ਨੇ ਖੜੀ ਬੋਲੀ ਨੂੰ ਅਰਬੀ ਲਿੱਪੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਅਤੇ ਹਿੰਦੂਆ ਨੇ ਖੜੀ ਬੋਲੀ ਨੂੰ ਦੇਵਨਾਗਰੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਅਣਵੰਡੇ ਇੰਡੀਆ ਵਿੱਚ ਹਿੰਦੂਆ ਦੀ ਬਹੁ ਗਿਣਤੀ ਸੀ ਜਿਹਨਾਂ ਨੇ ਨਾਗਰੀ ਪ੍ਰਚਾਰਨੀ ਸਭਾ ਬਣਾਈ ਤਾਂ ਕਿ ਮੁਸਲਮਾਨਾਂ ਦੀ ਅਰਬੀ ਲਿੱਪੀ ਨੂੰ ਟਾਕਰਾ ਦੇ ਸਕੇ ਅਤੇ ਹਿੰਦੀ ਨੂੰ Dominant ਕੀਤਾ ਜਾ ਸਕੇ। ਅਜਿਹਾ ਉਹ ਇੰਡੀਆ ਦੀ ਵੰਡ ਪਿੱਛੋਂ ਕਰਨ ਵਿੱਚ ਸਫਲ ਹੋਏ। ਜਦੋਂ ਸਾਡਾ ਸੰਵਿਧਾਨ ਬਣ ਰਿਹਾ ਸੀ ਤਾਂ ਉਦੋਂ ਸੰਪਰਕ ਭਾਸ਼ਾ ਦਾ ਮੁੱਦਾ ਵੀ ਉੱਠਿਆ। ਉਸ ਕਮੇਟੀ ਦਾ ਪ੍ਰਧਾਨ ਗਿ. ਗੁਰਮੁੱਖ ਸਿੰਘ ਮੁਸਾਫਿਰ ਸੀ। ਉਸ ਵੇਲੇ ਹਿੰਦੂਆ ਵਿੱਚ ਅੰਗਰੇਜੀ ਪੱਖੀ ਅਤੇ ਹਿੰਦੀ ਪੱਖੀ ਦੋ ਧੜੇ ਬਣੇ ਹੋਏ ਸਨ। ਗੁਰਮੁੱਖ ਸਿੰਘ ਮੁਸਾਫਿਰ ਕਮੇਟੀ ਪ੍ਰਦਾਨ ਨੇ ਉਸ ਵੇਲੇ ਹਿੰਦੀ ਦੇ ਪੱਖ ਵਿੱਚ ਵੋਟ ਪਾ ਦਿੱਤਾ ਅਤੇ ਇਸ ਤਰ੍ਹਾਂ ਹਿੰਦੀ ਸੰਪਰਕ ਭਾਸ਼ਾ ਬਣ ਗਈ। ਇੰਜ ਪੰਜਾਬੀ ਉੱਤੇ ਹਿੰਦੀ ਦੀ ਧੋਮਨਿਓਨਚੇ ਸ਼ੁਰੂ ਹੋ ਗਈ। ਉਸ ਵੇਲੇ ਪੰਜਾਬੀ ਦੋ ਧੜਿਆ ਵਿੱਚ ਵੰਡੇ ਗਏ। ਅੱਜ ਵੀ ਅਸੀ ਦੇਖ ਸਕਦੇ ਹਾਂ ਜੇ ਪੰਜਾਬੀ ਭਾਸ਼ਾ ਦੇ ਨਾਂ ਤੇ ਨਾ ਵੰਡੇ ਜਾਂਦੇ ਤਾਂ ਉਸ ਵੇਲੇ 5 ਤੋਂ 10 ਲੱਖ ਪੰਜਾਬੀਆ ਦਾ ਕਤ.ਲ ਨਾ ਹੁੰਦਾ।




1947 ਦੀ ਵੰਡ ਪਿੱਛੋਂ ਪੰਜਾਬੀ ਬੋਲਦੇ ਇਲਾਕਿਆ ਦੇ ਲੋਕ ਪੰਜਾਬੀ ਸੂਬੇ ਦੀ ਅਲੱਗ ਮੰਗ ਸ਼ੁਰੂ ਕਰਨ ਲੱਗੇ। ਪੰਜਾਬੀ ਸੂਬਾ ਬਣਨ ਨਾਲ ਇੱਥੇ ਆਸ ਬੱਝ ਗਈ ਗਈ ਕਿ ਇੱਥੇ ਦੀ ਸਰਕਾਰੀ ਬੋਲੀ ਪੰਜਾਬੀ ਹੀ ਹੋਵੇਗੀ। ਅਜਿਹਾ ਸ. ਲਛਮਣ ਸਿੰਘ ਗਿੱਲ ਨੇ ਪੰਜਾਬੀ ਬੋਲੀ ਦਾ ਐਲਾਨ ਕਰਕੇ ਪੰਜਾਬੀ ਬੋਲੀ ਨੂੰ ਲਾਗੂ ਵੀ ਕੀਤਾ। ਇਸ ਪਿੱਛੋਂ ਆਉਣ ਵਾਲੀਆ ਸਰਕਾਰਾਂ ਨੇ ਪੰਜਾਬੀ ਤੇ ਕੋਈ ਜੋਰ ਨਹੀ ਦਿੱਤਾ। ਪੰਜਾਬੀ ਦੇ ਵੱਖਰੇ ਇਲਾਕੇ ਵਿੱਚ ਹੋਰ ਕਿਸਮ ਦੀਆਂ ਸਮੱਸਿਆਵਾਂ ਖੜੀਆ ਹੋ ਗਈਆ ਜਿਵੇਂ ਕਿ ਰਾਜਧਾਨੀ ਦਾ ਮਸਲਾ, ਡੈਮਾਂ ਦੀ ਸਮੱਸਿਆ ਅਤੇ ਪੰਜਾਬੀ ਬੋਲਦੇ ਇਲਾਕਿਆ ਦਾ ਬਾਹਰ ਰਹਿ ਜਾਣਾ। ਸਾਡੇ ਰਾਜਨੀਤਿਕ ਲੋਕ ਨਾ ਤਾਂ 1947 ਤੋਂ ਪਹਿਲਾ ਜਾਗੇ ਹੋਏ ਸਨ ਅਤੇ ਨਾ ਹੀ 1947 ਪਿੱਛੋਂ ਜਾਗੇ। ਜੇ ਇਹ ਲੋਕ ਸਿਆਣੇ ਹੁੰਦੇ ਤਾਂ ਸ਼੍ਰੀ ਹਰਿਮੰਦਰ ਸਾਹਿਬ ਤੇ ਹਮਲਾ ਨਾ ਹੁੰਦਾ ਅਤੇ ਸਿੱਖ ਕਤਲੇਆਮ ਨਾ ਹੁੰਦਾ ਅਤੇ ਨਾ ਹੀ ਡਮੀ ਸਰਕਾਰ ਦੁਆਰਾ ਪੰਜਾਬ ਲਈ ਲੜਨ ਵਾਲਿਆਂ ਜੁਝਾਰੂਆ ਦਾ ਸਫਾਇਆ ਹੁੰਦਾ।

ਗੌਰੀ ਸ਼ੰਕਰ ਓਜਾ ਨੇ ਇੱਕ ਕਿਤਾਬ ਲਿਖੀ ਜਿਸ ਦਾ ਨਾਮ ਹੈ-'ਪ੍ਰਾਚੀਨ ਭਾਰਤੀ ਲਿੱਪੀ ਮਾਲਾ' ਅਤੇ ਇਸ ਅਨੁਸਾਰ ਅਸ਼ੋਕ ਲਿੱਪੀ ਹੀ ਬ੍ਰਾਹਮੀ ਲਿੱਪੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਗੌਰੀ ਸ਼ੰਕਰ ਓਜਾ ਨੂੰ ਸੰਸਕ੍ਰਿਤ ਦਾ ਤਾਂ ਗਿਆਨ ਸੀ ਪਰ ਪ੍ਰਕ੍ਰਿਤਾਂ ਦਾ ਗਿਆਨ ਨਹੀ ਸੀ। ਉਹਨਾਂ ਨੇ ਜੈਨੀ ਸੂਤਰ ਦਾ ਆਪਣੀ ਕਿਤਾਬ ਵਿੱਚ ਹਵਾਲਾ ਦਿੱਤਾ ਹੈ। ਜੇਕਰ ਉਹਨਾਂ ਨੂੰ ਪ੍ਰਕ੍ਰਿਤਾਂ ਦਾ ਗਿਆਨ ਹੁੰਦਾ ਤਾਂ ਉਹ ਬਾਂਬੀ ਨੂੰ ਬ੍ਰਾਹਮੀ ਨਾ ਕਹਿੰਦਾ। ਪ੍ਰਕ੍ਰਿਤਾਂ ਵਿੱਚ ਬ੍ਰਾਹਮਣ ਨੂੰ ਬਾਮਣ ਕਿਹਾ ਜਾਂਦਾ ਹੈ। ਬਾਂਬੀ ਇੱਕ ਲਿੱਪੀ ਹੈ ਜਦਕਿ ਬ੍ਰਾਹਮਣ ਇੱਕ ਬਰਾਦਰੀ ਹੈ। ਸੋ ਇਸ ਤਰ੍ਹਾਂ ਇਹ ਸਾਰਾ ਤਾਣਾ ਬਾਣਾ ਝੂਠ ਤੇ ਨਿਰਭਰ ਕਰਦਾ ਹੈ ਜਿਸਨੇ ਸਾਡੇ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਨੂੰ ਕੁਰਾਹੇ ਪਾਇਆ ਹੈ। ਉਸ ਨੇ ਇੱਕ ਕਿਤਾਬ ਦਾ ਹਵਾਲਾ ਵੀ ਦਿੱਤਾ ਹੈ ਜਿਸ ਦਾ ਨਾਮ ਲਲਿਤਵਿਸਤਾਰ ਹੈ ਅਤੇ ਇਸ ਵਿੱਚ ਲਿਖਿਆ ਹੋਇਆ ਹੈ ਕਿ ਇਹ ਕੋਈ ਬੋਧੀ ਅਤੇ ਸੰਸਕ੍ਰਿਤ ਵਿਦਵਾਨਾਂ ਰਾਹੀ ਲਿਖੀ ਹੋਈ ਹੈ ਜਿਸ ਵਿੱਚ ਕੋਈ 60 ਲਿੱਪੀਆ ਦਾ ਹਵਾਲਾ ਦਿੱਤਾ ਹੋਇਆ ਹੈ। ਇੱਥੋਂ ਉਸ ਥਿਊਰੀ ਦੀ ਸ਼ੁਰੂਆਤ ਹੋ ਜਾਂਦੀ ਹੈ ਕਿ ਇੱਕ ਲਿਪੀ ਤੋਂ ਹੀ ਅਨੇਕ ਲਿੱਪੀਆ ਪੈਦਾ ਹੋਈਆ ਹਨ। ਗੌਰੀ ਸ਼ੰਕਰ ਦੀ ਇਹ ਗੱਲ ਆਪਣੀ ਹੀ ਸਥਾਪਤ ਥਿਊਰੀ ਦੇ ਹੀ ਖਿਲਾਫ ਜਾਂਦੀ ਹੈ ਕਿ ਇਹ ਸਾਰੀਆ ਲਿੱਪੀਆ ਬ੍ਰਾਹਮੀ ਵਿੱਚੋਂ ਹੀ ਪੈਦਾ ਹੋਈਆ ਹਨ ਅਤੇ ਨਾਲ 60 ਲਿੱਪੀਆ ਦਾ ਹਵਾਲਾ ਵੀ ਦਿੰਦਾ ਹੈ।

ਡਾ. ਮੈਕਸ ਮੂਲਰ ਦੀ ਕਿਤਾਬ 'The Language Science' ਵਿੱਚ ਉਹ ਸੰਸਾਰ ਦੀਆਂ ਭਾਸ਼ਾਵਾਂ ਦਾ ਵਰਗੀਕਰਨ ਕਰਦਾ ਹੈ ਕਿ ਭਾਰਤ ਦੀਆਂ ਮਾਡਰਨ ਬੋਲੀਆ ਨੂੰ ਆਰੀਆ ਮੰਨਦਾ ਹੈ ਅਤੇ ਆਰੀਆ ਬੋਲੀ ਦਾ ਸਬੰਧ ਸੀਰੀਆ ਵਿੱਚ ਬੋਲਿਆ ਜਾਣਾ ਮੰਨਦਾ ਹੈ। ਰੂਮੀਲਾ ਥਾਪਰ ਦੀ ਕਿਤਾਬ 'Which of Us Are Aryan' ਵਿੱਚ ਜ਼ਿਕਰ ਆਉਂਦਾ ਹੈ ਕਿ ਈਰਾਨੀ ਬਾਦਸ਼ਾਹ 'ਐਰੀਆ' ਸ਼ਬਦ ਦੀ ਵਰਤੋਂ ਕਰਦਾ ਹੈ।ਵਿਲੀਅਮ ਮੂਨੀਅਰ ਦੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਅਨੁਸਾਰ ਆਰੀਆ ਇੱਕ ਕਬੀਲਾ (Tribe) ਵੀ ਹੈ ਅਤੇ ਇੱਕ ਬੋਲੀ ਵੀ ਹੈ। ਇੰਜ ਇੱਥੇ ਰੂਮੀਲਾ ਥਾਪਰ ਅਤੇ ਉਸ ਦੇ ਸਾਥੀਆ ਦਾ ਖੰਡਨ ਹੋ ਜਾਂਦਾ ਹੈ ਕਿ ਆਰੀਆ ਬੋਲੀ ਹੀ ਨਹੀ ਸਗੋਂ ਆਰੀਆ ਇੱਕ ਕਬੀਲਾ (Tribe) ਵੀ ਹੈ। ਮੈਕਸ ਮੂ.ਲਰ ਨੇ ਸੰਸਾਰ ਦੇ ਕਈ ਭਾਸ਼ਾਵਾਂ ਦੇ ਗਰੁੱਪਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ ਸੈਮਟਿਕ, ਆਰੀਆ, ਸੀਥੀਅਨ, ਤੁਰਕੀ, ਮੰਗੋਲਾਇਡ, ਦ੍ਰਾਵਿੜੀਅਨ, ਅਤੇ ਮੁੰਡਾ ਫੈਮਲੀ ਆਦਿ ਅਤੇ ਨਾਲ ਇਹ ਵੀ ਦੱਸਦਾ ਹੈ ਕਿ ਸੰਸਾਰ ਦੇ ਕਈ Language Group ਅਜੇ ਤੱਕ ਨਹੀ ਬਣ ਸਕੇ।

'A Grammar Of The Khassi language' ਦੇ ਕਰਤਾ Rev. H. Roberts ਨੇ ਮੈਕਸ ਮੂਲਰ ਦੀ ਥਿਊਰੀ ਦੇ ਵਿਰੁੱਧ ਲਿਖਿਆ ਹੈ ਕਿ ਖਾਸਾ ਬੋਲੀ ਤੁਰਾਨੀ ਗਰੁੱਪ ਨਹੀ ਕਿਉਂਕਿ ਖਾਸਾ ਬੋਲੀ ਦਾ ਗਰੈਮੈਟਿਕ ਢਾਂਚਾ ਤੁਰਾਨੀ ਬੋਲੀ ਦੇ ਢਾਂਚੇ ਨਾਲ ਮੇ.ਲ ਨਹੀ ਖਾਂਦਾ ਹੈ। ਇੰਜ ਉਹ ਮੈਕਸ ਮੂਲਰ ਦੇ ਖਾਸਾ ਬੋਲੀ ਨੂੰ ਤੁਰਾਨੀ ਗਰੁੱਪ ਵਿੱਚ ਸ਼ਾਮਿਲ ਕਰਨ ਦਾ ਵਿਰੋਧ ਕਰਦਾ ਹੈ।

ਜੋਹਨ ਬੀਮ ਦੀ ਕਿਤਾਬ 'Aryan Comparative Grammar' ਵਿੱਚ ਭਾਰਤੀ Modern ਸੱਤਾਂ ਬੋਲੀਆ ਨੂੰ ਆਰੀਆ ਮੰਨਦਾ ਹੈ ਜਿਵੇਂ-ਉੜੀਆ, ਬੰਗਲਾ, ਮਰਾਠੀ, ਉਰਦੂ, ਗੁਜਰਾਤੀ, ਸਿੰਧੀ ਅਤੇ ਪੰਜਾਬੀ। ਇਹਨਾਂ ਸੱਤਾਂ ਬੋਲੀਆ ਦੇ ਗਰੈਮੈਟਿਕ ਢਾਂਚੇ ਤਾਂ ਆਪਸ ਵਿੱਚ ਮਿਲਦੇ ਨਹੀ ਕਿਉਂਕਿ ਬੋਲੀ ਨੂੰ ਪਰਖਣ ਦਾ ਨਮੂਨਾ ਗਰੈਮਰ ਹੀ ਹੁੰਦਾ ਹੈ ਨਾ ਕਿ ਸ਼ਬਦਾਵਲੀ (Vocabulary)। Archaeology ਦੀ ਰਿਪੋਰਟ ਅਨੁਸਾਰ ਜੋ ਜੋਹਨ ਮਾਰਸ਼ਲ ਨੇ 1927 ਵਿੱਚ ਪੇਸ਼ ਕੀਤੀ ਸੀ, ਵਿੱਚ ਕਹਿੰਦਾ ਹੈ ਕਿ ਜਿਹੜੀਆਂ ਹੜੱਪਾਂ ਅਤੇ ਮੋਹੰਜੋਦਾੜੋ ਵਿੱਚ Antiquity ਮਿਲੀਆ ਹਨ ਉਹ ਬਿਲਕੁੱਲ ਹੀ ਅਲੱਗ ਹਨ ਅਤੇ ਇਥੋ ਦੀ ਸੱਭਿਅਤਾ ਵੀ ਬਿਲਕੁੱਲ ਹੀ ਅਲੱਗ ਹੈ। ਇੱਥੋ ਪ੍ਰਾਪਤ ਲਿੱਪੀ ਵੀ ਸੰਸਾਰ ਦੀ ਸਭ ਤੋਂ ਪੁਰਾਣੀ ਲਿੱਪੀ ਹੈ ਜੋ ਕਿ ਅਜੇ ਤੱਕ ਵੀ ਸੰਸਾਰ ਵਿੱਚ ਬੁਝਾਰਤ ਬਣੀ ਹੋਈ ਹੈ। ਮੈਕਸ ਮੂਲਰ ਦੀ ਥਿਊਰੀ ਦਾ ਖੰਡਨ ਤਾਂ ਉਸ ਦਾ ਉਸਤਾਦ ਪ੍ਰੋ. ਬੱਪ ਹੀ ਕਰ ਦਿੰਦਾ ਹੈ ਕਿ Indo-Aryan language Group ਦੀ ਗ੍ਰੀਕ, ਸੰਸਕ੍ਰਿਤ ਅਤੇ ਲੈਟਿਨ ਨਾਲ ਕੋਈ ਵੀ Phonology ਸਾਂਝੀ ਨਹੀ ਹੈ ਅਤੇ ਗਰੈਮੈਟਿਕ ਢਾਂਚਾ ਵੀ ਵਖਰਾ-ਵਖਰਾ ਹੈ।ਸੋ ਇਸ ਤਰਾਂ ਮੈਕਸ ਮੂਲਰ ਦੀ Indo-Aryan ਥਿਊਰੀ ਵੀ ਫੇਲ ਹੋ ਜਾਂਦੀ ਹੈ। ਇਸ ਤੋਂ ਪਹਿਲਾ ਸੰਸਾਰ ਦੇ ਸਾਰੇ ਵਿਦਵਾਨ ਇਹੋ ਹੀ ਮੰਨਦੇ ਸਨ ਕਿ ਆਰੀਆ ਸੱਭਿਅਤਾ ਹੀ Indian Sub-Continent ਦੀ ਸੱਭਿਅਤਾ ਹੈ। ਜਦਕਿ Archaeology ਦੀ ਨਵੀਂ ਖੋਜ ਅਨੁਸਾਰ ਹੜੱਪਾ ਅਤੇ ਆਰੀਆ ਲੋਕਾ ਦਾ ਆਪਸ ਵਿੱਚ D.N.A ਵੀ ਨਹੀ ਮਿਲਦਾ ਹੈ। ਇਸ ਤਰ੍ਹਾਂ ਜੋਹਨ ਮਾਰਸ਼ਲ ਦੀ ਰਿਪੋਰਟ ਸਹੀ ਸਾਬਤ ਹੋ ਜਾਂਦੀ ਕਿ ਹੜੱਪੇ ਦੇ ਲੋਕ ਹੀ Indian Sub-Continent ਦੇ ਜੱਦੀ ਲੋਕ ਹਨ ਨਾ ਕਿ ਆਰੀਆ। ਹਰਿਆਣੇ ਦੇ ਪਿੰਡ ਰਾਖੀਗੜੀ ਦੀ ਪੁਟਾਈ ਅਨੁਸਾਰ ਦੱਸਿਆ ਗਿਆ ਹੈ ਕਿ ਇਹ ਵੀ ਹੜੱਪੇ ਦੀ ਸੱਭਿਅਤਾ ਅੰਦਰ ਹੀ ਆਉਂਦਾ ਹੈ।ਰਾਖੀਗੜੀ ਤੋਂ ਜੋ ਪਿੰਜਰ ਮਿਲੇ ਹਨ ਉਸਦੀ D. N. A. ਰਿਪੋਰਟ ਅਜੇ ਤੱਕ ਜਾਰੀ ਨਹੀ ਹੋਈ ਹੈ।

ਸਾਡੇ ਮੌਜੂਦਾ ਸੈਂਟਰਲ ਲੀਡਰ ਅਤੇ ਸਾਬਕਾ ਲੀਡਰਾਂ ਦਾ ਵੀ ਇਹੀ ਮੰਨਣਾ ਹੈ ਕਿ ਸੰਸਕ੍ਰਿਤ ਵਿੱਚੋਂ ਹੀ ਸਾਰੀਆ ਦੇਸੀ ਭਾਸ਼ਾਵਾਂ ਨਿਕਲੀਆ ਹਨ ਜੋ ਕਿ ਬਿਲਕੁੱਲ ਹੀ ਤੱਥਹੀਣ ਹਨ ਅਤੇ ਗਰੈਮਰਹੀਣ ਹਨ।ਇਸ ਵਿੱਚ ਰਾਜਨੀਤੀ Strategy ਦਾ ਦਾਅ ਪੇਚ ਤਾਂ ਹੋ ਸਕਦਾ ਹੈ ਪਰ ਸੱਚ ਨਹੀ। 1858 ਵਿੱਚ Indian Antiquity ਵਿੱਚ ਲਿਖਿਆ ਹੈ ਕਿ ਜਦ ਆਰੀਆਂ ਭਾਰਤ ਵਿੱਚ ਦਾਖਲ ਹੋਏ ਤਾਂ ਆਰੀਆ ਦੇਸੀਆ ਦੇ ਮੁਕਾਬਲੇ ਕਾਫੀ ਨਿਗੁਣੀ ਗਿਣਤੀ ਵਿੱਚ ਸਨ। ਹਮੇਸ਼ਾ ਹੀ ਇਹ ਹੁੰਦਾ ਆ ਰਿਹਾ ਹੈ ਕਿ ਬਾਹਰਲੇ ਧੜਵਈ ਘੱਟ ਗਿਣਤੀ ਵਿੱਚ ਹੁੰਦੇ ਸਨ ਜਦਕਿ ਜਿਹਨਾਂ ਉਪਰ ਰਾਜ ਕੀਤਾ ਉਹ ਹਮੇਸ਼ਾ ਹੀ ਬਹੁ ਗਿਣਤੀ ਵਿੱਚ ਹੁੰਦੇ ਸਨ। ਮੌਜੂਦਾ ਸਰਕਾਰ ਅਤੇ ਇਸ ਤੋਂ ਪਹਿਲਾ 2014 ਦੀ ਸੈਂਟਰ ਸਰਕਾਰ ਬਹੁ ਗਿਣਤੀ ਦੀ ਸਫਬੰਦੀ (Polarization) ਕਰਕੇ ਹੀ ਹੋਂਦ ਵਿੱਚ ਆਈ ਹੈ। ਇਹਨਾਂ ਦਾ ਵਿਚਾਰ ਰਿਹਾ ਹੈ ਕਿ ਇੱਥੇ ਦੇ ਲੋਕਾ ਦਾ ਆਰੀਆਨਾਈਜੇਸ਼ਨ (Aryanization) ਕੀਤਾ ਜਾਵੇ। ਸ਼ਬਦ ਹਿੰਦੂ ਨਾਲ ਅਲੱਗ ਅਲੱਗ ਫਿਰਕੇ ਦੇ ਲੋਕ ਇਕੱਠੇ ਹੋ ਜਾਂਦੇ ਹਨ। ਜਦਕਿ ਹਿੰਦੂ ਸ਼ਬਦ ਅਰਬੀ ਬੋਲੀ ਦਾ ਸ਼ਬਦ ਹੈ। ਕਈਆਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਬਹੁਗਿਣਤੀ ਨੂੰ ਆਰੀਆਨਾਈਜੇਸ਼ਨ ਵਿੱਚ ਪਰੋ ਦਿੱਤਾ ਜਾਵੇ ਅਤੇ ਰਾਜਨੀਤਿਕ ਲਾਭ ਪ੍ਰਾਪਤ ਕੀਤਾ ਜਾਵੇ। ਇੱਥੋਂ ਦੇ ਲੋਕਾਂ ਦਾ ਆਰੀਆ ਹੋਣ ਦਾ ਮਤਲਬ ਹੈ ਕਿ ਇੱਥੋ ਦਾ ਕੋਈ ਵੀ ਜੱਦੀ ਨਹੀ। ਮੈਕਸ ਮੂਲਰ ਸੰਸਕ੍ਰਿਤ ਨੂੰ Dead Language ਕਹਿੰਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਾਡੀ ਥਿਊਰੀ ਵਿੱਚ ਵਜ਼ਨ ਲਗਦਾ ਹੈ ਕਿ ਆਰੀਆ ਜਿਹੜੇ ਭਾਰਤ ਵਿੱਚ ਆਏ ਸਨ, ਬਹੁ ਘੱਟ ਗਿਣਤੀ ਵਿੱਚ ਸਨ ਜਿਹੜੇ ਭਾਰਤੀਆ ਵਿੱਚ ਰਚ ਗਏ ਹਨ ਅਤੇ ਆਪਣੀ ਬੋਲੀ ਵੀ ਗੁਆ ਬੈਠੇ ਅਤੇ ਖਤਮ ਹੋ ਗਏ ਹਨ। ਵਰਣ ਵਿਵਸਥਾ ਵੀ ਆਰੀਆ ਦੀ ਹੀ ਦੇਣ ਸੀ ਜਿਸ ਨੇ ਸਮਾਜ ਨੂੰ ਇੱਕ ਜੁੱਟ ਨਹੀ ਹੋਣ ਦਿੱਤਾ ਅਤੇ ਆਪਣੇ ਵਖਰੇਂਵੇ ਦਾ ਕਾਰਣ ਬਣੀ।

'Punjab Casts' ਦੇ ਕਰਤਾ Denzil Ibbetson ਦੇ ਅਨੁਸਾਰ Bruhi Language ਤੁਰਾਨੀ ਬੋਲੀ ਹੈ ਨਾ ਕਿ ਦ੍ਰਾਵਿੜੀਅਨ। ਅਸੀ ਦੇਖਿਆ ਹੈ ਕਿ Bruhi ਬੋਲੀ ਤੇ ਪੰਜਾਬੀ ਦਾ ਕਾਫੀ ਪ੍ਰਭਾਵ ਹੈ। Caldwell ਆਪਣੀ ਕਿਤਾਬ 'South Indian language' ਵਿੱਚ Bruhi ਬੋਲੀ ਨੂੰ ਦ੍ਰਾਵਿੜੀਅਨ ਬੋਲੀ ਕਹਿੰਦਾ ਹੈ। ਜੇ ਅਸੀ Deneil ਦੀ ਗੱਲ ਮੰਨ ਲੈਂਦੇ ਹਾਂ ਤਾਂ Bruhi ਬੋਲੀ ਦ੍ਰਾਵਿੜੀਅਨ ਨਹੀ ਸਗੋਂ ਪੰਜਾਬੀ ਅਸਰ ਵਾਲੀ ਤੁਰਾਨੀ ਬੋਲੀ ਹੈ। ਗਾਂਧੀਵਾਦੀ ਵਿਦਵਾਨ ਵਿਨੋਬਾ ਭਾਬੇ ਜਦੋਂ ਜਿਊਂਦਾ ਸੀ ਅਖਬਾਰਾਂ ਵਿੱਚ ਬਿਆਨ ਦਿੱਤਾ ਸੀ ਕਿ ਭਾਰਤ ਦੀ ਸੰਪਰਕ ਲਿੱਪੀ ਇੱਕੋ ਹੀ ਹੋਣੀ ਚਾਹੀਦੀ ਹੈ ਤਾਂ ਕਿ ਵੱਖੋ-ਵੱਖਰੀਆਂ ਬੋਲੀਆਂ ਨਾਲ ਤਾਲਮੇ.ਲ ਬਣਾਇਆ ਜਾ ਸਕੇ। ਸੰਵਿਧਾਨ ਘੜਣੀ ਸਭਾ ਨੇ 14 ਬੋਲੀਆ ਨੂੰ ਉਸ ਵੇਲੇ ਨੈਸ਼ਨਲ ਬੋਲੀਆ ਮੰਨੀਆ ਅਤੇ ਸੰਵਿਧਾਨ ਨੂੰ Secular ਦਿੱਖ ਦਿੱਤੀ।ਵਿਨੋਭਾ ਭਾਬੇ ਦਾ ਉਕਤ ਦਾ ਬਿਆਨ ਸ਼ਏਚੁਲਓਰਸਿਮ ਅਤੇ ਢਏਦਏਰਓਲਿਸਮ ਦਾ ਵਿਰੋਧ ਹੈ।ਜੇ ਅਸੀ ਸਾਰੇ ਇੰਡੀਅਨ ਵਾਸੀਆਂ ਨੂੰ ਇਕ ਜੁੱਟ ਹੋਣਾ ਮੰਨਦੇ ਹਾਂ ਤਾਂ ਅਸੀ ਉਹਨਾਂ ਦੀਆਂ ਵੱਖੋ-ਵੱਖਰੀਆਂ ਬੋਲੀਆਂ ਅਤੇ ਲਿੱਪੀਆਂ ਦਾ ਵਿਰੋਧ ਕਿਉਂ ਕਰਦੇ ਹਾਂ।ਸੋ ਇਹ ਇੱਕ ਆਰੀਆਨਾਈਜੇਸ਼ਨ ਦੀ ਪਾਲਿਸੀ ਹੀ ਲਗਦੀ ਹੈ।

## ਪਿੰਡ ਅਤਰ ਸਿੰਘ ਵਾਲਾ ਦੀ ਲੜਕੀ ਸਤਬੀਰ ਕੌਰ ਕੈਨੇਡਾ 'ਚ ਬਣੀ ਸਹਾਇਕ ਜੇਲ ਸੁਪਰਡੈਂਟ

**ਧਨੌਲਾ ਮੰਡੀ (ਸੰਜੀਵ ਗਰਗ ਕਾਲੀ)** ਧਨੌਲਾ ਦੇ ਨਜ਼ਦੀਕੀ ਪਿੰਡ ਅਤਰ ਸਿੰਘ ਵਾਲਾ ਦੇ ਸਿੱਖਾਂ ਦੇ ਲਾਣੇ ਵਾਲੇ ਹਰਬੰਸ ਸਿੰਘ (ਭਲਵਾਨ) ਤੇ ਹਰਦੀਪ ਕੌਰ ਦੀ ਹੋਣਹਾਰ ਲੜਕੀ ਸਤਬੀਰ ਕੌਰ ਦੀ ਕਨੇਡਾ ਦੇ ਵਿੱਚ ਸਹਾਇਕ (ਅਸਿਸਟੈਂਟ) ਜੇਲ ਸੁਪਰਡੈਂਟ ਨਿਯੁਕਤ ਹੋਈ ਹੈ। ਸਤਵੀਰ ਕੌਰ ਦੀ ਹੋਈ ਇਸ ਨਿਯੁਕਤੀ ਤੇ ਇਲਾਕਾ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਉਹਨਾਂ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਹਰਬੰਸ ਸਿੰਘ (ਭਲਵਾਨ) ਨੂੰ ਸਿਵਲ ਸਰਜਨ ਡਾਕਟਰ ਜਸਬੀਰ ਸਿੰਘ ਔਲਖ, ਡਾਕਟਰ ਪਰਮਿੰਦਰ ਸਿੰਘ ਐਮਡੀ ਮੈਡੀਸਨ, ਸੰਜੀਵ ਗਰਗ ਕਾਲੀ , ਚਮਕੌਰ ਸਿੰਘ ਗੱਗੀ ,ਰਕੇਸ਼ ਕੁਮਾਰ ਮਾੜੀ , ਕਰਮਜੀਤ ਸਿੰਘ ਸਾਗਰ, ਡਾਕਟਰ ਸਨੀ ਸਦਿਉੜਾ, ਲਾਲੀ , ਹੈਰੀ, ਸ਼ੇਖਰ, ਹਿਮਾਂਸ਼ੂ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰਾ, ਪਿੰਡ ਦੇ ਸਰਪੰਚ ਗੁਰਧਿਆਨ ਸਿੰਘ ਗੁਰਜੀਤ ਸਿੰਘ, ਗੁਰਦੀਪ ਸਿੰਘ, ਸਮੂਹ ਪਿੰਡ ਵਾਸੀਆਂ ਨੇ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਸਤਬੀਰ ਕੌਰ ਦੇ ਪਿਤਾ ਵੀ ਪਹਿਲਾਂ ਜੇਲ ਬਰਡਨ ਦੀ ਨੌਕਰੀ ਕਰ ਚੁੱਕੇ ਹਨ।



# ਸਵਿਟਜ਼ਰਲੈਂਡ ਦੀਆਂ ਖ਼ੂਬਸੂਰਤ ਝੀਲਾਂ 'ਚ ਪਿਆ ਹਜ਼ਾਰਾਂ ਟਨ ਅਸਲਾ

## ਕੱਢਣ ਦਾ ਹੱਲ ਦੇਣ ਵਾਲੇ ਨੂੰ ਮਿਲੇਗਾ 48 ਲੱਖ ਦਾ ਇਨਾਮ

ਸਵਿਟਜ਼ਰਲੈਂਡ ਦੀਆਂ ਕੁਝ ਸਾਫ-ਸ਼ਫਾਫ ਝੀਲਾਂ ਉੱਤੇ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਮਾਨਣ ਵਾਲੇ ਸੈਲਾਨੀਆਂ ਨੂੰ ਸ਼ਾਇਦ ਹੀ ਅੰਦਾਜ਼ਾ ਹੋਵੇ ਕਿ ਇਨ੍ਹਾਂ ਝੀਲਾਂ ਦੀ ਗਹਿਰਾਈ ਵਿੱਚ ਕੀ ਲੁਕਿਆ ਹੈ। ਲੇਕ ਲੁਸਿਰਨੀ, ਥੁਨ ਜਾਂ ਲੇਕ ਨਿਊਸ਼ੇਟਲ ਵਿੱਚ ਸਵਿਸ ਆਰਮੀ ਕਈ ਸਾਲਾਂ ਤੱਕ ਆਪਣੇ ਚੱਲੇ-ਅਣਚੱਲੇ ਅਸਲੇ ਨੂੰ ਇਹ ਸੋਚ ਕੇ ਸੁੱਟਦੀ ਰਹੀ ਹੈ ਕਿ ਇੱਥੇ ਸੁਰੱਖਿਅਤ ਰਹੇਗਾ। ਇਕੱਲੀ ਲੁਸਿਰਨੀ ਝੀਲ ਵਿੱਚ ਹੀ ਅੰਦਾਜ਼ਨ 33,00 ਟਨ ਅਸਲਾ ਪਿਆ ਹੋ ਸਕਦਾ ਹੈ। ਜਦਕਿ ਨਿਊਸ਼ੇਟਲ ਦੇ ਪਾਣੀਆਂ ਵਿੱਚ 45,00 ਟਨ ਫੌਜੀ ਅਸਲਾ ਪਿਆ ਹੋ ਸਕਦਾ ਹੈ, ਜਿੱਥੇ ਹਵਾਈ ਫੌਜ 2021 ਤੱਕ ਆਪਣਾ ਕਬਾੜ ਸੁੱਟਦੀ ਰਹੀ ਹੈ। ਕੁਝ ਅਸਲਾ ਤਾਂ 150 ਤੋਂ 220 ਮੀਟਰ ਦੀ ਡੂੰਘਾਈ ਉੱਤੇ ਵੀ ਪਿਆ ਹੈ। ਜਦਕਿ ਕੁਝ ਥਾਵਾਂ ਜਿਵੇਂ ਨਿਊਸ਼ੇਟਲ ਝੀਲ ਵਿੱਚ ਇਹ ਹੋ ਸਕਦਾ ਹੈ ਉਪਰਲੀ ਸਤਹਿ ਤੋਂ ਸਿਰਫ਼ ਕੁਝ ਮੀਟਰ ਹੀ ਹੇਠਾਂ ਹੋਵੇ। ਝੀਲਾਂ ਵਿੱਚੋਂ ਫੌਜੀ ਕਬਾੜ ਕੱਢਣ ਲਈ ਮਿਲਣ ਵਾਲੇ ਤਿੰਨ ਸਭ ਤੋਂ ਵਧੀਆ ਵਿਚਾਰਾਂ ਨੂੰ ਦਿਲ ਖਿੱਚਵਾਂ ਇਨਾਮ ਦਿੱਤਾ ਜਾਵੇਗਾ, ਜਦਕਿ ਇਸ ਯੋਜਨਾ ਨੂੰ ਅਮਲ ਵਿੱਚ ਲਿਆਉਣ ਲਈ ਕਰੋੜਾਂ ਡਾਲਰ ਦਾ ਖਰਚ ਆਵੇਗਾ। ਸਵਿਟਜ਼ਰਲੈਂਡ ਦੇ ਰੱਖਿਆ ਮੰਤਰਾਲੇ ਨੇ ਸਭ ਤੋਂ ਸਰਬੋਤਮ ਵਿਚਾਰ ਨੂੰ 50,000 ਸਵਿਸ ਫਰੈਂਕ (4,839,600 ਭਾਰਤੀ ਰੁਪਏ) ਦੇ ਇਨਾਮ ਦੀ ਪੇਸ਼ਕਸ਼ ਕਰ ਰਿਹਾ ਹੈ।





### ਦੂਹਰਾ ਖ਼ਤਰਾ

ਸਵਿਟਜ਼ਰਲੈਂਡ ਦੀਆਂ ਝੀਲਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਫੌਜੀ ਅਸਲੇ ਦਾ ਕਬਾੜ ਸੁੱਟਿਆ ਜਾਂਦਾ ਰਿਹਾ ਹੈ। ਲੇਕਿਨ ਲੋਕਾਂ ਨੇ ਇਸ ਦੇ ਸੁਰੱਖਿਅਤ ਹੋਣ ਬਾਰੇ ਸਵਾਲ ਕੁਝ ਸਾਲ ਪਹਿਲਾਂ ਹੀ ਖੜ੍ਹੇ ਕਰਨੇ ਸ਼ੁਰੂ ਕੀਤੇ ਹਨ। ਸਵਿਟਜ਼ਰਲੈਂਡ ਦੇ ਸੇਵਾਮੁਕਤ ਭੂ-ਵਿਗਿਅਨੀ ਮਾਰਕੋਸ ਬਸਰ ਨੇ ਸਰਕਾਰ ਨੂੰ ਇਸ ਬਾਰੇ ਸਲਾਹ ਦਿੱਤੀ ਹੈ। ਉਨ੍ਹਾਂ ਨੇ ਇੱਕ ਦਹਾਕਾ ਪਹਿਲਾਂ ਹੀ ਆਪਣੇ ਇੱਕ ਖੋਜ ਪੱਤਰ ਵਿੱਚ ਇਸਦੇ ਖਤਰਿਆਂ ਤੋਂ ਸਾਵਧਾਨ ਕੀਤਾ ਸੀ। ਭੂ ਵਿਗਿਆਨੀ ਦਾ ਕਹਿਣਾ ਹੈ ਕਿ ਇਸ ਅਸਲੇ ਦੇ ਦੋ ਖਤਰੇ ਹਨ। ਪਹਿਲਾ- ਬੇਸ਼ੱਕ ਇਹ ਪਾਣੀ ਦੇ ਥੱਲੇ ਪਿਆ ਹੈ ਫਿਰ ਵੀ ਇਸ ਵਿੱਚ ਧਮਾਕਾ ਹੋ ਸਕਦਾ ਹੈ, ਕਿਉਂਕਿ ਕਈ ਮਾਮਲਿਆਂ ਵਿੱਚ ਫੌਜ ਨੇ ਇਸ ਨੂੰ ਸੁੱਟਣ ਤੋਂ ਪਹਿਲਾਂ ਫਿਊਜ਼ ਨਹੀਂ ਕੱਢੇ ਸਨ। ਦੂਜਾ ਖ਼ਤਰਾ ਪਾਣੀ ਅਤੇ ਮਿੱਟੀ ਦੇ ਦੂਸ਼ਿਤ ਹੋਣ ਦਾ ਹੈ। ਪੂਰੀ ਸੰਭਾਵਨਾ ਹੈ ਕੀ ਇਨ੍ਹਾਂ ਹਥਿਆਰਾਂ ਵਿੱਚ ਮੌਜੂਦ ਟੀਐੱਨਟੀ ਝੀਲਾਂ ਦੇ ਪਾਣੀ ਨੂੰ ਦੂਸ਼ਿਤ ਕਰ ਸਕਦਾ ਹੈ। ਸਰਕਾਰ ਵੀ ਮੰਨਦੀ ਹੈ ਕਿ ਇੱਕ ਤਾਂ ਝੀਲਾਂ ਦੇ ਥੱਲੇ ਧੁੰਦਲੀ ਨਜ਼ਰ, ਚੁੰਬਕੀ ਲੋਹਾ ਅਤੇ ਅਸਲਿਆਂ ਦਾ ਵਜ਼ਨ ਕੁਝ ਅਜਿਹੀਆਂ ਚੁਣੌਤੀਆਂ ਹਨ ਜੋ ਇਸ ਕਬਾੜ ਨੂੰ ਵਾਤਾਵਰਣ ਲਈ ਸੁਰੱਖਿਅਤ ਤਰੀਕੇ ਨਾਲ ਬਾਹਰ ਕੱਢਣ ਦੇ ਰਾਹ ਦਾ ਰੋੜਾ ਹਨ। ਇਸ ਅਸਲੇ ਨੂੰ ਬਰਾਮਦ ਕਰਨ ਦੇ ਸਾਰੇ ਸੰਭਾਵਿਤ ਤਰੀਕਿਆਂ ਦਾ ਸਾਲ 2005 ਵਿੱਚ ਵੀ ਵਿਸ਼ਲੇਸ਼ਣ ਕੀਤਾ ਗਿਆ ਸੀ। ਪਤਾ ਲੱਗਿਆ ਕਿ ਸਾਰੇ ਤਰੀਕੇ ਝੀਲਾਂ ਦੇ ਸੰਵੇਦਨਸ਼ੀਲ ਈਕੋ-ਸਿਸਟਮ ਨੂੰ ਨੁਕਸਾਨ ਕਰ ਸਕਦੇ ਹਨ।

### ਸਮੱਸਿਆ ਦਾ ਇਤਿਹਾਸ

ਇਹ ਪਹਿਲੀ ਵਾਰ ਨਹੀਂ ਹੈ ਸਵਿਟਜ਼ਰਲੈਂਡ ਦੀ ਫੌਜ ਆਪਣੇ ਅਸਲੇ ਕਾਰਨ ਨਮੋਸ਼ੀ ਝੱਲ ਰਹੀ ਹੈ। ਸਾਲ 1947 ਵਿੱਚ ਐਲਪ ਪਹਾੜਾਂ ਵਿੱਚ ਵਸੇ ਇੱਕ ਪਿੰਡ ਮਿਥੋਲਜ਼ ਵਿੱਚ ਫੌਜ ਦਾ ਪਿੰਡ ਦੇ ਉਪਰਲੇ ਪਹਾੜ ਵਿੱਚ ਰੱਖੇ 3,000 ਟਨ ਅਸਲੇ ਵਿੱਚ ਧਮਾਕਾ ਹੋ ਗਿਆ ਸੀ। ਨੌਂ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਪਿੰਡ ਤਬਾਹ ਹੋ ਗਿਆ ਸੀ। ਧਮਾਕੇ ਦੀ ਗੂੰਜ 160 ਕਿੱਲੋਮੀਟਰ ਦੂਰ ਮਿਊਨਿਖ ਤੱਕ ਸੁਣੀ ਗਈ ਸੀ। ਤਿੰਨ ਸਾਲ ਪਹਿਲਾਂ ਫੌਜ ਨੇ ਦੱਸਿਆ ਕਿ ਪਹਾੜ ਵਿੱਚ 35,00 ਟਨ ਅਸਲਾ ਅਜੇ ਵੀ ਅਸੁਰੱਖਿਤ ਦਬਿਆ ਪਿਆ ਹੈ, ਜਿਸ ਨੂੰ ਬਰਾਮਦ ਕੀਤਾ ਜਾਵੇਗਾ। ਇਸ ਦਾ ਮਤਲਬ ਸੀ ਕਿ ਮਿਥੋਲਜ਼ ਪਿੰਡ ਵਾਸੀਆਂ ਨੂੰ ਲਗਭਗ ਦਸ ਸਾਲ ਲਈ ਆਪਣਾ ਘਰ ਛੱਡ ਕੇ ਜਾਣਾ ਪੈਣਾ ਸੀ, ਜਦੋਂ ਤੱਕ ਕਿ ਸਫ਼ਾਈ ਅਭਿਆਨ ਖਤਮ ਨਹੀਂ ਕਰ ਲਿਆ ਜਾਂਦਾ।

ਹਾਲਾਂਕਿ ਠੰਢੀ ਜੰਗ ਦੌਰਾਨ ਸਵਿਟਜ਼ਰਲੈਂਡ ਨੇ ਆਪਣੇ ਰਣਨੀਤਿਕ ਪੱਖ ਤੋਂ ਅਹਿਮ ਪੁਲਾਂ ਅਤੇ ਮਾਰਗਾਂ ਵਿੱਚ ਖ਼ੁਦ ਵੀ ਮਾਈਨਾਂ ਲਾਈਆਂ ਸਨ ਤਾਂ ਜੋ ਕਿਸੇ ਵੱਡੇ ਹਮਲੇ ਸਮੇਂ ਉਹ ਰਸਤੇ ਆਪਣੇ-ਆਪ ਫਟ ਜਾਣ। ਲੇਕਿਨ ਕੁਝ ਪੁਲਾਂ ਵਿੱਚੋਂ ਇਹ ਸਮਾਨ ਦੀ ਢੋਆ-ਢੁਆਈ ਦੀਆਂ ਭਾਰੀਆਂ ਗੱਡੀਆਂ ਕਾਰਨ ਇਨ੍ਹਾਂ ਮਾਈਨਾਂ ਵਿੱਚ ਧਮਾਕੇ ਦਾ ਡਰ ਪੈਦਾ ਹੋ ਜਾਣ ਕਾਰਨ ਮਾਈਨਾਂ ਜਲਦਬਾਜ਼ੀ ਵਿੱਚ ਕੱਢਣੀਆਂ ਪਈਆਂ। ਸਾਲ 2011 ਵਿੱਚ ਗੋਥਾਰਡ ਸੁਰੰਗ ਵਿੱਚ ਦੋ ਲਾਰੀਆਂ ਦੀ ਟੱਕਰ ਕਾਰਨ ਲੱਗੀ ਅੱਗ ਵਿੱਚ 11 ਜਣਿਆਂ ਦੀ ਮੌਤ ਹੋ ਗਈ ਸੀ। ਇਹ ਸੁਰੰਗ ਯੂਰਪ ਦੇ ਉੱਤਰ ਨੂੰ ਦੱਖਣ ਨਾਲ ਜੋੜਨ ਵਾਲੀ ਇੱਕ ਅਹਿਮ ਸੁਰੰਗ ਹੈ। ਸੁਰੰਗ ਦੇ ਮੂੰਹ ਕੋਲ ਵੱਡੀ ਮਾਤਰਾ ਵਿੱਚ ਅਸਲਾ ਰੱਖਿਆ ਹੋਇਆ ਸੀ। ਹਾਲਾਂਕਿ ਧਮਾਕੇ ਦੌਰਾਨ ਇਸ ਨੂੰ ਕੁਝ ਨਹੀਂ ਹੋਇਆ। ਜਦੋਂ ਦਮਕਲ ਨੇ ਅੱਗ ਬੁਝਾਈ ਤਾਂ ਫੌਜ ਆਪਣੇ ਹੱਥਾਂ ਵਿੱਚ ਬੰਬ ਨਕਾਰਾ ਕਰਨ ਦੇ ਉਪਕਰਣ ਲੈ ਕੇ ਪਹੁੰਚ ਗਈ। ਇਸ ਹਫ਼ਤੇ, ਫੌਜ ਨੇ ਦੱਸਿਆ ਕਿ ਨਾਗਰਿਕਾਂ ਨੂੰ ਪੇਂਡੂ ਇਲਾਕਿਆਂ ਵਿੱਚੋਂ ਜਿੰਦਾ ਅਸਲਾ ਮਿਲਣ ਦੀਆਂ ਘਟਨਾਵਾਂ ਦੀਆਂ ਮਿਲ ਰਹੀਆਂ ਰਿਪੋਰਟਾਂ ਵਿੱਚ 2022 ਦੇ ਮੁਕਾਬਲੇ 12 ਫੀਸਦੀ ਵਾਧਾ ਹੋਇਆ ਹੈ।

ਇਸ ਤੋਂ ਇਲਾਵਾ ਪਹਾੜਾਂ ਦੇ ਗਲੇਸ਼ੀਅਰ ਗਲੋਬਲ ਵਾਰਮਿੰਗ ਕਾਰਨ ਪਿਘਲ ਰਹੇ ਹਨ। ਜਿਸ ਕਾਰਨ ਇਨ੍ਹਾਂ ਦੇ ਥੱਲਿਆ ਪਿਆ ਚੱਲਿਆ-ਅਣਚੱਲਿਆ ਅਸਲਾ ਬਾਹਰ ਆ ਰਿਹਾ ਹੈ। ਇਹ ਅਸਲਾ ਕਈ ਦਹਾਕੇ ਪਹਿਲਾਂ ਫੌਜੀਆਂ ਨੂੰ ਬੇਹੱਦ ਉਚਾਈ ਉੱਤੇ ਲੜਾਈ ਦੀ ਸਿਖਲਾਈ ਦੇਣ ਲਈ ਇੱਥੇ ਲਿਆਂਦਾ ਗਿਆ ਸੀ। ਇਹ ਸਵਿਟਜ਼ਰਲੈਂਡ ਦੀ ਫੌਜੀ ਗੁਟਨਿਰਲੇਪ ਰਹਿਣ ਦੀ ਨੀਤੀ ਦੀ ਵਿਰਾਸਤ ਹੈ। ਹਾਲਾਂਕਿ ਸਵਿਟਜ਼ਰਲੈਂਡ ਦੀ ਵੱਡੀ ਫੌਜ ਹੈ (ਹਰ ਪੁਰਸ਼ ਲਈ ਫੌਜੀ ਸੇਵਾ ਕਰਨੀ ਜ਼ਰੂਰੀ ਹੈ।) ਸਵਿਟਜ਼ਰਲੈਂਡ ਦੀ ਫੌਜ ਆਪਣੀ ਸਿਖਲਾਈ ਦੇਸ ਦੇ ਅੰਦਰ ਹੀ ਕਰਦੀ ਹੈ, ਜੋ ਕਿ ਇੱਕ ਬੇਹੱਦ ਸੰਘਣੀ ਅਬਾਦੀ ਵਾਲਾ ਦੇਸ ਹੈ।

### ਲੰਬੀ ਅਤੇ ਖਰਚੀਲੀ ਪ੍ਰਕਿਰਿਆ

ਸਵਿਟਜ਼ਰਲੈਂਡ ਦੀਆਂ ਝੀਲਾਂ ਵਿੱਚੋਂ ਅਸਲੇ ਦੇ ਕਬਾੜ ਨੂੰ ਬਾਹਰ ਕੱਢਣਾ ਇੱਕ ਲੰਬਾ ਅਤੇ ਪੇਚੀਦਾ ਕੰਮ ਹੈ। ਲੇਕਿਨ ਪਹਿਲਾਂ ਤਾਂ ਕਿਸੇ ਨੂੰ ਇਸ ਲਈ ਅਮਲ ਵਿੱਚ ਲਿਆਂਦੀ ਜਾ ਸਕਣ ਵਾਲੀ ਯੋਜਨਾ ਪੇਸ਼ ਕਰਨੀ ਪਵੇਗੀ। ਹਾਲਾਂਕਿ ਕੁਝ ਲੋਕਾਂ ਦੀ ਸ਼ਿਕਾਇਤ ਹੈ ਕਿ ਫੌਜ ਨੂੰ ਪਹਿਲਾਂ ਹੀ ਇਨ੍ਹਾਂ ਮੁਸ਼ਕਿਲਾਂ ਬਾਰੇ ਵਿਚਾਰ ਕਰਨੀ ਚਾਹੀਦੀ ਸੀ। ਕਈ ਦਹਾਕਿਆਂ ਤੱਕ ਭੂ ਵਿਗਿਆਨੀਆਂ ਦੀ ਫੌਜ ਨੂੰ ਸਲਾਹ ਸੀ ਕਿ ਅਜਿਹਾ ਕਰਨਾ ਸੁਰੱਖਿਅਤ ਹੈ। ਖੈਰ, ਹੱਲ ਦੀ ਤਲਾਸ਼ ਜਾਰੀ ਹੈ।

ਸਵਿਟਜ਼ਰਲੈਂਡ ਦੇ ਰੱਖਿਆ ਮੰਤਰਾਲੇ ਦੀ ਅਪੀਲ ਉੱਤੇ ਲੋਕ ਅਗਲੇ ਸਾਲ ਫਰਵਰੀ ਤੱਕ ਇਸ ਅਸਲ੍ਹੇ ਨੂੰ ਬਰਾਮਦ ਕਰਨ ਲਈ ਆਪੋ-ਆਪਣੇ ਹੱਲ ਦੇ ਸਕਦੇ ਹਨ। ਇਨ੍ਹਾਂ ਸੁਝਾਏ ਗਏ ਹੱਲਾਂ ਦਾ ਮਾਹਰਾਂ ਦੇ ਪੈਨਲ ਵੱਲੋਂ ਵਿਸ਼ਲੇਸ਼ਣ ਕੀਤਾ ਜਾਵੇਗਾ। ਅਪ੍ਰੈਲ ਮਹੀਨੇ ਤੱਕ ਤਿੰਨ ਜੇਤੂਆਂ ਦਾ ਐਲਾਨ ਕੀਤਾ ਜਾਵੇਗਾ। ਹਾਲਾਂਕਿ ਸਰਕਾਰ ਨੇ ਕਿਹਾ ਜਮ੍ਹਾਂ ਕਰਵਾਏ ਗਏ ਦਾਖਲਿਆਂ ਉੱਤੇ ਤੁਰੰਤ ਅਮਲ ਕਰਨ ਦੀ ਕੋਈ ਯੋਜਨਾ ਨਹੀਂ ਹੈ। ਲੇਕਿਨ ਇਹ ਵਿਚਾਰ ਅਗਲੇਰੀ ਪ੍ਰਕਿਰਿਆ ਲਈ ਬੁਨਿਆਦ ਦਾ ਕੰਮ ਦੇ ਸਕਦੇ ਹਨ। ਭੂ-ਵਿਗਿਆਨੀ ਬਸਰ ਨੇ ਇਸ ਦਿਸ਼ਾ ਵਿੱਚ ਬ੍ਰਿਟੇਨ, ਨਾਰਵੇ ਜਾਂ ਡੈਨਮਾਰਕ ਤੋਂ ਸਲਾਹ ਲੈਣ ਦੀ ਸਲਾਹ ਦਿੱਤੀ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਜ਼ਿੰਦਾ ਜੰਗੀ ਕਬਾੜ ਨਾਲ ਨਜਿੱਠਣ ਦਾ ਲੰਬਾ ਤਜ਼ਰਬਾ ਹੈ। ਤਾਂ ਕੀ ਬਸਰ ਕੋਈ ਸਲਾਹ ਦੇਣਗੇ, ਬਜ਼ੁਰਗ ਭੂ-ਵਿਗਿਆਨੀ ਨੇ ਕਿਹਾ, ਨਹੀਂ ਮੈਂ ਹੁਣ ਬਹੁਤ ਬੁੱਢਾ ਹੋ ਚੁੱਕਿਆ ਹਾਂ... ਪਰ ਜੇ ਉਨ੍ਹਾਂ ਨੂੰ ਮੇਰੀ ਸਲਾਹ ਦੀ ਲੋੜ ਹੈ ਤਾਂ ਮੈਨੂੰ ਦੇ ਕੇ ਖੁਸ਼ੀ ਹੋਵੇਗੀ।

# ਹਰਿਆਣਾ ਵਿਧਾਨ ਸਭਾ ਚੋਣਾਂ: ਕਾਂਗਰਸ ਤੇ ਭਾਜਪਾ ਸੂਬੇ ਦੇ ਕਿਹੜੇ ਹੋਣਗੇ ਮੁੱਦੇ

ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਹਰਿਆਣਾ ਅਤੇ ਜੰਮੂ-ਕਸ਼ਮੀਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕੀਤਾ ਹੈ। ਚੋਣ ਕਮਿਸ਼ਨ ਨੇ ਦੱਸਿਆ ਹੈ ਕਿ ਜੰਮੂ-ਕਸ਼ਮੀਰ ਵਿੱਚ ਤਿੰਨ ਗੇੜਾਂ ਵਿੱਚ ਜਦਕਿ ਹਰਿਆਣਾ ਵਿੱਚ ਇੱਕੋ ਗੇੜ ਵਿੱਚ 1 ਅਕਤੂਬਰ ਨੂੰ ਵੋਟਾਂ ਪੈਣਗੀਆਂ। ਦੋਵਾਂ ਸੂਬਿਆਂ ਵਿੱਚ ਚਾਰ ਅਕਤੂਬਰ ਨੂੰ ਨਤੀਜਿਆਂ ਦਾ ਐਲਾਨ ਹੋਵੇਗਾ। ਹਰਿਆਣਾ ਵਿਧਾਨ ਸਭਾ ਦਾ ਕਾਰਜਕਾਲ 3 ਨਵੰਬਰ ਨੂੰ ਸਮਾਪਤ ਹੋ ਰਿਹਾ। ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੋਣ ਨਾਲ ਖੇਤੀ ਪ੍ਰਧਾਨ ਸੂਬਾ ਆਪਣੀ 90 ਮੈਂਬਰੀ ਵਿਧਾਨ ਸਭਾ ਲਈ ਬਹੁ-ਕੋਣੀ ਮੁਕਾਬਲੇ ਲਈ ਤਿਆਰ ਹੈ। ਵਿਧਾਨ ਸਭਾ ਚੋਣਾਂ ਲੜਨ ਵਾਲੀਆਂ ਮੁੱਖ ਸਿਆਸੀ ਪਾਰਟੀਆਂ ਭਾਰਤੀ ਜਨਤਾ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਗਠਜੋੜ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ-ਬਹੁਜਨ ਸਮਾਜ ਪਾਰਟੀ ਅਤੇ ਆਮ ਆਦਮੀ ਪਾਰਟੀ ਹਨ।

ਭਾਜਪਾ ਨੇ ਮੁੱਖ ਮੰਤਰੀ ਨਾਇਬ ਸੈਣੀ ਦੀ ਅਗਵਾਈ ਹੇਠ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਜਦਕਿ ਕਾਂਗਰਸ ਨੇ ਹਾਲੇ ਆਪਣੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਇੰਡੀਅਨ ਨੈਸ਼ਨਲ ਲੋਕ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ ਜੁਲਾਈ 2024 ਵਿੱਚ ਵਿਧਾਨ ਸਭਾ ਚੋਣਾਂ ਲਈ ਗਠਜੋੜ ਕਰਨ ਦਾ ਐਲਾਨ ਕੀਤਾ ਸੀ। ਅਭੈ ਸਿੰਘ ਚੌਟਾਲਾ ਨੂੰ INLD-BSP ਗਠਜੋੜ ਵੱਲੋਂ ਮੁੱਖ ਮੰਤਰੀ ਚਿਹਰਾ ਐਲਾਨਿਆ ਗਿਆ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਅਕਤੂਬਰ 2019 ਵਿੱਚ ਹੋਈਆਂ ਸਨ। ਇਸ ਦੌਰਾਨ ਹਰਿਆਣਾ ਵਿੱਚ ਗਠਜੋੜ ਦੀ ਸਰਕਾਰ ਨੇ ਸਾਸ਼ਨ ਕੀਤਾ।

ਇਹ ਮੁੱਖ ਮੰਤਰੀ ਵਜੋਂ ਮਨੋਹਰ ਲਾਲ ਖੱਟਰ ਦਾ ਦੂਜਾ ਕਾਰਜਕਾਲ ਸੀ ਅਤੇ ਨਵੀਂ ਬਣੀ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਦੇ ਦੁਸ਼ਯੰਤ ਚੌਟਾਲਾ ਨੇ ਉਪ ਮੁੱਖ ਮੰਤਰੀ ਦੀ ਭੂਮਿਕਾ ਨਿਭਾਈ ਸੀ। 2019 ਦੀਆਂ ਚੋਣਾਂ ਵਿੱਚ ਭਾਜਪਾ ਨੇ 40 ਅਤੇ ਜੇਜੇਪੀ ਨੇ 10 ਸੀਟਾਂ ਹਾਸਲ ਕੀਤੀਆਂ ਸਨ। ਸਰਕਾਰ ਬਣਾਉਣ ਦੇ ਲਈ ਭਾਜਪਾ ਕੋਲ 46 ਦਾ ਬਹੁਮਤ ਵਾਲਾ ਅੰਕੜਾ ਨਹੀਂ ਸੀ। ਭਾਵੇਂ ਭਾਜਪਾ ਨੇ 75 ਸੀਟਾਂ ਦਾ ਟੀਚਾ ਰੱਖਿਆ ਸੀ ,ਭਾਜਪਾ 2014 ਦੀ ਤਰ੍ਹਾਂ ਸਪੱਸ਼ਟ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਹੀ ਸੀ। ਸਥਿਰਤਾ ਲਈ ਆਜ਼ਾਦ ਉਮੀਦਵਾਰਾਂ 'ਤੇ ਭਰੋਸਾ ਕਰਨ ਦੀ ਬਜਾਏ, ਭਾਜਪਾ ਨੇ ਜੇਜੇਪੀ ਨਾਲ ਗਠਜੋੜ ਕਰਨ ਦੀ ਚੋਣ ਕੀਤੀ।




ਦੁ ਸ਼ ਯੰ ਤ ਚੌਟਾਲਾ, ਜੋ ਆਪਣੇ ਪਰਿਵਾਰ ਦੇ ਇੰਡੀਅਨ ਨੈਸ਼ਨਲ ਲੋਕ ਦਲ ਤੋਂ ਵੱਖ ਹੋ ਕੇ ਆਪਣੀ ਰਾਜਨੀਤਿਕ ਮੌਜੂਦਗੀ ਸਥਾਪਤ ਕਰਨ ਲਈ ਉਤਸੁਕ ਸਨ। ਉਨ੍ਹਾਂ ਨੂੰ ਆਪਣੀ ਪਹਿਲੀ ਚੋਣ ਵਿੱਚ 10 ਸੀਟਾਂ ਜਿੱਤਣ ਨਾਲ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ। ਹਾਲਾਂਕਿ, ਭਾਜਪਾ ਦੇ ਸਭ ਤੋਂ ਕੱਟੜ ਅਲੋਚਕਾਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਭਾਜਪਾ ਨਾਲ ਕੀਤੇ ਗਠਜੋੜ ਦੇ ਫੈਸਲੇ ਨੇ ਹਮਾਇਤੀਆਂ ਨੂੰ ਨਿਰਾਸ਼ ਕੀਤਾ। ਬੁਢਾਪਾ ਪੈਨਸ਼ਨ ਵਧਾ ਕੇ 5,100 ਕਰਨ ਅਤੇ ਸਥਾਨਕ ਨੌਜਵਾਨਾਂ ਨੂੰ ਨੌਕਰੀਆਂ ਵਿੱਚ 75% ਦਾ ਰਾਖਵਾਂ ਦੇਣ ਦਾ ਉਨ੍ਹਾਂ ਦਾ ਵਾਅਦਾ ਪੂਰਾ ਨਹੀਂ ਹੋਇਆ। 2024 ਵਿੱਚ, ਸਾਢੇ ਚਾਰ ਸਾਲਾਂ ਦੀ ਸਾਂਝੇਦਾਰੀ ਦੇ ਬਾਅਦ ਭਾਜਪਾ ਨੇ ਦੁਸ਼ਯੰਤ ਚੌਟਾਲਾ ਦੀ ਪਾਰਟੀ ਜੇਜੇਪੀ ਨਾਲ ਗਠਜੋੜ ਤੋੜ ਦਿੱਤਾ। 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਕਾਂਗਰਸ ਨੇ 30 ਸੀਟਾਂ ਜਿੱਤੀਆਂ ਸਨ। ਇੱਕ ਸੀਟ ਇੰਡੀਅਨ ਨੈਸ਼ਨਲ ਲੋਕ ਦਲ ਨੇ ਜਿੱਤੀ ਸੀ, ਦੂਜੀ ਹਰਿਆਣਾ ਲੋਕ ਹਿੱਤ ਪਾਰਟੀ ਦੇ ਨੇਤਾ ਗੋਪਾਲ ਕਾਂਡਾ ਦੁਆਰਾ ਅਤੇ ਬਾਕੀ ਆਜ਼ਾਦ ਉਮੀਦਵਾਰ ਜਿੱਤੇ ਸਨ।

### ਮਨੋਹਰ ਲਾਲ ਖੱਟਰ ਦੇ ਅਸਤੀਫ਼ੇ ਬਾਅਦ ਨਾਇਬ ਸੈਣੀ ਬਣੇ ਮੁੱਖ ਮੰਤਰੀ

ਭਾਜਪਾ-ਜੇਜੇਪੀ ਗੱਠਜੋੜ ਦੇ ਅੰਤ ਤੋਂ ਬਾਅਦ ਮਨੋਹਰ ਲਾਲ ਖੱਟਰ ਨੇ ਅਸਤੀਫ਼ਾ ਦਿੱਤਾ ਜਿਸ ਤੋਂ ਬਾਅਦ ਕੁਰੂਕਸ਼ੇਤਰ ਦੇ ਸੰਸਦ ਮੈਂਬਰ ਨਾਇਬ ਸੈਣੀ ਨੂੰ ਹਰਿਆਣਾ ਦਾ ਨਵਾਂ ਮੁੱਖ ਮੰਤਰੀ ਬਣਾਇਆ ਗਿਆ। ਖੱਟਰ ਨੇ ਕਰਨਾਲ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੇ। ਜਦਕਿ ਸੈਣੀ ਨੇ ਕਰਨਾਲ ਤੋਂ ਵਿਧਾਨ ਸਭਾ ਚੋਣ ਲੜੀ ਅਤੇ ਜਿੱਤ ਪ੍ਰਾਪਤ ਕੀਤੀ। ਮਨੋਹਰ ਲਾਲ ਖੱਟਰ ਦਿੱਲੀ ਵਿੱਚ ਕੇਂਦਰ ਸਰਕਾਰ ਵਿੱਚ ਚਲੇ ਗਏ ਅਤੇ ਨਾਇਬ ਸੈਣੀ ਨੇ ਸੂਬੇ ਦੀ ਕਮਾਨ ਸੰਭਾਲੀ।

ਜੁਲਾਈ ਵਿੱਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਭਾਜਪਾ ਸਰਕਾਰ ਦੇ ਖ਼ਿਲਾਫ 'ਚਾਰਜਸ਼ੀਟ' ਲਾਂਚ ਕੀਤੀ। ਕਾਂਗਰਸ ਨੇ ਇਸ 'ਚਾਰਜਸ਼ੀਟ' ਵਿੱਚ ਭਾਜਪਾ ਉੱਤੇ ਮੁੱਖ ਮੁੱਦੇ ਜਿਵੇਂ ਕਿ ਬੇਰੁਜ਼ਗਾਰੀ ਅਤੇ ਅਮਨ-ਕਾਨੂੰਨ ਦੀ ਸਥਿਤੀ ਨਾਲ ਸਹੀ ਤਰੀਕੇ ਨਾਲ ਨਾ ਨਜਿੱਠਣ ਲਈ ਸਵਾਲ ਚੁੱਕੇ ਗਏ। ਕਾਂਗਰਸ ਨੇ ਵੱਲੋਂ ਸੂਬੇ ਵਿੱਚ 15 ਜੁਲਾਈ ਤੋਂ 'ਹਰਿਆਣਾ ਮੰਗੇ ਹਿਸਾਬ' ਨਾਮ ਦੀ ਮੁਹਿੰਮ ਵੀ ਚਲਾਈ ਗਈ। ਸਰਕਾਰ ਦੀਆਂ ਅਸਫਲਤਾਵਾਂ ਬਾਰੇ ਦੱਸਣ ਲਈ ਕਾਂਗਰਸ ਨੇਤਾ ਅਗਲੇ ਦੋ ਮਹੀਨਿਆਂ ਦੌਰਾਨ ਸਾਰੇ 90 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰਨ ਲਈ ਤਿਆਰ ਸਨ। ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁਹਿੰਮ ਦਾ ਮਕਸਦ ਸਰਕਾਰ ਦੀਆਂ ਕਮੀਆਂ ਦੱਸਣਾ ਅਤੇ ਪਾਰਟੀ ਦਾ ਚੋਣ ਮਨੋਰਥ ਪੱਤਰ ਤਿਆਰ ਕਰ ਲਈ ਜਨਤਾ ਦੀ ਰਾਇ ਲੈਣਾ ਹੈ। ਉਨ੍ਹਾਂ ਨੇ ਭਰੋਸਾ ਦਵਾਇਆ ਕਿ ਜੇਕਰ ਕਾਂਗਰਸ ਦੀ ਸਰਕਾਰ ਬਣੀ ਤਾਂ ਉਹ ਸਾਰੇ ਮਸਲੇ ਹੱਲ ਕਰਨਗੇ। ਕਾਂਗਰਸ ਨੇਤਾ ਉਦੈ ਭਾਨ ਨੇ ਕਿਹਾ ਕਿ ਉਨ੍ਹਾਂ ਦੀ ਚਾਰਜਸ਼ੀਟ ਵਿੱਚ ਵੱਖ-ਵੱਖ ਮੁੱਦਿਆਂ ਉੱਤੇ ਭਾਜਪਾ ਸਰਕਾਰ ਲਈ 15 ਸਵਾਲ ਹਨ। ਕਾਂਗਰਸ ਨੇ 'ਚਾਰਜਸ਼ੀਟ' ਵਿੱਚ ਕਿਹਾ ਕਿ ਸੂਬੇ ਵਿੱਚ ਲਗਭਗ 2 ਲੱਖ ਸਰਕਾਰੀ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਦਾਅਵਾ ਕੀਤਾ ਗਿਆ ਸਿੱਖਿਆ ਖੇਤਰ ਵਿੱਚ 60 ਹਜ਼ਾਰ ਅਤੇ ਪੁਲਿਸ ਅਤੇ ਸਿਹਤ ਖੇਤਰ ਵਿੱਚ 20 ਹਜ਼ਾਰ ਅਸਾਮੀਆਂ ਖਾਲੀ ਹਨ। ਕਾਂਗਰਸ ਵੱਲੋਂ ਭਾਜਪਾ ਸਰਕਾਰ ਨੂੰ ਸਕੈਮ ਅਤੇ ਪੇਪਰ ਲੀਕ ਮਾਮਲਿਆਂ ਲਈ ਵੀ ਜ਼ਿੰਮੇਵਾਰ ਠਹਿਰਾਇਆ ਗਿਆ। ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਉਦੈ ਭਾਨ ਨੇ ਇਲਜ਼ਾਮ ਲਾਇਆ ਕਿ ਹਰਿਆਣਾ ਅਸੁਰੱਖਿਅਤ ਬਣ ਗਿਆ ਹੈ। ਵੱਧਦੀ ਅਪਰਾਧ ਦਰ ਕਰਕੇ ,ਦਲਿਤਾਂ ਅਤੇ ਮਹਿਲਾਵਾਂ ਖ਼ਿਲਾਫ ਵਧਦੇ ਜੁਰਮ ਕਰਕੇ ਅਪਰਾਧ ਵਿੱਚ ਵਾਧਾ ਹੋਇਆ ਹੈ।

ਸੱਤਾਧਾਰੀ ਭਾਜਪਾ ਚੋਣ ਪ੍ਰਚਾਰ 'ਚ ਭ੍ਰਿਸ਼ਟਾਚਾਰ ਵਿਰੋਧੀ ਹੋਣ ਅਤੇ ਅਮਨ-ਕਾਨੂੰਨ ਦੇ ਮੁੱਦੇ 'ਤੇ ਜ਼ੋਰ ਦੇ ਰਹੀ ਹੈ। ਭਾਜਪਾ ਪਾਰਟੀ ਦਾ ਹਰ ਵੱਡਾ ਨੇਤਾ ਕਾਂਗਰਸ ਦੇ ਸ਼ਾਸਨ ਦੌਰਾਨ ਹੋਏ ਕਥਿਤ ਭ੍ਰਿਸ਼ਟਾਚਾਰ 'ਤੇ ਹਮਲਾ ਬੋਲ ਰਿਹਾ ਹੈ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਪੁੱਤਰ ਦੀਪੇਂਦਰ ਸਿੰਘ ਹੁੱਡਾ ਨੂੰ ਉੱਤੇ ਸਵਾਲ ਖੜੇ ਕਰ ਰਿਹਾ ਹੈ। ਮਨੋਹਰ ਲਾਲ ਖੱਟਰ ਦੀ ਥਾਂ 'ਤੇ ਨਾਇਬ ਸੈਣੀ ਨੂੰ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਭਾਜਪਾ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਵੋਟ ਬੈਂਕ 'ਤੇ ਵੀ ਨਿਰਭਰ ਕਰ ਰਹੀ ਹੈ। ਭਾਜਪਾ ਰਾਜ ਵਿੱਚ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਪਾਰਦਰਸ਼ੀ ਪ੍ਰਣਾਲੀ ਦਾ 'ਬਿਨਾਂ ਪਰਚੀ-ਬਿਨਾਂ ਖਰਚੀ' ਨਾਮ ਤਹਿਤ ਪ੍ਰਚਾਰ ਕਰ ਰਹੀ ਹੈ। ਹਰਿਆਣਾ ਵਿੱਚ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਅਤੇ ਕਾਂਗਰਸ ਨੇ ਕ੍ਰਮਵਾਰ 5-5 ਸੀਟਾਂ ਜਿੱਤੀਆਂ ਹਨ, ਜੋ ਇਸ ਗੱਲ ਦਾ ਸੰਕੇਤ ਹੈ ਕਿ ਭਾਜਪਾ ਲਈ ਇਹ ਚੋਣਾਂ ਅਸਾਨ ਨਹੀਂ ਹਨ। ਭਾਜਪਾ 2019 ਵਾਂਗ ਇਸ ਵਾਰ ਵੀ 10 ਵਿੱਚੋਂ 10 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਸੀ ਪਰ ਲੋਕ ਸਭਾ ਚੋਣਾਂ ਵਿੱਚ ਪੰਜ ਸੀਟਾਂ ਹਾਰ ਗਈ ਹੈ।




# ਹਲਕੇ 'ਚ ਨਾ ਲਓ ਪੇਟ ਦੀ ਸਮੱਸਿਆ

ਅੱਜ ਕੱਲ੍ਹ ਦਿਲ ਦੇ ਦੌਰੇ ਦੀ ਸਮੱਸਿਆ ਬਹੁਤ ਘੱਟ ਉਮਰ ਦੇ ਲੋਕਾਂ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਕਈ ਵਾਰ ਦਿਲ ਦਾ ਦੌਰਾ ਪੈਣ ਨਾਲ ਮੌਤ ਵੀ ਹੋ ਸਕਦੀ ਹੈ। ਇਸ ਬਿਮਾਰੀ ਪ੍ਰਤੀ ਸਾਰਿਆਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਅੱਜ ਦੀ ਬਦਲਦੀ ਜੀਵਨ ਸ਼ੈਲੀ ਹੈ। ਤੁਸੀਂ ਸਿਹਤਮੰਦ ਖੁਰਾਕ ਅਤੇ ਕਸਰਤ ਨਾਲ ਸਿਹਤਮੰਦ ਰਹਿ ਸਕਦੇ ਹੋ। ਕਿਹਾ ਜਾਂਦਾ ਹੈ ਕਿ ਹਰ ਰੋਜ਼ ਲਗਪਗ 18 ਮਿਲੀਅਨ ਲੋਕ ਦਿਲ ਦੇ ਦੌਰੇ ਕਾਰਨ ਮਰਦੇ ਹਨ। ਜੇਕਰ ਸਮੇਂ ਸਿਰ ਲੱਛਣਾਂ ਨੂੰ ਪਛਾਣ ਲਿਆ ਜਾਵੇ ਅਤੇ ਡਾਕਟਰ ਦੀ ਸਲਾਹ 'ਤੇ ਸਹੀ ਇਲਾਜ ਕੀਤਾ ਜਾਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ। ਦਿਲ ਦੇ ਦੌਰੇ ਦੇ ਕਈ ਲੱਛਣ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਬਹੁਤ ਆਮ ਸਮਝਦੇ ਹਾਂ। ਅੱਜ ਅਸੀਂ ਤੁਹਾਨੂੰ ਅਜਿਹੇ ਲੱਛਣਾਂ ਬਾਰੇ ਦੱਸਣ ਜਾ ਰਹੇ ਹਾਂ।

**ਵਾਰ-ਵਾਰ ਪਸੀਨਾ ਆਉਣਾ**

ਜੇਕਰ ਤੁਹਾਡੀਆਂ ਧਮਨੀਆਂ ਵਿੱਚ ਕਿਸੇ ਕਿਸਮ ਦੀ ਰੁਕਾਵਟ ਹੈ, ਤਾਂ ਪੂਰੇ ਸਰੀਰ ਨੂੰ ਖੂਨ ਦੀ ਸਪਲਾਈ



ਕਰਨ ਲਈ ਦਿਲ ਉੱਤੇ ਭਾਰ ਵਧ ਜਾਂਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਸਾਨੂੰ ਸਰੀਰ ਦੇ ਤਾਪਮਾਨ ਨੂੰ ਹੇਠਾਂ ਰੱਖਣ ਲਈ ਪਸੀਨੇ ਦਾ ਸਹਾਰਾ ਲੈਣਾ ਪੈਂਦਾ ਹੈ। ਜੇਕਰ ਤੁਹਾਨੂੰ ਰਾਤ ਨੂੰ ਸੌਂਦੇ ਸਮੇਂ ਜਾਂ ਸਵੇਰੇ ਉੱਠਦੇ ਹੀ ਪਸੀਨਾ ਆਉਣ ਲੱਗਦਾ ਹੈ ਤਾਂ ਤੁਹਾਨੂੰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

**ਪਾਚਨ ਵਿੱਚ ਮੁਸ਼ਕਲ**

ਜਦੋਂ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਹੁੰਦੀ ਹੈ, ਤਾਂ ਮਤਲੀ ਦੇ ਨਾਲ-ਨਾਲ ਹਲਕੀ ਪਾਚਨ ਸਮੱਸਿਆਵਾਂ ਅਤੇ ਗੈਸਟਰੋ ਸੰਬੰਧੀ ਸਮੱਸਿਆਵਾਂ ਹੋਣ ਲੱਗਦੀਆਂ ਹਨ। ਅਜਿਹੀ ਸਥਿਤੀ ਵਿੱਚ, ਇਹ ਜ਼ਰੂਰੀ ਹੈ ਕਿ ਜੇਕਰ ਤੁਸੀਂ ਹਲਕੇ ਲੱਛਣ ਵੀ ਦੇਖਦੇ ਹੋ, ਤਾਂ ਤੁਹਾਨੂੰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ। ਬਜ਼ੁਰਗਾਂ ਨੂੰ ਅਕਸਰ ਪਾਚਨ ਨਾਲ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਛਾਤੀ 'ਚ ਜਲਨ ਜਾਂ ਭੋਜਨ ਨਾਲ ਜੁੜੀ ਕੋਈ ਸਮੱਸਿਆ, ਦਿਲ ਦੇ ਦੌਰੇ ਦੇ ਇਨ੍ਹਾਂ ਸੰਕੇਤਾਂ ਨੂੰ ਨਜ਼ਰਅੰਦਾਜ਼ ਨਾ ਕਰੋ।

**ਉਲਟੀ ਦੇ ਨਾਲ ਪੇਟ ਦਰਦ**

ਦਿਲ ਦੇ ਦੌਰੇ ਦੇ ਲੱਛਣਾਂ ਵਿੱਚ ਪੇਟ ਦਰਦ ਦੇ ਨਾਲ-ਨਾਲ ਮਤਲੀ ਵੀ ਸ਼ਾਮਲ ਹੈ। ਕੁਝ ਲੋਕਾਂ ਨੂੰ ਉਲਟੀ ਵੀ ਆਉਂਦੀ ਹੈ। ਜਦੋਂ ਤੁਸੀਂ ਉਲਟੀ ਕਰਦੇ ਹੋ, ਤਾਂ ਪੇਟ ਵਿੱਚ ਮੌਜੂਦ ਹਰ ਚੀਜ਼ ਫੂਡ ਪਾਈਪ ਰਾਹੀਂ ਤੇਜ਼ੀ ਨਾਲ ਮੂੰਹ ਵਿੱਚੋਂ ਬਾਹਰ ਨਿਕਲ ਜਾਂਦੀ ਹੈ। ਇਹ ਸਹੀ ਨਹੀਂ ਮੰਨਿਆ ਜਾਂਦਾ ਹੈ। ਅਜਿਹੇ 'ਚ ਡਾਕਟਰ ਦੀ ਸਲਾਹ ਜ਼ਰੂਰ ਲਓ। ਇਨ੍ਹਾਂ ਲੱਛਣਾਂ ਨੂੰ ਫਲੂ ਜਾਂ ਵਾਇਰਲ ਸਮਝ ਕੇ ਅਣਡਿੱਠ ਕਰ ਦਿੱਤਾ ਜਾਂਦਾ ਹੈ, ਪਰ ਇਹ ਵੀ ਦਿਲ ਦੇ ਦੌਰੇ ਦੇ ਲੱਛਣਾਂ ਵਿੱਚੋਂ ਇੱਕ ਹੈ।

**ਦਿਲ ਦੇ ਦੌਰੇ ਦੇ ਆਮ ਲੱਛਣ**

ਦਿਲ ਦੇ ਦੌਰੇ ਦੇ ਸਭ ਤੋਂ ਆਮ ਲੱਛਣ ਛਾਤੀ ਵਿੱਚ ਦਰਦ ਅਤੇ ਅਚਾਨਕ ਬੇਚੈਨੀ ਮਹਿਸੂਸ ਕਰਦੇ ਹਨ। ਜੇਕਰ ਤੁਸੀਂ ਆਪਣੀ ਛਾਤੀ ਵਿੱਚ ਮਾਮੂਲੀ ਦਬਾਅ, ਜਕੜਨ ਜਾਂ ਭਾਰੀਪਨ ਮਹਿਸੂਸ ਕਰਦੇ ਹੋ, ਤਾਂ ਤੁਰੰਤ ਡਾਕਟਰ ਦੀ ਸਲਾਹ ਲਓ। ਕੁਝ ਲੋਕ ਦਰਦ ਮਹਿਸੂਸ ਕਰਦੇ ਹਨ, ਪਰ ਫਿਰ ਵੀ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ।

ਜੇਕਰ ਤੁਹਾਨੂੰ ਆਪਣੇ ਖੱਬੇ ਤੋਂ ਸੱਜੇ ਹੱਥ, ਗਰਦਨ, ਜਬਾੜੇ, ਪਿੱਠ ਅਤੇ ਪੇਟ ਤੱਕ ਦਰਦ ਹੋਣ ਲੱਗਦਾ ਹੈ, ਤਾਂ ਤੁਹਾਨੂੰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਚੱਕਰ ਆਉਣਾ ਜਾਂ ਸਾਹ ਲੈਣ ਵਿੱਚ ਤਕਲੀਫ਼ ਹੋਣਾ ਵੀ ਦਿਲ ਦੇ ਦੌਰੇ ਦੇ ਲੱਛਣ ਹਨ।

ਨੋਟ- ਇਹ ਲੇਖ ਆਮ ਜਾਣਕਾਰੀ ਦੇ ਆਧਾਰ 'ਤੇ ਲਿਖਿਆ ਗਿਆ ਹੈ। ਵਧੇਰੇ ਜਾਣਕਾਰੀ ਲਈ ਹਮੇਸ਼ਾ ਡਾਕਟਰਾਂ ਨਾਲ ਸਲਾਹ ਕਰੋ।

# ਫੈਟੀ ਲਿਵਰ ਦੇ ਮਰੀਜ਼ ਭੁੱਲ ਕੇ ਵੀ ਨਾ ਪੀਣ ਕੁਝ ਡ੍ਰਿੰਕਸ

ਫੈਟੀ ਲਿਵਰ ਲੋਕਾਂ ਦੀ ਖਰਾਬ ਜੀਵਨਸ਼ੈਲੀ ਦਾ ਨਤੀਜਾ ਹੈ। ਖਾਣ-ਪੀਣ ਤੇ ਰਹਿਣ-ਸਹਿਣ ਨਾਲ ਜੁੜੀਆਂ ਮਾੜੀਆਂ ਆਦਤਾਂ ਲਿਵਰ ਲਈ ਬਹੁਤ ਨੁਕਸਾਨਦੇਹ ਸਾਬਤ ਹੁੰਦੀਆਂ ਹਨ। ਕੀ ਤੁਸੀਂ ਜਾਣਦੇ ਹੋ ਕਿ ਕੁਝ ਅਜਿਹੇ ਡ੍ਰਿੰਕਸ ਹਨ ਜਿਨ੍ਹਾਂ ਨੂੰ ਤੁਸੀਂ ਬਹੁਤ ਚਾਅ ਨਾਲ ਪੀਂਦੇ ਹੋ ਤੇ ਜਾਣੇ-ਅਣਜਾਣੇ ਉਹ ਫੈਟੀ ਲਿਵਰ ਦੀ ਸਮੱਸਿਆ ਨੂੰ ਵਧਾ ਦਿੰਦੇ ਹਨ। ਜੇਕਰ ਨਹੀਂ ਤਾਂ ਇਸ ਲੇਖ 'ਚ ਅਸੀਂ 5 ਅਜਿਹੇ ਡ੍ਰਿੰਕਸ ਬਾਰੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਦੇ ਸੇਵਨ ਨਾਲ ਲਿਵਰ ਦੀਆਂ ਕੋਸ਼ਿਕਾਵਾਂ 'ਚ ਵਾਧੂ ਜਾਂ ਫਿਰ ਅਨਵਾਂਟੇਡ ਫੈਟ ਦੀ ਮਾਤਰਾ ਵਧ ਜਾਂਦੀ ਹੈ।



ਇਸ ਸਬੰਧੀ ਆਲ ਇੰਡੀਆ ਮੋਟਰ ਐਂਡ ਗੁਡਜ਼ ਟਰਾਂਸਪੋਰਟ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਕਪੂਰ ਨੇ ਉਪ ਰਾਜਪਾਲ ਅਤੇ ਦਿੱਲੀ ਪੁਲਿਸ ਕਮਿਸ਼ਨਰ ਦੇ ਨਾਲ-ਨਾਲ ਹੋਰ ਪੁਲਿਸ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਅਸੀਂ ਇਕ ਮਾਣਮੱਤੇ ਨਾਗਰਿਕ ਦੇ ਰੂਪ 'ਚ ਆਪਣੇ ਦੇਸ਼ ਦੇ ਆਜ਼ਾਦੀ ਦਿਵਸ ਦੇ ਸਾਲਾਨਾ ਸਮਾਗਮ 'ਤੇ ਮਾਣ ਕਰਦੇ ਹਾਂ ਜਿਸ ਨੂੰ ਪ੍ਰਧਾਨ ਮੰਤਰੀ ਵੱਲੋਂ ਇਤਿਹਾਸਕ ਲਾਲ ਕਿਲ੍ਹੇ ਤੋਂ ਤਿਰੰਗਾ ਲਹਿਰਾ ਕੇ ਮਨਾਇਆ ਜਾਂਦਾ ਹੈ। ਇਹ ਦਿਨ ਸਾਡੀ ਏਕਤਾ ਤੇ ਆਜ਼ਾਦੀ ਦਾ ਪ੍ਰਤੀਕ ਹੈ ਤੇ ਅਸੀਂ ਇਨ੍ਹਾਂ ਸਮਾਗਮਾਂ ਦੌਰਾਨ ਸੁਰੱਖਿਆ ਦੀ ਜ਼ਰੂਰਤ ਨੂੰ ਸਮਝਦੇ ਹਾਂ।

**ਸੋਡਾ ਅਤੇ ਸਾਫਟ ਡ੍ਰਿੰਕਸ-** ਫੈਟੀ ਲਿਵਰ ਦੀ ਸਮੱਸਿਆ ਦੇ ਮਾਮਲੇ 'ਚ ਤੁਹਾਨੂੰ ਅਜਿਹੇ ਡ੍ਰਿੰਕਸ ਦਾ ਸੇਵਨ ਨਹੀਂ ਕਰਨਾ ਚਾਹੀਦਾ ਜਿਸ ਵਿਚ ਰਿਫਾਇੰਡ ਸ਼ੂਗਰ ਜਾਂ ਫਰੁਕਟੋਜ਼ ਭਾਰੀ ਮਾਤਰਾ 'ਚ ਪਾਇਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਡਾਕਟਰ ਅਜਿਹੇ ਮਰੀਜ਼ਾਂ ਨੂੰ ਸੋਡਾ ਜਾਂ ਕੋਲਡ ਡ੍ਰਿੰਕ ਪੀਣ ਤੋਂ ਵਰਜਦੇ ਹਨ।

**ਫਰੂਟ ਜੂਸ-** ਜੇਕਰ ਤੁਸੀਂ ਫੈਟੀ ਲਿਵਰ ਨਾਲ ਜੂਝ ਰਹੇ ਹੋ ਤਾਂ ਤੁਸੀਂ ਤਾਜ਼ੇ ਫਲਾਂ ਦਾ ਸੇਵਨ ਕਰ ਸਕਦੇ ਹੋ, ਪਰ ਇਨ੍ਹਾਂ ਦਾ ਜੂਸ ਪੀਣਾ ਲਿਵਰ ਲਈ ਚੰਗਾ ਨਹੀਂ ਹੁੰਦਾ। ਇਹ ਲਿਵਰ 'ਚ ਫੈਟ ਦੀ ਮਾਤਰਾ ਨੂੰ ਵਧਾਉਂਦਾ ਹੈ ਅਤੇ ਤੁਹਾਨੂੰ ਨਾਨ-ਅਲਕੋਹਲਿਕ ਫੈਟੀ ਲਿਵਰ ਡਿਜ਼ੀਜ਼ ਦਾ ਮਰੀਜ਼ ਬਣਾ ਸਕਦਾ ਹੈ। ਵਜ੍ਹਾ ਹੈ ਇਨ੍ਹਾਂ ਜੂਸ ਵਿਚ ਮੌਜੂਦ ਫਰੂਕਟੋਜ਼ ਦੀ ਮਾਤਰਾ।

**ਚਾਹ-ਕੌਫੀ-** ਫੈਟੀ ਲਿਵਰ ਦੇ ਮਰੀਜ਼ਾਂ ਨੂੰ ਚਾਹ ਅਤੇ ਕੌਫੀ ਨੂੰ ਵੀ ਆਪਣੀ ਖੁਰਾਕ 'ਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਦਾ ਲਿਵਰ 'ਤੇ ਬੁਰਾ ਅਸਰ ਪੈਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਫੈਟੀ ਲਿਵਰ ਦੇ ਮਾਮਲੇ 'ਚ ਕੈਫੀਨ ਯੁਕਤ ਪੀਣ ਵਾਲੇ ਪਦਾਰਥ ਲਿਵਰ ਨੂੰ ਵੀ ਕਮਜ਼ੋਰ ਕਰ ਦਿੰਦੇ ਹਨ। ਇਸ ਦੀ ਬਜਾਏ ਤੁਸੀਂ ਹਰਬਲ-ਟੀ ਪੀ ਸਕਦੇ ਹੋ।

**ਬੀਅਰ-** ਹਾਲਾਂਕਿ ਇਸ ਵਿਚ ਅਲਕੋਹਲ ਦੀ ਮਾਤਰਾ ਸ਼ਰਾਬ ਨਾਲੋਂ ਘੱਟ ਹੁੰਦੀ ਹੈ, ਇਸਦਾ ਮਤਲਬ ਇਹ ਨਹੀਂ ਹੈ ਕਿ ਜੇਕਰ ਤੁਹਾਨੂੰ ਫੈਟੀ ਲਿਵਰ ਦੀ ਸਮੱਸਿਆ ਹੈ ਤਾਂ ਤੁਸੀਂ ਇਸਦਾ ਸੇਵਨ ਕਰ ਸਕਦੇ ਹੋ। ਤੁਹਾਨੂੰ ਦੱਸ ਦੇਈਏ ਕਿ ਇਸ ਵਿਚ ਮੌਜੂਦ ਕੈਲੋਰੀ ਦੀ ਮਾਤਰਾ ਹੈਮਬਰਗਰ ਨਾਲੋਂ ਜ਼ਿਆਦਾ ਹੁੰਦੀ ਹੈ। ਅਜਿਹੇ 'ਚ ਜੇਕਰ ਤੁਸੀਂ ਬਹੁਤ ਜ਼ਿਆਦਾ ਬੀਅਰ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਲਿਵਰ ਨੂੰ ਨੁਕਸਾਨ ਹੋ ਸਕਦਾ ਹੈ।

**ਫਲੇਵਰਡ ਵਾਟਰ-** ਕਿਸੇ ਵੀ ਤਰ੍ਹਾਂ ਦਾ ਫਲੇਵਰਡ ਵਾਟਰ ਫੈਟੀ ਲਿਵਰ ਦੀ ਸਮੱਸਿਆ ਨੂੰ ਹੋਰ ਵਧਾਉਂਦਾ ਹੈ। ਜੇਕਰ ਤੁਸੀਂ ਵੀ ਇਸ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਗਲਤੀ ਨਾਲ ਵੀ ਫਲੇਵਰਡ ਪਾਣੀ ਦਾ ਸੇਵਨ ਨਾ ਕਰੋ ਕਿਉਂਕਿ ਇਸ ਨੂੰ ਬਣਾਉਣ ਲਈ ਆਰਟੀਫੀਸ਼ੀਅਲ ਕਲਰ ਅਤੇ ਜ਼ਿਆਦਾ ਖੰਡ ਦੀ ਵਰਤੋਂ ਕੀਤੀ ਜਾਂਦੀ ਹੈ।

# ਬਿਨਾਂ ਧੋਤੇ ਫਲ ਤੇ ਸਬਜ਼ੀਆਂ ਦੀ ਵਰਤੋਂ ਕਰਨਾ ਸਿਹਤ ਲਈ ਹੋ ਸਕਦੈ ਖਤਰਨਾਕ

ਅਸੀਂ ਸਾਰੇ ਜਾਣਦੇ ਹਾਂ ਕਿ ਬਗੀਚੇ ਜਾਂ ਦੁਕਾਨ ਤੋਂ ਫਲ ਤੇ ਸਬਜ਼ੀਆਂ ਖਰੀਦਣ ਤੋਂ ਬਾਅਦ ਉਨ੍ਹਾਂ ਨੂੰ ਚੰਗੀ ਤਰ੍ਹਾਂ ਧੋ ਕੇ ਵਰਤਣਾ ਚਾਹੀਦਾ ਹੈ ਪਰ ਇਨ੍ਹਾਂ ਨੂੰ ਧੋਣ ਦਾ ਸਹੀ ਤਰੀਕਾ ਬਹੁਤ ਘੱਟ ਲੋਕ ਜਾਣਦੇ ਹਨ। ਖੁਰਾਕ ਮਾਹਿਰਾਂ ਦਾ ਕਹਿਣਾ ਹੈ ਕਿ ਫਲਾਂ ਤੇ ਸਬਜ਼ੀਆਂ ਨੂੰ ਖਾਣ ਜਾਂ ਤਿਆਰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਧੋਣ ਨਾਲ ਇਨ੍ਹਾਂ 'ਚੋਂ ਗੰਦਗੀ ਦੂਰ ਹੋ ਜਾਂਦੀ ਹੈ ਤੇ ਕਈ ਬਿਮਾਰੀਆਂ ਦਾ ਖਤਰਾ ਵੀ ਘੱਟ ਜਾਂਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਖੇਤਾਂ ਤੋਂ ਸਾਡੀ ਰਸੋਈ ਤੱਕ ਪਹੁੰਚਣ ਵਾਲੀਆਂ ਸਬਜ਼ੀਆਂ ਅਤੇ ਫਲ ਕਈ ਤਰ੍ਹਾਂ ਦੇ ਰੋਗਾਣੂਆਂ ਨਾਲ ਦੂਸ਼ਿਤ ਹੋ ਸਕਦੇ ਹਨ ਜਿਨ੍ਹਾਂ ਵਿੱਚ ਲਿਸਟੀਰੀਆ, ਈ। ਕੋਲੀ, ਸਾਲਮੋਨੇਲਾ ਦੇ ਨਾਲ-ਨਾਲ ਹੈਪੇਟਾਈਟਸ ਏ ਅਤੇ ਨੋਰੋਵਾਇਰਸ ਸ਼ਾਮਲ ਹਨ। ਉਹਨਾਂ ਨੂੰ ਹਟਾਉਣ ਲਈ, ਠੰਡੇ ਅਤੇ ਸਾਫ਼ ਪਾਣੀ ਨਾਲ ਧੋਵੋ। ਇਨ੍ਹਾਂ ਕੀਟਾਣੂਆਂ ਨੂੰ ਚੱਲਦੇ ਪਾਣੀ ਨਾਲ ਆਸਾਨੀ ਨਾਲ ਸਾਫ਼ ਕੀਤਾ ਜਾ ਸਕਦਾ ਹੈ।

**ਫਲਾਂ ਤੇ ਸਬਜ਼ੀਆਂ ਨੂੰ ਧੋਣ ਲਈ ਇਨ੍ਹਾਂ ਟਿਪਸ ਨੂੰ ਅਪਣਾਓ**

ਸਬਜ਼ੀਆਂ ਤੇ ਫਲਾਂ ਨੂੰ ਧੋਣ ਲਈ ਇੱਕ ਵੱਡਾ ਭਾਂਡਾ ਲਓ। ਇਸ ਵਿਚ ਪਾਣੀ ਮਿਲਾ ਕੇ ਫਲਾਂ ਅਤੇ ਸਬਜ਼ੀਆਂ ਨੂੰ ਦੋ ਤੋਂ ਪੰਜ ਮਿੰਟ ਲਈ ਛੱਡ ਦਿਓ। ਇੱਕ ਖੋਜ ਵਿੱਚ ਪਾਇਆ ਗਿਆ ਹੈ ਕਿ ਫਲਾਂ ਅਤੇ ਸਬਜ਼ੀਆਂ ਨੂੰ ਧੋਣ ਤੋਂ ਪਹਿਲਾਂ ਭਿੱਜਣ ਨਾਲ ਉਨ੍ਹਾਂ ਵਿੱਚ ਬੈਕਟੀਰੀਆ ਦੀ ਗਿਣਤੀ ਕਾਫ਼ੀ ਘੱਟ ਜਾਂਦੀ ਹੈ। ਫਿਰ ਟੂਟੀ ਨੂੰ ਚਾਲੂ ਕਰੋ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਰਗੜ ਕੇ ਸਾਫ਼ ਕਰੋ। ਇਸ ਨਾਲ ਉਨ੍ਹਾਂ 'ਚੋਂ ਬੈਕਟੀਰੀਆ ਅਤੇ ਫੰਗਸ ਆਸਾਨੀ ਨਾਲ ਦੂਰ ਹੋ ਜਾਂਦੇ ਹਨ। ਇਨ੍ਹਾਂ ਨੂੰ ਪਹਿਲਾਂ ਧੋ ਕੇ ਨਾ ਰੱਖੋ, ਸਗੋਂ ਵਰਤੋਂ ਤੋਂ ਪਹਿਲਾਂ ਹੀ ਧੋਵੋ। ਇਨ੍ਹਾਂ ਨੂੰ ਪਹਿਲਾਂ ਧੋਣ ਨਾਲ ਉਨ੍ਹਾਂ 'ਤੇ ਦੁਬਾਰਾ ਗੰਦਗੀ ਜਮ੍ਹਾ ਹੋ ਜਾਂਦੀ ਹੈ ਅਤੇ ਨਮੀ ਕਾਰਨ ਇਹ ਜਲਦੀ ਖਰਾਬ ਵੀ ਹੋ ਜਾਂਦੇ ਹਨ।

**ਫਲ ਤੇ ਸਬਜ਼ੀਆਂ ਨੂੰ ਇਸ ਤਰ੍ਹਾਂ ਕਰੋ ਸਟੋਰ**

ਫਲਾਂ ਅਤੇ ਸਬਜ਼ੀਆਂ ਨੂੰ ਸਟੋਰ ਕਰਨ ਲਈ, ਉਹਨਾਂ ਨੂੰ ਚੰਗੀ ਤਰ੍ਹਾਂ ਸੁਕਾਓ। ਭਾਵ ਜੇ ਮੀਂਹ ਜਾਂ ਕਿਸੇ ਹੋਰ ਕਾਰਨ ਸਬਜ਼ੀਆਂ ਗਿੱਲੀਆਂ ਹੋ ਗਈਆਂ ਹਨ ਤਾਂ ਪਹਿਲਾਂ ਉਨ੍ਹਾਂ ਦਾ ਪਾਣੀ ਸੁਕਾ ਲਓ। ਇਨ੍ਹਾਂ ਨੂੰ ਕਾਗਜ਼ ਦੇ ਤੌਲੀਏ 'ਤੇ ਰੱਖੋ ਅਤੇ ਇਸ ਨਾਲ ਪੂੰਝੋ।

# ਬੱਚਿਆਂ ਦੇ ਸਹੀ ਵਿਕਾਸ ਲਈ ਬੇਹੱਦ ਜ਼ਰੂਰੀ ਹੈ ਕੈਲਸ਼ੀਅਮ

ਮਨੁੱਖੀ ਸਰੀਰ ਦੇ ਸਹੀ ਵਿਕਾਸ ਲਈ ਸਰੀਰ 'ਚ ਸਾਰੇ ਪੌਸ਼ਟਿਕ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੌਸ਼ਟਿਕ ਤੱਤ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੁੰਦੇ ਹਨ। ਕੈਲਸ਼ੀਅਮ ਇਨ੍ਹਾਂ ਜ਼ਰੂਰੀ ਤੱਤਾਂ 'ਚੋਂ ਇਕ ਹੈ ਜੋ ਦੰਦਾਂ, ਹੱਡੀਆਂ ਤੇ ਮਾਸਪੇਸ਼ੀਆਂ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਇਹੀ ਵਜ੍ਹਾ ਹੈ ਕਿ ਕੈਲਸ਼ੀਅਮ ਦੀ ਘਾਟ ਤੋਂ ਬਚਣ ਲਈ ਲੋਕ ਬੱਚਿਆਂ ਨੂੰ ਗਾਂ ਦਾ ਦੁੱਧ ਪਿਲਾਉਂਦੇ ਹਨ। ਹਾਲਾਂਕਿ, ਇਸ ਦੀ ਜ਼ਿਆਦਾ ਮਾਤਰਾ ਹਾਨੀਕਾਰਕ ਹੈ ਤੇ ਅਨੀਮੀਆ ਅਤੇ ਕਬਜ਼ ਦਾ ਕਾਰਨ ਬਣ ਸਕਦੀ ਹੈ।

ਇਸ ਲਈ ਬੱਚਿਆਂ ਨੂੰ ਕੈਲਸ਼ੀਅਮ ਦੀ ਸੀਮਤ ਮਾਤਰਾ ਹੀ ਦਿੱਤੀ ਜਾਣੀ ਚਾਹੀਦੀ ਹੈ। ਛੋਟੇ ਬੱਚਿਆਂ ਨੂੰ ਵੱਧ ਤੋਂ ਵੱਧ ਦੋ ਤੋਂ ਤਿੰਨ ਕੱਪ ਦੁੱਧ ਦੇਣ ਨਾਲ ਉਨ੍ਹਾਂ ਦੀ ਕੈਲਸ਼ੀਅਮ ਦੀ ਜ਼ਰੂਰਤ ਪੂਰੀ ਕੀਤੀ ਜਾ ਸਕਦੀ ਹੈ, ਪਰ ਜੇਕਰ ਤੁਸੀਂ ਅਜਿਹਾ ਨਹੀਂ ਕਰ ਪਾਉਂਦੇ ਤਾਂ ਇਸ ਨਾਲ ਇਸ ਪੋਸ਼ਕ ਤੱਤ ਦੀ ਕਮੀ ਹੋ ਸਕਦੀ ਹੈ, ਜੋ ਬੱਚਿਆਂ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਅਜਿਹੇ 'ਚ ਸਰੀਰ 'ਚ ਇਸ ਦੀ ਘਾਟ ਨੂੰ ਕੁਝ ਲੱਛਣਾਂ ਦੀ ਮਦਦ ਨਾਲ ਪਛ-'ਣਿਆ ਜਾ ਸਕਦਾ ਹੈ।

**ਬੱਚਿਆਂ 'ਚ ਕੈਲਸ਼ੀਅਮ ਦੀ ਘਾਟ ਦੇ ਲੱਛਣ-**

ਆਮ ਵਿਕਾਸ 'ਚ ਦੇਰੀ
ਚੱਲਣ ਵਿੱਚ ਦੇਰੀ
ਕਮਜ਼ੋਰ ਨਹੁੰ
ਕਮਜ਼ੋਰ ਹੱਡੀਆਂ, ਜਿਸ ਨਾਲ ਫ੍ਰੈਕਚਰ ਦਾ ਜੋਖ਼ਮ ਵਧ ਜਾਂਦਾ ਹੈ
ਘੱਟ ਐਨਰਜੀ ਲੈਵਲ
ਬੋਨ ਹਾਈਪੋਪਲੇਸੀਆ



ਮਾਸਪੇਸ਼ੀਆਂ 'ਚ ਦਰਦ
ਮੱਥੇ ਦਾ ਉਭਰਨਾ
ਅਸਧਾਰਨ ਸ਼ੇਪ ਦੀ ਸਪਾਈਨ
ਪੈਰ ਧਨੁੱਸ਼ ਵਾਂਗ ਮੁੜੇ, ਜਿਸ ਨੂੰ ਬੋ ਲੈਂਗਸ ਵੀ ਕਹਿੰਦੇ ਹਨ
ਭੁੱਖ ਨਾ ਲੱਗਣੀ
ਚਿੜਚਿੜਾਪਨ
ਕਮਜ਼ੋਰੀ
ਇਨਸੌਮਨੀਆ

**ਕੈਲਸ਼ੀਅਮ ਦੀ ਘਾਟ ਦੂਰ ਕਰਨ ਦੇ ਉਪਾਅ-**

ਜੇਕਰ ਬੱਚੇ 'ਚ ਅਜਿਹੇ ਕੋਈ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਦੀ ਸਲਾਹ ਲਓ। ਉਨ੍ਹਾਂ ਦੇ ਨਿ-ਰਦੇਸ਼ਾਂ ਅਨੁਸਾਰ ਸਪਲੀਮੈਂਟਸ ਦਿਓ।

ਇਸ ਤੋਂ ਇਲਾਵਾ ਬੱਚੇ ਨੂੰ ਲੋੜੀਂਦੀ ਮਾਤਰਾ 'ਚ ਦੁੱਧ ਦਿਓ। ਜੇਕਰ ਬੱਚਾ ਇਸ ਤੋਂ ਦੂਰ ਭੱਜਦਾ ਹੈ ਤਾਂ ਦੁੱਧ ਦੀ ਬਜਾਏ ਪਨੀਰ, ਦਹੀਂ, ਮੱਖਣ, ਰਬੜੀ ਜਾਂ ਹੋਰ ਡੇਅਰੀ ਉਤਪਾਦ ਦੇ ਸਕਦੇ ਹੋ।

ਜੇਕਰ ਬੱਚਾ ਲੈਕਟੋਜ਼ ਅਸਹਿਣਸ਼ੀਲ ਹੈ ਤਾਂ ਉਸਨੂੰ ਹਰੀਆਂ ਪੱਤੇਦਾਰ ਸਬਜ਼ੀਆਂ, ਬ੍ਰੋਕਲੀ, ਟੋਫੂ, ਚਿਆ ਬੀਜ, ਓਟਮੀਲ ਵਰਗੀਆਂ ਖੁਰਾਕੀ ਚੀਜ਼ਾਂ ਦਿਓ। ਇਨ੍ਹਾਂ ਤੋਂ ਵੀ ਕੈਲਸ਼ੀਅਮ ਪ੍ਰਾਪਤ ਕਰਨਾ ਪੂਰੀ ਤਰ੍ਹਾਂ ਸੰਭਵ ਹੈ।

ਜ਼ਰੂਰੀ ਨਹੀਂ ਹੈ ਕਿ ਦੁੱਧ ਹੀ ਕੈਲਸ਼ੀਅਮ ਦੀ ਸਪਲਾਈ ਕਰਦਾ ਹੈ। ਇਸ ਲਈ ਜਿੰਨਾ ਹੋ ਸਕੇ ਬੱਚੇ ਨੂੰ ਕੈਲਸ਼ੀਅਮ ਦੇ ਸਰੋਤਾਂ ਨੂੰ ਆਪਣੇ ਤਰੀਕੇ ਨਾਲ ਖੁਆਓ ਕਿਉਂਕਿ ਛੋਟੇ ਬੱਚੇ ਪਿਕੀ ਈਟਰ ਹੁੰਦੇ ਹਨ ਤੇ ਉਹ ਅਜਿਹੀਆਂ ਸਿਹਤਮੰਦ ਚੀਜ਼ਾਂ ਖਾਣ ਤੋਂ ਝਿਜਕਦੇ ਹਨ।

ਪਨੀਰ ਸੈਂਡਵਿਚ, ਪਨੀਰ ਬਾਈਟਸ, ਪਾਲਕ ਕੌਰਨ, ਚੀਆ ਸੀਡਜ਼ ਨਾਲ ਸਮੂਦੀ ਸ਼ੇਕ ਵਰਗੇ ਕਈ ਵਿਕਲਪ ਹਨ, ਜਿਸ ਰਾਹੀਂ ਬੱਚੇ ਆਸਾਨੀ ਨਾਲ ਕੈਲਸ਼ੀਅਮ ਲੈ ਸਕਦੇ ਹਨ।

ਮਾਂ ਬੋਲੀ ਨੂੰ ਸਮਰਪਿਤ

# ਪਰਦੇਸ ਟਾਇਮਜ਼

## PARDES TIMES

www.pardestimes.com

## 19ਵੀ ਵਰ੍ਹੇਗੰਢ, ਸ਼ਨਿਚਰਵਾਰ, ਸਤੰਬਰ 21, 2024 ਨੂੰ

### ਸੱਜਣਾਂ, ਮਿੱਤਰਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ

**at RAJA INDIAN CUISINE, 1275 W WINTON AVE HAYWARD, CA 94545**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**Balbir Singh M.A.**
Editor-In-Chief
510-938-7771
info@Pardestimes.com

**Parampal Singh**
Marketing Manager
510-409-7006

**Prop:- Jaspal Singh Saini**
Publication Director
408-393-9505

**Raj Budwal**
Media Partner/Representative
408-835-0202

**Buta Ram Joshi**
Correspondence- Fresno
559-803-0055

**DIRECTIONS**

From Fremont-Sanjose
Take 880 North to Oakland
Exit Winton Ave (West)
Make left and cross Hesperian BLVD

ਕੇਵਲ ਸੱਦਾ ਪੱਤਰ ਰਾਹੀਂ
510-938-7771

**NANAK FOOD & GROCERY HATT**

Your Neighborhood Indian Food Market

We Carry All Brands Quality Food Items,
Vegetables,
Spices, Frozen Food,
Ready-To-Eat
And Dairy



SPECIAL OFFER
10% OFF
Limited Time Only

With the Purchase of
$ 100 or more

1625 A ST . ANTIOCH. CA 94509
TEL: 925-799-1313

ਪੰਜਾਬੀ ਭਰਾਵਾਂ
ਦੀ ਦੁਕਾਨ